@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ
# Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Saturday, 25 April 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 25 ਅਪ੍ਰੈਲ 2026, 12 ਵੈਸਾਖ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 170, qpatrika@gmail.com ਫੋਨ : 9971359517 www.qaumipatrika.org

## ਉੱਤਰ ਪ੍ਰਦੇਸ਼ ਬੋਰਡ ਨਤੀਜਿਆਂ ’ਚ ਕੁੜੀਆਂ ਨੇ ਮਾਰੀ ਬਾਜ਼ੀ

ਨੈਸ਼ਨਲ ਡੈਸਕ 24 ਅਪ੍ਰੈਲ। ਉੱਤਰ ਪ੍ਰਦੇਸ਼ ਸੈਕੰਡਰੀ ਸਿੱਖਿਆ ਬੋਰਡ ਵੱਲੋਂ ਵੀਰਵਾਰ ਨੂੰ 10ਵੀਂ (ਹਾਈ ਸਕੂਲ) ਅਤੇ 12ਵੀਂ (ਇੰਟਰਮੀਡੀਏਟ) ਜਮਾਤਾਂ ਦੇ ਨਤੀਜੇ ਐਲਾਨੇ ਗਏ ਹਨ, ਜਿਨ੍ਹਾਂ ਵਿੱਚ ਕੁੜੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਬਾਜ਼ੀ ਮਾਰੀ ਹੈ। ਸਿੱਖਿਆ ਡਾਇਰੈਕਟਰ (ਸੈਕੰਡਰੀ) ਮਹਿੰਦਰ ਦੇਵ ਨੇ ਦੱਸਿਆ ਕਿ ਦੋਵਾਂ ਜਮਾਤਾਂ ਦੀਆਂ ਪ੍ਰੀਖਿਆਵਾਂ ਵਿੱਚ ਪਹਿਲੇ ਤਿੰਨ ਸਥਾਨਾਂ ’ਤੇ ਲੜਕੀਆਂ ਦਾ ਹੀ ਕਬਜ਼ਾ ਰਿਹਾ ਹੈ।

**10ਵੀਂ ਜਮਾਤ ਦੇ ਟਾਪਰਸ**

ਹਾਈ ਸਕੂਲ ਦੀ ਪ੍ਰੀਖਿਆ ਵਿੱਚ ਸੀਤਾਪੁਰ ਦੀ ਕਸ਼ਿਸ਼ ਵਰਮਾ ਤੇ ਬਾਰਾਬੰਕੀ ਦੀ ਅੰਸ਼ਿਕਾ ਵਰਮਾ ਨੇ 97.83 ਫੀਸਦੀ ਅੰਕ ਪ੍ਰਾਪਤ ਕਰਕੇ ਸਾਂਝੇ ਤੌਰ ’ਤੇ ਸੂਬੇ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ। ਬਾਰਾਬੰਕੀ ਦੀ ਅਦਿਤੀ 97.50 ਫੀਸਦੀ ਅੰਕਾਂ ਨਾਲ ਦੂਜੇ ਸਥਾਨ ’ਤੇ ਰਹੀ। ਇਸ ਦੇ ਨਾਲ ਹੀ ਸੀਤਾਪੁਰ ਦੀ ਅਰਪਿਤਾ, ਝਾਂਸੀ ਦੇ ਰਿਸ਼ਭ ਸਾਹੂ ਅਤੇ ਬਾਰਾਬੰਕੀ ਦੀ ਪਰੀ ਵਰਮਾ ਨੇ 97.33 ਫੀਸਦੀ ਅੰਕ ਹਾਸਲ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ।

**12ਵੀਂ ਜਮਾਤ ਦੇ ਟਾਪਰਸ**

ਇੰਟਰਮੀਡੀਏਟ ਦੀ ਪ੍ਰੀਖਿਆ ਵਿੱਚ ਸੀਤਾਪੁਰ ਦੀ ਸ਼ਿਖਾ ਵਰਮਾ ਨੇ 97.60 ਫੀਸਦੀ ਅੰਕਾਂ ਨਾਲ ਪੂਰੇ ਸੂਬੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਬਰੇਲੀ ਦੀ ਨੰਦਨੀ ਗੁਪਤਾ ਅਤੇ ਬਾਰਾਬੰਕੀ ਦੀ ਸ਼੍ਰੀਆ ਵਰਮਾ 97.20 ਫੀਸਦੀ ਅੰਕਾਂ ਨਾਲ ਦੂਜੇ ਸਥਾਨ ’ਤੇ ਰਹੀਆਂ। ਜਦੋਂਕਿ ਬਰੇਲੀ ਦੀ ਸੁਰਭੀ ਯਾਦਵ ਅਤੇ ਬਾਰਾਬੰਕੀ ਦੀ ਪੂਜਾ ਪਾਲ ਨੇ 97 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ।

ਲੜਕੀਆਂ ਦੀ ਪਾਸ ਫੀਸਦੀ ਰਹੀ ਬਿਹਤਰ ਨਤੀਜਿਆਂ ਦੇ ਅੰਕੜੇ ਦੱਸਦੇ ਹਨ ਕਿ ਕੁੜੀਆਂ ਨੇ ਨਾ ਸਿਰਫ ਟਾਪ ਕੀਤਾ ਹੈ, ਸਗੋਂ ਉਨ੍ਹਾਂ ਦੀ ਪਾਸ ਫੀਸਦੀ ਵੀ ਮੁੰਡਿਆਂ ਨਾਲੋਂ ਬਿਹਤਰ ਰਹੀ ਹੈ: 10ਵੀਂ ਜਮਾਤ: ਲੜਕੀਆਂ ਦੀ ਪਾਸ ਫੀਸਦੀ 93.76 ਰਹੀ, ਜਦੋਂ ਕਿ ਲੜਕਿਆਂ ਦੀ 87.30 ਫੀਸਦੀ ਰਹੀ। 12ਵੀਂ ਜਮਾਤ: ਲੜਕੀਆਂ ਦੀ ਪਾਸ ਫੀਸਦੀ 86.32 ਰਹੀ, ਜਦੋਂ ਕਿ ਲੜਕਿਆਂ ਦੀ 75.04 ਫੀਸਦੀ ਦਰਜ ਕੀਤੀ ਗਈ ਹੈ।

# ਕੌਣ ਹੋਵੇਗਾ ਬੰਗਾਲ ਦਾ ਨਵਾਂ ਮੁੱਖ ਮੰਤਰੀ, ਅਮਿਤ ਸ਼ਾਹ ਨੇ ਕਰ ’ਤਾ ਐਲਾਨ

**ਕੌਮੀ ਪਤ੍ਰਿਕਾ**
**ਸਿੰਮੀ ਕੌਰ ਬੱਬਰ**

ਕੋਲਕਾਤਾ 24 ਅਪ੍ਰੈਲ। ਪੱਛਮੀ ਬੰਗਾਲ ’ਚ ਪਹਿਲੇ ਪੜਾਅ ਦੀ ਰਿਕਾਰਡ ਵੋਟਿੰਗ ਤੋਂ ਬਾਅਦ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕੋਲਕਾਤਾ ’ਚ ਪ੍ਰੈੱਸ ਕਾਨਫਰੰਸ ਕੀਤੀ। ਉਨ੍ਹਾਂ ਨੇ ਸ਼ੁੱਕਰਵਾਰ ਨੂੰ ਕਿਹਾ ਕਿ ’ਅੰਗ, ਵੰਗ ਅਤੇ ਕਲਿੰਗ’- ਉਹ ਪ੍ਰਾਚੀਨ ਰਾਜ ਜੋ ਅੱਜ ਦੇ ਆਸਾਮ, ਬੰਗਾਲ ਅਤੇ ਓਡੀਸ਼ਾ ਹਨ ’ਚ ਅਗਲੇ ਮਹੀਨੇ ਭਾਜਪਾ ਦੀ ਸਰਕਾਰ ਹੋਵੇਗੀ। ਸ਼ਾਹ ਨੇ ਕਿਹਾ ਕਿ ਭਾਜਪਾ ਵਿਧਾਨ ਸਭਾ ਚੋਣਾਂ ’ਚ ਪੂਰਾ ਬਹੁਮਤ ਹਾਸਲ ਕਰੇਗੀ ਅਤੇ ਵੀਰਵਾਰ ਨੂੰ ਪਹਿਲੇ ਪੜਾਅ ’ਚ ਜਿਹੜੀਆਂ 152 ਸੀਟਾਂ ’ਤੇ ਚੋਣਾਂ ਹੋਈਆਂ, ਉਨ੍ਹਾਂ ’ਚੋਂ 110 ਤੋਂ ਵੱਧ ਸੀਟਾਂ ਜਿੱਤੇਗੀ। ਅਮਿਤ ਸ਼ਾਹ ਨੇ ਕਿਹਾ ਕਿ ਜਦੋਂ ਭਾਜਪਾ ਇੱਥੇ ਸੱਤਾ ’ਚ ਆਏਗੀ ਤਾਂ ਬੰਗਾਲ ’ਚ ਜੰਮਿਆ ਅਤੇ ਬੰਗਾਲੀ ਬੋਲਣ ਵਾਲਾ ਵਿਅਕਤੀ ਹੀ ਸੂਬੇ ਦਾ ਮੁੱਖ ਮੰਤਰੀ ਹੋਵੇਗਾ। ਉਨ੍ਹਾਂ ਕਿਹਾ ਕਿ ਭਾਜਪਾ ਔਰਤਾਂ ਦੀ ਸੁਰੱਖਿਆ ਯਕੀਨੀ ਕਰੇਗੀ ਅਤੇ ਬੰਗਾਲ ’ਚ ’ਭਤੀਜਾ ਟੈਕਸ’ ਅਤੇ ਸਿੰਡੀਕੇਟ ਰਾਜ ਨੂੰ ਖ਼ਤਮ ਕਰੇਗੀ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਦੀਦੀ ਜਾਣ ਵਾਲੀ ਹੈ, ਭਾਜਪਾ ਆਉਣ ਵਾਲੀ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਪਾਰਟੀ ਨਿਵੇਸ਼ਕਾਂ ਲਈ ਵੀ ਰੈੱਡ ਕਾਰਪੇਟ ਵਿਛਾਏਗੀ। ਸ਼ਾਹ ਨੇ 92 ਫੀਸਦੀ ਤੋਂ ਵੱਧ ਵੋਟਿੰਗ ਦਾ ਜ਼ਿਕਰ ਕਰਦੇ ਹੋਏ ਕਿਹਾ,’’ਬੰਗਾਲ ਦੇ ਲੋਕਾਂ ਨੇ ਪਹਿਲੇ ਪੜਾਅ ’ਚ ਸਾਰੇ ਰਿਕਾਰਡ ਤੋੜ ਦਿੱਤੇ ਤਬਦੀਲੀ ਲਈ ਪੂਰੇ ਉਤਸ਼ਾਹ ਨਾਲ ਵੋਟ ਦਿੱਤਾ।’’ ਉਨ੍ਹਾਂ ਕਿਹਾ,’’ਮੈਂ ਚੋਣ ਕਮਿਸ਼ਨ ਅਤੇ ਸੁਰੱਖਿਆ ਫ਼ੋਰਸਾਂ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਪਹਿਲੇ ਪੜਾਅ ਦੀਆਂ ਚੋਣਾਂ ਦੌਰਾਨ ਕਿਸੇ ਦੀ ਜਾਨ ਨਹੀਂ ਜਾਣ ਦਿੱਤੀ।’’ ਉਨ੍ਹਾਂ ਦੱਸਿਆ ਕਿ 2016 ਦੀਆਂ ਵਿਧਾਨ ਸਭਾ ਚੋਣਾਂ ’ਚ 1,278 ਲੋਕ 2021 ’ਚ 1,681 ਲੋਕ ਜ਼ਖ਼ਮੀ ਹੋਏ ਸਨ। ਸ਼ਾਹ ਨੇ ਦਾਅਵਾ ਕਰਦੇ ਹੋਏ ਕਿਹਾ ਕਿ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਟੀਐੱਮਸੀ ਦੀ ਵਿਦਾਈ ਤੈਅ ਹੈ। ਉਨ੍ਹਾਂ ਕਿਹਾ ਕਿ ਭਾਜਪਾ ਬਹੁਮਤ ਨਾਲ ਸਰਕਾਰ ਬਣਾਏਗੀ। 5 ਮਈ ਨੂੰ ’ਅੰਗ, ਵੰਗ ਅਤੇ ਕਲਿੰਗ’ ’ਚ ਸਾਡੀਆਂ ਸਰਕਾਰਾਂ ਹੋਣਗੀਆਂ।’’ ਭਾਜਪਾ ਆਸਾਮ ’ਚ ਲਗਾਤਾਰ ਤੀਜੀ ਵਾਰ ਸੱਤਾ ’ਚ ਆਉਣ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਪੱਛਮੀ ਬੰਗਾਲ ’ਚ 15 ਸਾਲ ਪੁਰਾਣੀ ਟੀਐੱਮਸੀ ਸਰਕਾਰ ਨੂੰ ਹਟਾਉਣਾ ਚਾਹੁੰਦੀ ਹੈ।



## 1984 ਸਿੱਖ ਕਤਲੇਆਮ: ਸੱਜਣ ਕੁਮਾਰ ਨੂੰ ਸੁਪਰੀਮ ਕੋਰਟ ਤੋਂ ਵੱਡਾ ਝਟਕਾ

ਨਵੀਂ ਦਿੱਲੀ 24 ਅਪ੍ਰੈਲ। 1984 ਦੇ ਸਿੱਖ ਵਿਰੋਧੀ ਦੰਗਿਆ ਦੇ ਦੋਸ਼ੀ ਅਤੇ ਸਾਬਕਾ ਕਾਂਗਰਸੀ ਸਾਂਸਦ ਸੱਜਣ ਕੁਮਾਰ ਨੂੰ ਸੁਪਰੀਮ ਕੋਰਟ ਤੋਂ ਵੱਡਾ ਝਟਕਾ ਲੱਗਾ ਹੈ। ਸੁਪਰੀਮ ਕੋਰਟ ਨੇ ਸੱਜਣ ਕੁਮਾਰ ਦੀ ਅੰਤਰਿਮ ਜ਼ਮਾਨਤ ਪਟੀਸ਼ਨ ਨੂੰ ਖਾਰਜ ਕਰਦੇ ਹੋਏ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ। ਦੱਸ ਦੇਈਏ ਕਿ ਸੱਜਣ ਕੁਮਾਰ ਨੇ ਆਪਣੀ ਵਧਦੀ ਉਮਰ ਅਤੇ ਵਿਗੜਦੀ



ਸਿਹਤ ਦਾ ਹਵਾਲਾ ਦਿੰਦੇ ਹੋਏ ਅਦਾਲਤ ਤੋਂ ਅੰਤਰਿਮ ਜ਼ਮਾਨਤ ਦੀ ਮੰਗ ਕੀਤੀ ਸੀ। ਇਸ ਦੌਰਾਨ ਉਸ ਦੇ ਵਕੀਲਾਂ ਨੇ ਤਰਕ ਦਿੱਤਾ ਸੀ ਕਿ ਉਹ ਲੰਬੇ ਸਮੇਂ ਤੋਂ ਜੇਲ੍ਹ ਵਿਚ ਹਨ ਅਤੇ ਕਈ ਬੀਮਾਰੀਆਂ ਨਾਲ ਜੂਝ ਰਹੇ ਹਨ। ਇਸ ਲਈ ਮਨੁੱਖੀ ਆਧਾਰ ’ਤੇ ਉਸ ਨੂੰ ਰਾਹਤ ਦਿੱਤੀ ਜਾਵੇ। ਸੁਪਰੀਮ ਕੋਰਟ ਨੇ ਜ਼ਮਾਨਤ ਦੇਣ ਤੋਂ ਇਨਕਾਰ ਕਰਦੇ ਹੋਏ ਕਿਹਾ ਕਿ ਇਹ ਮਾਮਲਾ ਬਹੁਤ ਗੰਭੀਰ ਅਪਰਾਧਾਂ ਨਾਲ ਜੁੜਿਆ ਹੋਇਆ ਹੈ। ਅਪਰਾਧ ਦੀ ਗੰਭੀਰਤਾ ਨੂੰ ਦੇਖਦੇ ਹੋਏ ਫਿਲਹਾਲ ਕਿਸੇ ਵੀ ਤਰ੍ਹਾਂ ਦੀ ਰਾਹਤ ਦੇਣਾ ਉਚਿਤ ਨਹੀਂ ਹੈ।

## ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਮੁਖੀ ਸ਼ਰਦ ਪਵਾਰ ਨੂੰ ਹਸਪਤਾਲ ਤੋਂ ਮਿਲੀ ਛੁੱਟੀ

ਨੈਸ਼ਨਲ ਡੈਸਕ 24 ਅਪ੍ਰੈਲ। ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਪ੍ਰਧਾਨ ਅਤੇ ਦਿੱਗਜ ਨੇਤਾ ਸ਼ਰਦ ਪਵਾਰ (85) ਨੂੰ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਹੈ। ਉਨ੍ਹਾਂ ਨੂੰ 19 ਅਪ੍ਰੈਲ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਸੀ। ਸੀਨੀਅਰ ਨੇਤਾ ਦੇ ਕਰੀਬੀ ਸੂਤਰਾਂ ਨੇ ਦੱਸਿਆ ਕਿ ਸ਼ਰਦ ਪਵਾਰ ਨੂੰ ਨਿਯਮਤ ਜਾਂਚ ਲਈ ਹਸਪਤਾਲ ਲਿਜਾਇਆ ਗਿਆ ਸੀ। ਡਾਕਟਰਾਂ ਮੁਤਾਬਕ ਉਨ੍ਹਾਂ ਦੀ ਹਾਲਤ ਹੁਣ ਬਿਲਕੁਲ ਠੀਕ ਹੈ ਤੇ ਚਿੰਤਾ ਦੀ ਕੋਈ ਗੱਲ ਨਹੀਂ ਹੈ। ਹਸਪਤਾਲ ਵਿੱਚ ਦਾਖਲ ਹੋਣ ਕਾਰਨ ਸ਼ਰਦ ਪਵਾਰ ਬਾਰਾਮਤੀ ਵਿਧਾਨ ਸਭਾ ਜ਼ਿਮਨੀ ਚੋਣ ਵਿੱਚ ਆਪਣੀ ਵੋਟ ਪਾਉਣ ਲਈ ਨਹੀਂ ਜਾ ਸਕੇ। ਉਨ੍ਹਾਂ ਨੇ ਖੁਦ ਟਵੀਟ ਕਰ ਕੇ ਇਸ ਦੀ ਜਾਣਕਾਰੀ ਦਿੱਤੀ ਸੀ। ਜ਼ਿਕਰਯੋਗ ਹੈ ਕਿ ਇਹ ਚੋਣ ਅਜੀਤ ਪਵਾਰ ਦੀ ਇੱਕ ਜਹਾਜ਼ ਹਾਦਸੇ ਵਿੱਚ ਹੋਈ ਮੌਤ ਕਾਰਨ ਕਰਵਾਈ ਜਾ ਰਹੀ ਹੈ, ਜਿੱਥੋਂ ਮਹਾਰਾਸ਼ਟਰ ਦੀ ਉਪ ਮੁੱਖ ਮੰਤਰੀ ਸੁਨੇਤਰਾ ਪਵਾਰ ਉਮੀਦਵਾਰ ਹਨ। ਭਾਵੇਂ ਸ਼ਰਦ ਪਵਾਰ ਖੁਦ ਵੋਟ ਪਾਉਣ ਨਹੀਂ ਪਹੁੰਚ ਸਕੇ, ਪਰ ਉਨ੍ਹਾਂ ਨੇ ਹਸਪਤਾਲ ਦੇ ਬਿਸਤਰ ਤੋਂ ਹੀ ਇਕ ਸੰਦੇਸ਼ ਜਾਰੀ ਕਰਕੇ ਲੋਕਾਂ ਨੂੰ ਸੁਨੇਤਰਾ ਪਵਾਰ ਦੇ ਹੱਕ ਵਿੱਚ ਵੋਟ ਪਾਉਣ ਦੀ ਅਪੀਲ ਕੀਤੀ ਸੀ। ਸੁਨੇਤਰਾ ਪਵਾਰ, ਸ਼ਰਦ ਪਵਾਰ ਦੇ ਭਤੀਜੇ ਸਵਰਗੀ ਅਜੀਤ ਪਵਾਰ ਦੀ ਪਤਨੀ ਹਨ।

## ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲੈ ਕੇ ਜੈਰਾਮ ਰਮੇਸ਼ ਦਾ ਵੱਡਾ ਬਿਆਨ

ਨਵੀਂ ਦਿੱਲੀ 24 ਅਪ੍ਰੈਲ। ਕਾਂਗਰਸ ਨੇ ਦੋਸ਼ ਲਗਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੇ ਇਜ਼ਰਾਇਲੀ ਸ਼ਾਸਨ ਨਾਲ ਖੜ੍ਹੇ ਹੋ ਕੇ ਭਾਰਤ ਦੇ ਰਵਾਇਤੀ ਰੁਖ ਅਤੇ ਮਨੁੱਖੀ ਕਦਰਾਂ-ਕੀਮਤਾਂ ਨਾਲ ਧੋਖਾ ਕੀਤਾ ਹੈ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਇਹ ਦਾਅਵਾ ਵੀ ਕੀਤਾ ਕਿ ਇਜ਼ਰਾਈਲ ਦੇ ’ਕਤਲੇਆਮ’ ਅਤੇ ਲੇਬਨਾਨ ’ਤੇ ਬੰਬਾਰੀ ਨੂੰ ਲੈ ਕੇ ਪ੍ਰਧਾਨ ਮੰਤਰੀ ਦੀ ’ਚੁੱਪ’ ਨੈਤਿਕ ਕਾਇਰਤਾ ਹੈ। ਰਮੇਸ਼ ਨੇ ’ਐਕਸ’ ’ਤੇ ਪੋਸਟ ਕੀਤਾ,’’ਗਾਜ਼ਾ ’ਚ ਇਜ਼ਰਾਈਲ ਵਲੋਂ ਜਾਰੀ ਕਤਲੇਆਮ ਅਤੇ ਲੇਬਨਾਨ ’ਤੇ ਭਾਰੀ ਬੰਬਾਰੀ ’ਤੇ ਆਪਣੀ ਚੁੱਪ ਨਾਲ ਪ੍ਰਧਾਨ ਮੰਤਰੀ ਨੈਤਿਕ ਕਾਇਰਤਾ ਦਾ ਪ੍ਰਦਰਸ਼ਨ ਕਰ ਰਹੇ ਹਨ। ਉਨ੍ਹਾਂ ਨੇ ਕਬਜ਼ੇ ਵਾਲੇ ਵੈਸਟ ਬੈਂਕ ’ਚ ਲੱਖਾਂ ਫਲਸਤੀਨੀਆਂ ਦੇ ਉਜਾੜੇ ’ਤੇ ਵੀ ਪੂਰੀ ਤਰ੍ਹਾਂ ਨਾਲ ਚੁੱਪ ਬਣਾਏ ਰੱਖੀ ਹੈ।’’

## ਸੁਪਰੀਮ ਕੋਰਟ ਨੇ ਪੁੱਛਿਆ-ਛੂਹਣ ਨਾਲ ਦੇਵਤਾ ਅਪਵਿੱਤਰ ਕਿਵੇਂ ਹੋ ਸਕਦੇ ਹਨ?

ਨਵੀਂ ਦਿੱਲੀ 24 ਅਪ੍ਰੈਲ। ਸਬਰੀਮਾਲਾ ਮੰਦਰ ’ਚ ਔਰਤਾਂ ਦੇ ਦਾਖਲੇ ਅਤੇ ਧਾਰਮਿਕ ਵਿਤਕਰੇ ਦੇ ਮੁੱਦੇ ’ਤੇ ਸੁਪਰੀਮ ਕੋਰਟ ਨੇ ਆਪਣੀ ਸੁਣਵਾਈ ਜਾਰੀ ਰੱਖੀ। ਇਸ ਦੌਰਾਨ ਅਦਾਲਤ ਨੇ ਪੁੱਛਿਆ ਕਿ ਕਿਸੇ ਮੂਰਤੀ ਨੂੰ ਛੂਹਣ ਨਾਲ ਭਗਵਾਨ ਜਾਂ ਕਿਸੇ ਦੇਵਤਾ ਦਾ ਅਪਮਾਨ ਕਿਵੇਂ ਹੋ ਸਕਦਾ ਹੈ ਤੇ ਉਹ ਅਪਵਿੱਤਰ ਕਿਵੇਂ ਹੋ ਸਕਦੇ ਹਨ? ਸੁਪਰੀਮ ਕੋਰਟ ਨੇ ਪੁੱਛਿਆ ਕਿ ਕੀ ਸੰਵਿਧਾਨ ਉਸ ਸ਼ਰਧਾਲੂ ਦੀ ਮਦਦ ਲਈ ਅੱਗੇ ਨਹੀਂ ਆਵੇਗਾ, ਜਿਸ ਨੂੰ ਸਿਰਫ਼ ਉਸ ਦੇ ਖਾਨਦਾਨ ਤੇ ਜਨਮ ਕਾਰਨ ਮੂਰਤੀਆਂ ਨੂੰ ਛੂਹਣ ਤੋਂ ਰੋਕਿਆ ਗਿਆ ਹੈ? ਸਬਰੀਮਾਲਾ ਦੇ ਵਕੀਲ ਐਡਵੋਕੇਟ ਵੀ. ਗਿਰੀ ਨੇ ਕਿਹਾ ਕਿ ਕਿਸੇ ਵੀ ਮੰਦਰ ’ਚ ਨਿਭਾਈਆਂ ਜਾਣ ਵਾਲੀਆਂ ਰਸਮਾਂ ਉਸ ਧਰਮ ਦਾ ਅਨਿੱਖੜਵਾਂ ਅੰਗ ਹਨ। ਪੂਜਾ ਕਿਸੇ ਦੇਵਤਾ ਦੀਆਂ ਵਿਸ਼ੇਸ਼ਤਾਵਾਂ ਦੇ ਉਲਟ ਨਹੀਂ ਹੋ ਸਕਦੀ। ਭਗਵਾਨ ਅਯੱਪਾ ਇਕ ਬ੍ਰਹਮਚਾਰੀ ਹਨ। ਇਸ ਲਈ ਮੰਦਰ ਦੀਆਂ ਪਰੰਪਰਾਵਾਂ ਉਸੇ ਅਨੁਸਾਰ ਸਥਾਪਿਤ ਹਨ। 9 ਜੱਜਾਂ ਦੀ ਸੰਵਿਧਾਨਕ ਬੈਂਚ ਕੇਰਲਾ ਦੇ ਸਬਰੀਮਾਲਾ ਮੰਦਰ ਸਮੇਤ ਹੋਰ ਧਾਰਮਿਕ ਥਾਵਾਂ ’ਚ ਔਰਤਾਂ ਨਾਲ ਵਿਤਕਰੇ ਤੇ ਵੱਖ-ਵੱਖ ਧਰਮਾਂ ਦੇ ਲੋਕਾਂ ਵੱਲੋਂ ਕੀਤੀ ਜਾਂਦੀ ਧਾਰਮਿਕ ਆਜ਼ਾਦੀ ਦੇ ਘੇਰੇ ਤੇ ਹੱਦਾਂ ਬਾਰੇ ਪਟੀਸ਼ਨਾਂ ਦੀ ਸੁਣਵਾਈ ਕਰ ਰਹੀ ਹੈ। ਬੈਂਚ ’ਚ ਚੀਫ਼ ਜਸਟਿਸ ਸੂਰਿਆਕਾਂਤ, ਜਸਟਿਸ ਬੀ. ਵੀ. ਨਾਗਰਥਨਾ, ਜਸਟਿਸ ਆਰ. ਮਹਾਦੇਵਨ ਤੇ ਜਸਟਿਸ ਜੋਇਮਲਿਆ ਬਾਗਚੀ ਸ਼ਾਮਲ ਹਨ। ਮਾਮਲੇ ਦੀ ਸੁਣਵਾਈ ਅਜੇ ਚੱਲਦੀ ਰਹੇਗੀ।

# ਜਦੋਂ ਤੋਂ ਬੇਅਦਬੀ ਵਿਰੋਧੀ ਕਾਨੂੰਨ ਬਣਿਆ ਹੈ, ਭਾਜਪਾ ਮੈਨੂੰ ਕਮਜ਼ੋਰ ਅਤੇ ਖ਼ਤਮ ਕਰਨ ਦੀਆਂ ਸਾਜ਼ਿਸ਼ਾਂ ਰਚ ਰਹੀ ਹੈ: ਮੁੱਖ ਮੰਤਰੀ ਮਾਨ

**ਕੌਮੀ ਪਤ੍ਰਿਕਾ**
**ਨਵਦੀਪ ਸਿੰਘ ਸਾਹਨੀ**

ਚੰਡੀਗੜ੍ਹ; 24 ਅਪ੍ਰੈਲ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਭਾਜਪਾ ਨੂੰ ਇੱਕ ਸਪੱਸ਼ਟ ਸੁਨੇਹਾ ਦਿੰਦਿਆਂ ਕਿਹਾ ਕਿ ਜਦੋਂ ਤੋਂ ’ਬੇਅਦਬੀ’ ਵਿਰੁੱਧ ਸਖ਼ਤ ਕਾਨੂੰਨ ਬਣਾਏ ਗਏ ਹਨ, ਭਾਜਪਾ ਦੀ ਬੇਚੈਨੀ ਸਪੱਸ਼ਟ ਦਿਖਾਈ ਦੇ ਰਹੀ ਹੈ ਕਿਉਂਕਿ ਭਾਜਪਾ ਪੰਜਾਬ ਦੀਆਂ ਭਾਵਨਾਵਾਂ ਨਾਲ ਜੁੜੇ ਇਸ ਮੁੱਦੇ ’ਤੇ ਪੰਜਾਬ ਸਰਕਾਰ ਦੀ ਫੈਸਲਾਕੁੰਨ ਕਾਰਵਾਈ ਨੂੰ ਸਵੀਕਾਰ ਨਹੀਂ ਕਰ ਪਾ ਰਹੀ। ਉਨ੍ਹਾਂ ਕਿਹਾ ਕਿ ਭਾਜਪਾ, ਜਿਸ ਨੂੰ ਪੰਜਾਬ ਨੇ ਵਾਰ-ਵਾਰ ਨਕਾਰਿਆ ਹੈ, ਸੂਬੇ ਅਤੇ ਆਮ ਆਦਮੀ ਪਾਰਟੀ (ਆਪ) ਪ੍ਰਤੀ ਬਦਲਾਖ਼ੋਰੀ ਤੇ ਦੁਸ਼ਮਣੀ ਵਾਲਾ ਰਵੱਈਆ ਅਪਣਾ ਕੇ ਡਰਾਉਣ-ਧਮਕਾਉਣ, ਲਾਲਚ ਦੇਣ ਅਤੇ ਦਲ-ਬਦਲੀ ਦੇ ਯਤਨਾਂ ਰਾਹੀਂ ਭ੍ਰਿਸ਼ਟਾਚਾਰ ਮੁਕਤ ਆਪ ਸਰਕਾਰ ਨੂੰ ਕਮਜ਼ੋਰ ਕਰਨ ਦੀ ਲਗਾਤਾਰ ਕੋਸ਼ਿਸ਼ ਕਰ ਰਹੀ ਹੈ। ਪਾਰਟੀ ਛੱਡਣ ਵਾਲਿਆਂ ਅਤੇ ਅਜਿਹੇ ਕਦਮ ਚੁੱਕਣ ਲਈ ਮਜਬੂਰ ਕਰਨ ਵਾਲਿਆਂ ਦੀ ਸਖ਼ਤ ਨਿੰਦਾ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਵਿੱਚ ਭਾਜਪਾ ਦਾ ਸਿਆਸੀ ਆਧਾਰ ਨਾ ਮਾਤਰ ਹੋਣ ਕਰਕੇ ਉਹ ਅਜਿਹੀਆਂ ਘਟੀਆਂ ਚਾਲਾਂ ਚੱਲ ਰਹੀ ਹੈ ਕਿਉਂਕਿ ਆਪ ਸਰਕਾਰ ਵੱਲੋਂ ਸਕੂਲਾਂ, ਹਸਪਤਾਲਾਂ, ਸੜਕਾਂ ਅਤੇ ਰੋਜ਼ਗਾਰ ਦੇ ਮਾਮਲੇ ਵਿੱਚ ਪ੍ਰਤੱਖ ਸੁਧਾਰਾਂ ਨੇ ਬੀਜੇਪੀ ਤੇ ਹੋਰ ਵਿਰੋਧੀ ਧਿਰਾਂ ਦਾ ਸੰਤੁਲਨ ਪੂਰੀ ਤਰ੍ਹਾਂ ਵਿਗਾੜ ਦਿੱਤਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ’ਆਪ’ ਦੀ ਤਾਕਤ ਆਮ ਲੋਕ ਹਨ ਅਤੇ ਸਿਧਾਂਤਕ ਮਾਪਦੰਡ ਤੇ ਕ੍ਰਾਂਤੀਕਾਰੀ ਸੋਚ ਸਾਡੀ ਪਾਰਟੀ ਦਾ ਆਧਾਰ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸੂਬੇ ਨਾਲ ਦਗਾ ਕਮਾਉਣ ਵਾਲੇ ਲੋਕਾਂ ਨੂੰ ਪੰਜਾਬ ਦੇ ਵਸਨੀਕਾਂ ਨੇ ਸਦਾ ਜਵਾਬ ਦਿੱਤਾ ਹੈ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਅਜਿਹੀਆਂ ਘਟੀਆਂ ਚਾਲਾਂ ਨਾਲ ਲੋਕਤੰਤਰੀ ਰਾਜ ਪੰਜਾਬ ਵਿੱਚ ਰਾਜਨੀਤਿਕ ਸਫ਼ਲਤਾ ਹਾਸਲ ਨਹੀਂ ਹੋ ਸਕਦੀ। ਅੱਜ ਚੰਡੀਗੜ੍ਹ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੇ ਸੂਝਵਾਨ ਅਤੇ ਅਣਖੀ ਲੋਕ ਉਨ੍ਹਾਂ ਗੱਦਾਰਾਂ ਨੂੰ ਕਦੇ ਮੁਆਫ ਨਹੀਂ ਕਰਨਗੇ ਜਿਨ੍ਹਾਂ ਨੇ ਆਪਣੇ ਨਿੱਜੀ ਹਿੱਤਾਂ ਲਈ ਉਨ੍ਹਾਂ ਦੀ ਪਿੱਠ ਵਿੱਚ ਛੁਰਾ ਮਾਰਿਆ। ਪੰਜਾਬੀ ਕਦੇ ਵੀ ਵਿਸ਼ਵਾਸਘਾਤ ਕਰਨ ਵਾਲਿਆਂ ਨੂੰ ਨਹੀਂ ਭੁੱਲਦੇ ਅਤੇ ਜਿਨ੍ਹਾਂ ਨੇ ਵੀ ਉਨ੍ਹਾਂ ਨੂੰ ਧੋਖਾ ਦੇਣ ਦਾ ਸੋਚਿਆ, ਉਹ ਲੋਕ ਸਿਆਸਤ ਵਿੱਚੋਂ ਲੋਪ ਹੋ ਗਏ। ਕਮਾਲੂ, ਮਾਨਸ਼ਾਹੀਆ ਅਤੇ ਹੋਰਾਂ ਅਜਿਹੇ ਕਈ ਆਗੂਆਂ ਨੇ ਜਦੋਂ ਵੀ ਪੰਜਾਬ ਦੇ ਲੋਕਾਂ ਨਾਲ ਧੋਖਾ ਕੀਤਾ ਤਾਂ ਲੋਕਾਂ ਨੂੰ ਉਨ੍ਹਾਂ ਦਾ ਅਜਿਹਾ ਸਫ਼ਾਇਆ ਕੀਤਾ ਕਿ ਉਹ ਅੱਜ ਯਾਦਾਂ ਵਿੱਚੋਂ ਵੀ ਮਿਟ ਗਏ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲੋਕਤੰਤਰ ਵਿੱਚ ਪਾਰਟੀ ਸਰਵਉੱਚ ਹੈ, ਨਾ ਕਿ ਉਹ ਵਿਅਕਤੀ ਜੋ ਆਪਣੀ ਮਰਜ਼ੀ ਅਤੇ ਫਾਇਦੇ ਲਈ ਦਲ ਬਦਲਦੇ ਰਹਿੰਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਕਈ ਆਗੂਆਂ ਨੂੰ ਤਾਂ ਬਿਨਾਂ ਕਿਸੇ ਕੋਈ ਠੋਸ ਯੋਗਦਾਨ ਦੇ ਅਹੁਦੇ ਹਾਸਲ ਹੋਏ ਪਰ ਬਾਅਦ ਵਿੱਚ ਉਨ੍ਹਾਂ ਨੇ ਆਪਣੇ ਨਿੱਜੀ ਮੁਫ਼ਾਦਾਂ ਲਈ ਆਪਣੀ ਮਾਂ ਪਾਰਟੀ ਨੂੰ ਧੋਖਾ ਦੇਣਾ ਚੁਣਿਆ। ਭਾਜਪਾ ਦਾ ਅਸਲੀ ਨਾਮ ’ਕੱਢੋ ਛੱਡੋ ਪਾਰਟੀ’ ਹੈ ਕਿਉਂਕਿ ਇਹ ਆਪਣੀ ’ਵਾਸ਼ਿੰਗ ਮਸ਼ੀਨ’ ਦੀ ਵਰਤੋਂ ਹੋਰਨਾਂ ਪਾਰਟੀਆਂ ਦੇ ਦਾਗੀ ਆਗੂਆਂ ਨੂੰ ਸਾਫ਼ ਕਰਨ ਲਈ ਕਰਦੀ ਹੈ। ਭਾਜਪਾ ਚਾਹੇ ਕਿਸੇ ਵੀ ਢੰਗ-ਤਰੀਕੇ ਕਿੰਨੇ ਵੀ ਆਗੂਆਂ ਨੂੰ ਆਪਣੇ ਪਾਲੇ ਵਿੱਚ ਲੈ ਲਵੇ, ਪਰ ਪੰਜਾਬ ਵਿਰੋਧੀ ਮਾਨਸਿਕਤਾ ਕਾਰਨ ਪੰਜਾਬ ਵਿੱਚ ਉਸਦਾ ਕੋਈ ਅਧਾਰ ਨਹੀਂ ਬਣ ਸਕਦਾ। ਪੰਜਾਬ ਨੂੰ ਕਮਜ਼ੋਰ ਕਰਨ ਦੀ ਯੋਜਨਾਬੱਧ ਕੋਸ਼ਿਸ਼ ਦਾ ਪਰਦਾਫਾਸ਼ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਜਪਾ ਪੰਜਾਬ ਦੀ ਦੁਸ਼ਮਣ ਹੈ, ਜਿਸਨੇ ਪੇਂਡੂ ਵਿਕਾਸ ਫੰਡ (ਆਰਡੀਐਫ), ਰਾਸ਼ਟਰੀ ਸਿਹਤ ਮਿਸ਼ਨ (ਐਨਐਚਐਮ) ਫੰਡ ਅਤੇ ਹੋਰ ਯੋਜਨਾਵਾਂ ਅਧੀਨ ਸੂਬੇ ਦੇ ਫੰਡਾਂ ਦੇ ਹਿੱਸੇ ਨੂੰ ਰੋਕ ਰੱਖਿਆ ਹੈ, ਜਿਸ ਨਾਲ ਸੂਬੇ ਦੇ ਵਿਕਾਸ ਕਾਰਜਾਂ ਵਿੱਚ ਵਿਘਨ ਪੈ ਰਿਹਾ ਹੈ।



Contd............................page-3

# ਉਪ ਰਾਜਪਾਲ ਤਰਨਜੀਤ ਸਿੰਘ ਸੰਧੂ ਨੇ ਸਿੱਖਿਆ ਖੇਤਰ ਵਿਚ ਲਾਮਿਸਾਲ ਕਾਰਜਾਂ ਵਾਸਤੇ ਦਿੱਲੀ ਗੁਰਦੁਆਰਾ ਕਮੇਟੀ ਦੀ ਕੀਤੀ ਸ਼ਲਾਘਾ

**ਕੌਮੀ ਪਤ੍ਰਿਕਾ**
**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ, 24 ਅਪ੍ਰੈਲ: ਦਿੱਲੀ ਦੇ ਉਪ ਰਾਜਪਾਲ ਸਰਦਾਰ ਤਰਨਜੀਤ ਸਿੰਘ ਸੰਧੂ ਨੇ ਸਿੱਖਿਆ ਖੇਤਰ ਵਿਚ ਲਾਮਿਸਾਲ ਕਾਰਜਾਂ ਵਾਸਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰਜਵੀਂ ਸ਼ਲਾਘਾ ਕੀਤੀ ਹੈ ਤੇ ਕਿਹਾ ਹੈ ਕਿ ਸਾਡੀ ਨੌਜਵਾਨ ਪੀੜੀ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰ ਕੇ ਕਮੇਟੀ ਨੇ ਬਹੁਤ ਵੱਡੀ ਪ੍ਰਾਪਤੀ ਕੀਤੀ ਹੈ। ਅੱਜ ਇਥੇ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦੇ 74ਵੇਂ ਇਨਾਮ ਵੰਡ ਸਮਾਰੋਹ ਨੂੰ ਸੰਬੋਧਨ ਕਰਦਿਆਂ ਸਰਦਾਰ ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਇਹ ਦਿੱਲੀ ਗੁਰਦੁਆਰਾ ਕਮੇਟੀ ਦੇ ਸਿੱਖਿਆ ਖੇਤਰ ਵਿਚ ਲਾਮਿਸਾਲ ਕਾਰਜਾਂ ਦੀ ਬਦੌਲਤ ਹੈ ਕਿ ਅੱਜ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸਮੇਤ ਅਨੇਕਾਂ ਸਿੱਖਿਆ ਸੰਸਥਾਵਾਂ ਕਮੇਟੀ ਵੱਲੋਂ ਬਹੁਤ ਸੁਚੱਜੇ ਢੰਗ ਨਾਲ ਚਲਾਈਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਦੁਨੀਆਂ ਵਿਚ ਉਹੀ ਕੌਮਾਂ ਤਰੱਕੀ ਕਰਦੀਆਂ ਹਨ ਜਿਹਨਾਂ ਦੀ ਨਵੀਂ ਪੀੜ੍ਹੀ ਚੰਗੀ ਸਿੱਖਿਆ ਗ੍ਰਹਿਣ ਕਰਦੀ ਹੈ ਤੇ ਉਹਨਾਂ ਨੂੰ ਇਹ ਵੇਖ ਕੇ ਖੁਸ਼ੀ ਹੈ ਕਿ ਦਿੱਲੀ ਗੁਰਦੁਆਰਾ ਕਮੇਟੀ ਇਸ ਖੇਤਰ ਵਿਚ ਚੰਗੇ ਕਾਰਜ ਕਰ ਰਹੀ ਹੈ। ਸਮਾਗਮ ਨੂੰ ਸੰਬੋਧਨ ਕਰਦਿਆਂ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸਮੁੱਚੀ ਦਿੱਲੀ ਦੇ ਸਿਰ ਦਾ ਤਾਜ ਹੈ। ਉਹਨਾਂ ਦੱਸਿਆ ਕਿ ਕੁਝ ਸਾਲ ਪਹਿਲਾਂ ਇਥੇ ਅਧਿਆਪਕਾਂ ਦੀ ਸਿੱਖਲਾਈ ਵਾਸਤੇ ਕੇਂਦਰ ਸਥਾਪਿਤ ਕੀਤਾ ਗਿਆ ਸੀ ਤੇ ਅੱਜ ਦੇਸ਼ ਭਰ ਵਿਚ ਅਜਿਹੇ 144 ਸੈਂਟਰ ਹਨ ਪਰ ਉਹਨਾਂ ਨੂੰ ਮਾਣ ਹੈ ਕਿ ਕਾਲਜ ਵਿਚ ਚਲ ਰਿਹਾ ਸੈਂਟਰ ਪਿਛਲੇ ਦੋ ਸਾਲਾਂ ਤੋਂ ਦੇਸ਼ ਵਿਚ ਬੇਹਤਰੀਨ ਸੈਂਟਰ ਹੈ। ਉਹਨਾਂ ਕਿਹਾ ਕਿ ਕਾਲਜ ਦੇ ਪ੍ਰਿੰਸੀਪਲ ਤੇ ਸਟਾਫ ਦੇ ਨਾਲ-ਨਾਲ ਵਿਦਿਆਰਥੀਆਂ ਦੀ ਮਿਹਨਤ ਸਦਕਾ ਅੱਜ ਕਾਲਜ ਦਾ ਕੌਮਾਂਤਰੀ ਪੱਧਰ ’ਤੇ ਨਾਮ ਹੈ। ਉਹਨਾਂ ਦੱਸਿਆ ਕਿ ਕਾਲਜ ਦੇ ਦੋ-ਦੋ ਗਰਲਜ਼ ਹੋਸਟਲ ਹਨ ਜਿਹਨਾਂ ਵਿਚ ਹਰੇਕ ਦੀ 350 ਵਿਦਿਆਰਥਣਾਂ ਦੀ ਸਮਰਥਾ ਹੈ ਜਿਸ ਵਿਚ ਦੇਸ਼ ਦੇ ਵੱਖ-ਵੱਖ ਭਾਗਾਂ ਤੋਂ ਆ ਕੇ ਬੱਚੀਆਂ ਪੜ੍ਹਦੀਆਂ ਹਨ ਤੇ ਸੁਰੱਖਿਅਤ ਰਹਿੰਦੀਆਂ ਹਨ। ਉਹਨਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਨੇ ਸਿੱਖਿਆ ਦੇ ਖੇਤਰ ਵਿਚ ਬਹੁਤ ਮਿਹਨਤ ਕੀਤੀ ਹੈ ਤੇ ਕਾਲਜਾਂ ਤੇ ਸਕੂਲਾਂ ਦੇ ਸਟਾਫ ਦੀ ਮਿਹਨਤ ਸਦਕਾ ਅੱਜ ਚੰਗੇ ਨਤੀਜੇ ਸਾਹਮਣੇ ਆ ਰਹੇ ਹਨ। ਉਹਨਾਂ ਕਿਹਾ ਕਿ ਅਸੀਂ ਹੋਰ ਵੀ ਸਖ਼ਤ ਮਿਹਨਤ ਕਰਾਂਗੇ ਤੇ ਵਿਦਿਆਰਥੀਆਂ ਨੂੰ ਕੌਮੀ ਤੇ ਕੌਮਾਂਤਰੀ ਪੱਧਰ ’ਤੇ ਚੰਗੇ ਅਹੁਦਿਆਂ ’ਤੇ ਸਥਾਪਿਤ ਕਰਨ ਵਾਸਤੇ ਕੰਮ ਕਰਾਂਗੇ।






# ਖੱਡ ਦੇ ਪਾਣੀ 'ਚੋਂ ਨੌਜਵਾਨ ਦੀ ਸ਼ੱਕੀ ਹਾਲਾਤ 'ਚ ਮਿਲੀ ਲਾਸ਼, ਸਰਿੰਜ ਤੇ ਲਾਈਟਰ ਵੀ ਬਰਾਮਦ

ਕੌਮੀ ਪਤ੍ਰਿਕਾ

ਸ੍ਰੀ ਕੀਰਤਪੁਰ ਸਾਹਿਬ 24 ਅਪ੍ਰੈਲ। ਬਾਅਦ ਦੁਪਹਿਰ ਪਿੰਡ ਨੱਕੀਆਂ ਤੋਂ ਪਿੰਡ ਦੋਲੋਵਾਲ ਉਪਰਲਾ ਨੂੰ ਜਾਂਦੀ ਲਿੰਕ ਸੜਕ ਦੇ ਨਾਲ ਪਿੰਡ ਦੋਲੋਵਾਲ ਹੇਠਲਾ ਵਿਚ ਪੈਂਦੀ ਖੱਡ ਦੇ ਪਾਣੀ ਵਿਚੋਂ ਇਕ ਨੌਜਵਾਨ ਦੀ ਸ਼ੱਕੀ ਹਾਲਤ ਵਿਚ ਲਾਸ਼ ਥਾਣਾ ਸ੍ਰੀ ਕੀਰਤਪੁਰ ਸਾਹਿਬ ਦੀ ਪੁਲਸ ਵੱਲੋਂ ਬਰਾਮਦ ਕੀਤੀ ਹੈ। ਥਾਣਾ ਸ੍ਰੀ ਕੀਰਤਪੁਰ ਸਾਹਿਬ ਦੀ ਪੁਲਸ ਵੱਲੋਂ ਲਾਸ਼ ਨੂੰ ਪਾਣੀ ਵਿਚੋਂ ਬਾਹਰ ਕੱਢਵਾ ਕੇ ਸਿਵਲ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਦੇ ਮੁਰਦਾ ਘਰ ਵਿਚ ਪੋਸਟਮਾਰਟਮ ਕਰਵਾਉਣ ਲਈ ਰੱਖਵਾ ਕੇ ਅਗਲੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਮੌਕੇ 'ਤੇ ਖੜ੍ਹੇ ਇਕ ਮੋਟਰਸਾਈਕਲ ਅਤੇ ਨੌਜਵਾਨ ਦੀ ਜੇਬ ਵਿਚੋਂ ਮਿਲੇ ਸਾਮਾਨ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਹੈ। ਇਸ ਲਾਸ਼ ਬਾਰੇ ਪਿੰਡ ਹੇਠਲਾ ਦੋਲੋਵਾਲ ਦੇ ਸਰਪੰਚ ਐਡਵੋਕੇਟ ਬਿਕਰਮ ਠਾਕੁਰ ਵੱਲੋਂ ਥਾਣਾ ਸ੍ਰੀ ਕੀਰਤਪੁਰ ਸਾਹਿਬ ਦੀ ਪੁਲਸ ਨੂੰ ਅਤੇ ਲੋਕਲ ਪੱਤਰਕਾਰਾਂ ਨੂੰ ਜਾਣਕਾਰੀ ਦਿੱਤੀ ਗਈ, ਐਡਵੋਕੇਟ ਬਿਕਰਮ ਠਾਕੁਰ ਨੇ ਦੱਸਿਆ ਕਿ ਪਿੰਡ ਦੋਲੋਵਾਲ ਹੇਠਲਾ ਦਾ ਇਕ ਵਸਨੀਕ ਆਪਣੀਆਂ ਮੱਝਾਂ ਖੱਡ ਵਿਚ ਚਾਰ ਰਿਹਾ ਸੀ ਜਦੋਂ ਉਹ ਖੱਡ ਦੇ ਇਸ ਪਾਸੇ ਪਹੁੰਚਿਆ ਤਾਂ ਉਸ ਨੇ ਪਾਣੀ ਵਿਚ ਮੂੰਹ ਭਾਰ ਪਈ ਇਕ ਲਾਸ਼ ਵੇਖੀ ਅਤੇ ਡਰਦਾ ਹੋਇਆ ਆਪਣੀਆਂ ਮੱਝਾਂ ਮੌਕੇ ਉੱਪਰ ਛੱਡ ਕੇ ਆਪਣੇ ਘਰ ਨੂੰ ਭੱਜ ਗਿਆ ਅਤੇ ਇਸ ਬਾਰੇ ਪਿੰਡ ਦੇ ਵਿਅਕਤੀਆਂ ਤੇ ਮੈਨੂੰ ਸੂਚਿਤ ਕੀਤਾ। ਉਨ੍ਹਾਂ ਦੱਸਿਆ ਕਿ ਲਾਸ਼ ਦਾ ਮੂੰਹ ਹੇਠਾਂ ਨੂੰ ਪਾਣੀ ਵੱਲ ਹੋਣ ਕਾਰਨ ਪਹਿਲਾਂ ਇਹ ਭੁਲੇਖਾ ਸੀ ਕਿ ਇਹ ਲਾਸ਼ ਕਿਸੇ ਔਰਤ ਦੀ ਹੋ ਸਕਦੀ ਹੈ। ਲਾਸ਼ ਦੇ ਨਜ਼ਦੀਕ ਇਕ ਲਾਵਾਰਿਸ ਹਾਲਤ 'ਚ ਮੋਟਰਸਾਈਕਲ ਨੰਬਰ ਪੀ. ਬੀ. 16 ਜੀ 3257 ਵੀ ਖੜ੍ਹਾ ਸੀ। ਐਡਵੋਕੇਟ ਬਿਕਰਮ ਠਾਕੁਰ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇਸ ਬਾਰੇ ਥਾਣਾ ਸ੍ਰੀ ਕੀਰਤਪੁਰ ਸਾਹਿਬ ਦੇ ਐੱਸ. ਐੱਚ. ਓ. ਇਸਪੈਕਟਰ ਰਾਹੁਲ ਸ਼ਰਮਾ ਨੂੰ ਸੂਚਿਤ ਕੀਤਾ ਗਿਆ। ਸੂਚਨਾ ਮਿਲਣ ਤੋਂ ਬਾਅਦ ਐੱਸ. ਐੱਚ. ਓ. ਰਾਹੁਲ ਸ਼ਰਮਾ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ ਅਤੇ ਉਨ੍ਹਾਂ ਵੱਲੋਂ ਇਸ ਬਾਰੇ ਆਪਣੇ ਉੱਚ ਅਧਿਕਾਰੀਆਂ ਨੂੰ ਸੂਚਿਤ ਕੀਤਾ ਗਿਆ ਅਤੇ ਉਨ੍ਹਾਂ ਵੱਲੋਂ ਮੌਕੇ 'ਤੇ ਰੋਪੜ ਤੋਂ ਫੋਰੈਂਸਿਕ ਟੀਮ ਨੂੰ ਵੀ ਬੁਲਾਇਆ ਗਿਆ। ਇਸ ਮੌਕੇ ਸ੍ਰੀ ਅਨੰਦਪੁਰ ਸਾਹਿਬ ਦੇ ਡੀ. ਐੱਸ. ਪੀ. ਜਸ਼ਨਦੀਪ ਸਿੰਘ ਮਾਨ ਵਲੋਂ ਵੀ ਮੌਕੇ ਉੱਪਰ ਪਹੁੰਚ ਕੇ ਲਾਸ਼ ਨੂੰ ਵੇਖਿਆ ਗਿਆ। ਲਾਸ਼ ਬਾਰੇ ਸਭ ਨੂੰ ਪਹਿਲਾਂ ਇਹ ਭੁਲੇਖਾ ਸੀ ਕਿ ਇਹ ਲਾਸ਼ ਕਿਸੇ ਔਰਤ ਦੀ ਹੋਵੇਗੀ ਕਿਉਂਕਿ ਲਾਸ਼ ਦਾ ਮੂੰਹ ਪਾਣੀ ਵਿਚ ਸੀ ਜਦਕਿ ਸਿਰ ਬਾਹਰ ਅਤੇ ਮ੍ਰਿਤਕ ਨੌਜਵਾਨ ਵੱਲੋਂ ਆਪਣੇ ਸਿਰ ਦੇ ਵਾਲਾਂ ਦਾ ਜੂੜਾ ਵੀ ਕੀਤਾ ਹੋਇਆ ਸੀ, ਜਿਸ ਕਰਕੇ ਔਰਤ ਦੀ ਲਾਸ਼ ਹੋਣ ਦਾ ਭੁਲੇਖਾ ਪੈ ਰਿਹਾ ਸੀ। ਫੋਰੈਂਸਿਕ ਟੀਮ ਵੱਲੋਂ ਮੌਕੇ ਉੱਪਰ ਪਹੁੰਚ ਕੇ ਅਗਲੀ ਕਾਰਵਾਈ ਸ਼ੁਰੂ ਕੀਤੀ ਗਈ ਅਤੇ ਉਨ੍ਹਾਂ ਵੱਲੋਂ ਵੱਖ-ਵੱਖ ਥਾਵਾਂ ਦੀਆਂ ਫੋਟੋਆਂ ਖਿੱਚੀਆਂ ਗਈਆਂ ਅਤੇ ਮੋਟਰਸਾਈਕਲ ਦੀ ਵੀ ਜਾਂਚ ਕੀਤੀ। ਜਦੋਂ ਸਥਾਨਕ ਨੌਜਵਾਨਾਂ ਨੂੰ ਲਗਾ ਕੇ ਪਾਣੀ ਵਿਚੋਂ ਲਾਸ਼ ਨੂੰ ਬਾਹਰ ਕੱਢਿਆ ਤਾਂ ਇਹ ਲਾਸ਼ ਕਿਸੇ ਔਰਤ ਦੀ ਨਹੀਂ ਸਗੋਂ ਇਕ ਨੌਜਵਾਨ ਦੀ ਸੀ, ਜਿਸ ਦੀ ਪਛਾਣ ਦਿਲਸ਼ੇਰ ਸਿੰਘ ਉਰਫ਼ ਸ਼ੈਰੀ ਉਮਰ ਕਰੀਬ 36 ਸਾਲ ਪੁੱਤਰ ਬਲਦੇਵ ਸਿੰਘ ਵਾਸੀ ਪਿੰਡ ਦਬੁੜ ਹੇਠਲਾ ਵਜੋਂ ਹੋਈ ਹੈ। ਮ੍ਰਿਤਕ ਨੌਜਵਾਨ ਦੇ ਪਿਤਾ ਦੀ ਮੌਤ ਪਹਿਲਾਂ ਹੀ ਹੋ ਚੁੱਕੀ ਹੈ ਅਤੇ ਉਸ ਦੀ ਮਾਤਾ ਹਰਭਜਨ ਕੌਰ ਇਕ ਸੇਵਾ ਮੁਕਤ ਅਧਿਆਪਕਾ ਹੈ। ਉਕਤ ਮ੍ਰਿਤਕ ਨੌਜਵਾਨ ਦਾ ਵਿਆਹ ਪਿੰਡ ਭਰਤਗੜ੍ਹ ਵਿਖੇ ਹੋਇਆ ਹੈ ਅਤੇ ਉਸ ਦੇ ਦੋ ਕੁੜੀਆਂ ਹਨ, ਉਸ ਦੀ ਪਤਨੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਪ੍ਰਾਈਵੇਟ ਨੌਕਰੀ ਕਰਦੀ ਹੈ। ਨੌਜਵਾਨ ਦੀ ਜੇਬ ਵਿਚੋਂ ਪੁਲਿਸ ਵੱਲੋਂ ਇਕ ਬਟਨਾਂ ਵਾਲਾ ਫੋਨ ਅਤੇ ਇਕ ਸਮਾਰਟ ਫੋਨ ਬਰਾਮਦ ਕੀਤਾ ਹੈ। ਇਸ ਤੋਂ ਇਲਾਵਾ ਪੁਲਸ ਨੂੰ ਇਕ ਬੀੜੀਆਂ ਦਾ ਬੰਡਲ, ਇਕ ਜਰਦੇ ਦੀ ਪੂੜੀ, ਇਕ ਲਾਈਟਰ ਅਤੇ ਇਕ ਸਰਿੰਜ ਮੌਕੇ ਤੋਂ ਬਰਾਮਦ ਹੋਈ ਹੈ, ਜਿਸ ਨੂੰ ਜਾਂਚ ਕਰਨ ਲਈ ਪੁਲਸ ਵੱਲੋਂ ਆਪਣੇ ਕਬਜ਼ੇ ਵਿਚ ਲੈ ਲਿਆ ਹੈ। ਨੌਜਵਾਨ ਦੀ ਮੌਤ ਕਿਸ ਤਰ੍ਹਾਂ ਹੋਈ ਇਸ ਬਾਰੇ ਪੁਲਸ ਵੱਲੋਂ ਜਾਂਚ ਕੀਤੀ ਜਾ ਰਹੀ। ਇਸ ਬਾਰੇ ਜਦੋਂ ਥਾਣਾ ਸ੍ਰੀ ਕੀਰਤਪੁਰ ਸਾਹਿਬ ਦੇ ਐੱਸ. ਐੱਚ. ਓ. ਇੰਸਪੈਕਟਰ ਰਾਹੁਲ ਸ਼ਰਮਾ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਨੇ ਕਿਹਾ ਕਿ ਪੁਲਸ ਵੱਲੋਂ ਲਾਸ਼ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਸਿਵਲ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਦੇ ਮੁਰਦਾ ਘਰ ਵਿਚ ਪੋਸਟਮਾਟਮ ਕਰਵਾਉਣ ਲਈ ਰਖਵਾ ਦਿੱਤਾ ਗਿਆ ਹੈ, ਮੌਕੇ 'ਤੇ ਜੋ ਵੀ ਸਾਮਾਨ ਮਿਲਿਆ ਹੈ ਉਸ ਦੀ ਜਾਂਚ ਕੀਤੀ ਜਾਵੇਗੀ। ਇਸ ਹਾਦਸੇ ਬਾਰੇ ਮ੍ਰਿਤਕ ਨੌਜਵਾਨ ਦੇ ਪਰਿਵਾਰ ਨੂੰ ਸੂਚਿਤ ਕਰ ਦਿੱਤਾ ਗਿਆ ਹੈ ਉਨ੍ਹਾਂ ਵੱਲੋਂ ਪੁਲਸ ਨੂੰ ਜੋ ਬਿਆਨ ਦਿੱਤੇ ਜਾਣਗੇ ਉਸ ਆਧਾਰ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਲਾਸ਼ ਵਾਲੀ ਥਾਂ ਦੇ ਨਜ਼ਦੀਕ ਪਿੰਡ ਦੋਲੋਵਾਲ ਹੇਠਲਾ ਦੇ ਵਸਨੀਕ ਔਰਤਾਂ ਅਤੇ ਮਰਦ ਭਾਰੀ ਤਾਦਾਦ ਵਿਚ ਇਕੱਠੇ ਹੋ ਗਏ। ਲੋਕਾਂ ਵਿਚ ਕਾਫੀ ਸਹਿਮ ਸੀ, ਨੌਜਵਾਨ ਦੀ ਮੌਤ ਬਾਰੇ ਮੌਕੇ 'ਤੇ ਮੌਜੂਦ ਲੋਕਾਂ ਵੱਲੋਂ ਕਈ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਸਨ।



## ਅਫਰੀਕਨ ਸਵਾਈਨ ਫੀਵਰ ਪ੍ਰਭਾਵਿਤ ਖੇਤਰ ਨੂੰ ਰੀਪੋਪੂਲੇਸ਼ਨ ਘੋਸ਼ਿਤ ਕੀਤਾ ਗਿਆ

ਅਜਨਾਲਾ 24 ਅਪ੍ਰੈਲ। ਡਿਪਟੀ ਡਾਇਰੈਕਟਰ, ਪਸ਼ੂ ਪਾਲਣ ਵਿਭਾਗ, ਅੰਮ੍ਰਿਤਸਰ ਵੱਲੋਂ ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਧਾਰੀਵਾਲ ਕਲੇਰ, ਤਹਿਸੀਲ ਅਜਨਾਲਾ ਵਿਚ ਮਿਤੀ 10 ਸਤੰਬਰ 2025 ਨੂੰ ਅਫਰੀਕਨ ਸਵਾਈਨ ਫੀਵਰ ਦੇ ਕੇਸ ਸਾਹਮਣੇ ਆਏ ਸਨ, ਜਿਸ ਤੋਂ ਬਾਅਦ ਇਸ ਖੇਤਰ ਨੂੰ ਬਿਮਾਰੀ ਦਾ ਕੇਂਦਰ (ਐਪੀਸੈਂਟਰ) ਘੋਸ਼ਿਤ ਕਰ ਦਿੱਤਾ ਗਿਆ ਸੀ। ਇਸ ਦੌਰਾਨ ਪਿੰਡ ਦੇ 0 ਤੋਂ 1 ਕਿਲੋਮੀਟਰ ਦੇ ਘੇਰੇ ਨੂੰ ਇੰਫੈਕਟਿਡ ਏਰੀਆ ਅਤੇ 1 ਤੋਂ 10 ਕਿਲੋਮੀਟਰ ਤੱਕ ਦੇ ਇਲਾਕੇ ਨੂੰ ਸਰਵੇਲੈਂਸ ਜ਼ੋਨ ਘੋਸ਼ਿਤ ਕੀਤਾ ਗਿਆ ਸੀ। ਭਾਰਤ ਸਰਕਾਰ ਦੇ ਨਿਯਮਾਂ ਅਨੁਸਾਰ ਇੰਫੈਕਟਿਡ ਜ਼ੋਨ ਵਿਚ ਸਫਾਈ ਅਤੇ ਡਿਸਇਨਫੈਕਸ਼ਨ ਦੀ ਕਾਰਵਾਈ ਕੀਤੀ ਗਈ ਅਤੇ ਦੋ ਵਾਰ ਰਿਪੋਰਟ ਨੈਗੇਟਿਵ ਆਉਣ ਉਪਰੰਤ ਹਾਲਾਤ ਸਧਾਰਨ ਪਾਏ ਗਏ ਹਨ। ਉਪਰੋਕਤ ਸਥਿਤੀ ਨੂੰ ਧਿਆਨ ਵਿਚ ਰੱਖਦੇ ਹੋਏ ਵਧੀਕ ਜ਼ਿਲ੍ਹਾ ਮੈਜਿਸਟਰੇਟ ਅੰਮ੍ਰਿਤਸਰ ਰੋਹਿਤ ਕੁਮਾਰ ਗੁਪਤਾ, ਪੀ.ਸੀ.ਐਸ. ਵੱਲੋਂ ਭਾਰਤੀ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦਾ ਪ੍ਰਯੋਗ ਕਰਦੇ ਹੋਏ ਪਹਿਲਾਂ ਜਾਰੀ ਕੀਤੇ ਪਾਬੰਦੀ ਸੰਬੰਧੀ ਹੁਕਮਾਂ ਨੂੰ ਰੱਦ ਕਰ ਦਿੱਤਾ ਗਿਆ ਹੈ। ਉਨ੍ਹਾਂ ਵੱਲੋਂ ਹੁਣ ਉਕਤ ਖੇਤਰ ਨੂੰ ਰੀਪੋਪੂਲੇਸ਼ਨ ਜ਼ੋਨ ਘੋਸ਼ਿਤ ਕੀਤਾ ਗਿਆ ਹੈ, ਜਿਸ ਨਾਲ ਪਸ਼ੂ ਪਾਲਣ ਗਤੀਵਿਧੀਆਂ ਮੁੜ ਸ਼ੁਰੂ ਕੀਤੀਆਂ ਜਾ ਸਕਣਗੀਆਂ। ਇਹ ਹੁਕਮ ਤੁਰੰਤ ਪ੍ਰਭਾਵ ਨਾਲ ਲਾਗੂ ਹੋ ਗਏ ਹਨ।

## ਫਾਜ਼ਿਲਕਾ ਦੀ ਅਨਾਜ ਮੰਡੀ 'ਚ ਪੁੱਜੀ ਕੇਂਦਰੀ ਟੀਮ, ਕਣਕ ਦੀ ਨੁਕਸਾਨੀ ਫ਼ਸਲ ਦਾ ਲਿਆ ਜਾਇਜ਼ਾ

ਫਾਜ਼ਿਲਕਾ 24 ਅਪ੍ਰੈਲ। ਫਾਜ਼ਿਲਕਾ ਇਲਾਕੇ 'ਚ ਹੋਈ ਬੇਮੌਸਮੀ ਬਾਰਸ਼ ਅਤੇ ਗੜ੍ਹੇਮਾਰੀ ਕਾਰਨ ਕਣਕ ਦੀ ਫ਼ਸਲ ਦੇ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਕੇਂਦਰੀ ਟੀਮ ਫਾਜ਼ਿਲਕਾ ਦੀ ਅਨਾਜ ਮੰਡੀ ਪਹੁੰਚੀ। ਕੇਂਦਰੀ ਟੀਮ ਦੇ ਅਧਿਕਾਰੀਆਂ ਨੇ ਮੰਡੀ 'ਚ ਪਹੁੰਚ ਕੇ ਕਣਕ ਦੇ ਢੇਰਾਂ ਤੋਂ ਵੱਖ-ਵੱਖ ਨਮੂਨੇ ਲਏ ਹਨ ਅਤੇ ਇਨ੍ਹਾਂ ਦੀ ਜਾਂਚ ਲਈ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਫਾਜ਼ਿਲਕਾ ਮੰਡੀ ਵਿੱਚੋਂ ਕੁੱਲ ਪੰਜ ਨਮੂਨੇ ਲਏ ਗਏ ਹਨ, ਜਿਨ੍ਹਾਂ ਦੀ ਰਿਪੋਰਟ ਆਉਣ ਤੋਂ ਬਾਅਦ ਹੀ



ਸਰਕਾਰੀ ਖ਼ਰੀਦ ਸ਼ੁਰੂ ਹੋ ਸਕੇਗੀ। ਟੀਮ ਦੇ ਅਧਿਕਾਰੀ ਅਭਿਸ਼ੇਕ ਪਾਂਡੇ ਨੇ ਦੱਸਿਆ ਕਿ ਪਿਛਲੇ ਦਿਨੀਂ ਹੋਈ ਬਾਰਸ਼ ਅਤੇ ਗੜ੍ਹੇਮਾਰੀ ਕਾਰਨ ਫ਼ਸਲਾਂ ਦਾ ਕਾਫੀ ਨੁਕਸਾਨ ਹੋਇਆ ਹੈ, ਜਿਸ ਦੀ ਰਿਪੋਰਟ ਕੇਂਦਰ ਸਰਕਾਰ ਨੂੰ ਭੇਜੀ ਜਾਵੇਗੀ। ਉਨ੍ਹਾਂ ਅਨੁਸਾਰ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚੋਂ ਨਮੂਨੇ ਲਏ ਜਾ ਰਹੇ ਹਨ, ਪਰ ਸਭ ਤੋਂ ਵੱਧ ਪ੍ਰਭਾਵ ਸ੍ਰੀ ਮੁਕਤਸਰ ਸਾਹਿਬ, ਬਠਿੰਡਾ ਅਤੇ ਫਾਜ਼ਿਲਕਾ 'ਚ ਦੇਖਣ ਨੂੰ ਮਿਲਿਆ ਹੈ। ਅਧਿਕਾਰੀਆਂ ਨੇ ਭਰੋਸਾ ਦਿੱਤਾ ਕਿ ਨਮੂਨਿਆਂ ਦੀ ਜਾਂਚ ਜਲਦੀ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਜੋ ਖ਼ਰੀਦ ਪ੍ਰਕਿਰਿਆ ਸ਼ੁਰੂ ਹੋ ਸਕੇ। ਖ਼ਰੀਦ ਏਜੰਸੀਆਂ ਦਾ ਕਹਿਣਾ ਹੈ ਕਿ ਬੇਮੌਸਮੀ ਬਾਰਿਸ਼ ਕਾਰਨ ਫ਼ਸਲ ਖੇਤਾਂ 'ਚ ਵਿਛ ਗਈ ਸੀ, ਜਿਸ ਕਾਰਨ ਕਣਕ ਦਾ ਦਾਣਾ ਕਾਲਾ ਪੈ ਗਿਆ ਹੈ ਅਤੇ ਦਾਣੇ 'ਚ ਟੁੱਟ-ਭੱਜ ਵੀ ਜ਼ਿਆਦਾ ਹੈ। ਇਸ ਸਥਿਤੀ ਨੂੰ ਦੇਖਦੇ ਹੋਏ ਕਿਸਾਨਾਂ ਅਤੇ ਏਜੰਸੀਆਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਸਰਕਾਰੀ ਖ਼ਰੀਦ ਦੇ ਨਿਯਮਾਂ 'ਚ ਢਿੱਲ ਦਿੱਤੀ ਜਾਵੇ ਤਾਂ ਜੋ ਕਣਕ ਦੀ ਫ਼ਸਲ ਸਮੇਂ ਸਿਰ ਖ਼ਰੀਦੀ ਜਾ ਸਕੇ। ਹੁਣ ਸਭ ਦੀਆਂ ਨਜ਼ਰਾਂ ਕੇਂਦਰੀ ਟੀਮ ਦੀ ਆਉਣ ਵਾਲੀ ਰਿਪੋਰਟ 'ਤੇ ਟਿਕੀਆਂ ਹੋਈਆਂ ਹਨ।

## ਲੁਧਿਆਣਾ 'ਚ ਅੱਧੀ ਰਾਤ ਨੂੰ ਖ਼ੂਨੀ ਖੇਡ, ਦੋ ਧਿਰਾਂ ਵਿਚਾਲੇ ਚੱਲੀਆਂ ਗੋਲੀਆਂ

ਲੁਧਿਆਣਾ 24 ਅਪ੍ਰੈਲ। ਇੱਥੇ ਤਾਜਪੁਰ ਰੋਡ ਸਥਿਤ ਇਲਾਕੇ ਸੰਜੇ ਗਾਂਧੀ ਕਾਲੋਨੀ 'ਚ ਐਤਵਾਰ ਦੇਰ ਰਾਤ ਉਸ ਵੇਲੇ ਹਾਹਾਕਾਰ ਮਚ ਗਈ, ਜਦੋਂ ਪੁਰਾਣੀ ਰੰਜਿਸ਼ ਨੂੰ ਲੈ ਕੇ ਦੋ ਧਿਰਾਂ ਵਿਚਾਲੇ ਖ਼ੂਨੀ ਜੰਗ ਛਿੜ ਗਈ। ਇਸ ਭਿਆਨਕ ਲੜਾਈ ਦੌਰਾਨ ਜੰਮ ਕੇ ਇੱਟਾਂ-ਪੱਥਰ ਚੱਲੇ ਅਤੇ ਗੋਲੀਆਂ ਵੀ ਚਲਾਈਆਂ ਗਈਆਂ। ਅਚਾਨਕ ਹੋਈ ਇਸ ਵਾਰਦਾਤ ਕਾਰਨ ਪੂਰੇ ਇਲਾਕੇ 'ਚ ਦਹਿਸ਼ਤ ਫੈਲ ਗਈ ਅਤੇ ਲੋਕ ਆਪਣੀ ਜਾਨ ਬਚਾਉਣ ਲਈ ਘਰਾਂ 'ਚ ਦੁਬਕ ਗਏ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਥਾਣਾ ਡਵੀਜ਼ਨ ਨੰਬਰ 7 ਦੇ ਐੱਸ. ਐੱਚ. ਓ. ਗਗਨਦੀਪ ਸਿੰਘ ਭਾਰੀ ਪੁਲਸ ਫੋਰਸ ਸਮੇਤ ਮੌਕੇ 'ਤੇ ਪਹੁੰਚੇ ਅਤੇ ਸਥਿਤੀ ਨੂੰ ਕਾਬੂ ਕੀਤਾ। ਜਾਂਚ 'ਚ ਸਾਹਮਣੇ ਆਇਆ ਹੈ ਕਿ ਇਲਾਕੇ ਦੇ ਹੀ ਰਹਿਣ ਵਾਲੇ ਆਸ਼ੀਸ਼ ਅਤੇ ਗਰੇਵਾਲ ਨਾਮਕ ਦੋ ਨੌਜਵਾਨਾਂ ਵਿਚਕਾਰ ਕਾਫੀ ਸਮੇਂ ਤੋਂ ਵਿਵਾਦ ਚੱਲ ਰਿਹਾ ਹੈ। ਖ਼ੂਨੀ ਖੇਡ ਦੀ ਸ਼ੁਰੂਆਤ ਐਤਵਾਰ ਦੁਪਹਿਰ ਨੂੰ ਹੋਈ ਸੀ, ਜਦੋਂ ਮਾਮੂਲੀ ਗੱਲ 'ਤੇ ਗਰੇਵਾਲ ਨੇ ਆਸ਼ੀਸ਼ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਸੀ, ਜਿਸ ਕਾਰਨ ਆਸ਼ੀਸ਼ ਦੀ ਲੱਤ 'ਤੇ ਗੰਭੀਰ ਸੱਟ ਲੱਗੀ। ਦਿਨ ਵੇਲੇ ਹੋਈ ਇਸ ਬੇਇੱਜ਼ਤੀ ਦਾ ਬਦਲਾ ਲੈਣ ਲਈ ਆਸ਼ੀਸ਼ ਨੇ ਦੇਰ ਰਾਤ ਕਰੀਬ 30 ਤੋਂ 40 ਸਾਥੀਆਂ ਨੂੰ ਇਕੱਠਾ ਕੀਤਾ ਅਤੇ ਹਥਿਆਰਾਂ ਤੇ ਪੱਥਰਾਂ ਨਾਲ ਲੈਸ ਹੋ ਕੇ ਗਰੇਵਾਲ ਦੇ ਘਰ 'ਤੇ ਹਮਲਾ ਕਰ ਦਿੱਤਾ। ਪੁਲਸ ਨੇ ਘਟਨਾ ਸਥਾਨ ਤੋਂ ਦੋ ਗੋਲੀਆਂ ਦੇ ਖੋਲ ਬਰਾਮਦ ਕੀਤੇ ਹਨ। ਐੱਸ. ਐੱਚ. ਓ. ਗਗਨਦੀਪ ਸਿੰਘ ਅਨੁਸਾਰ ਮੁਲਜ਼ਮਾਂ ਦੀ ਪਛਾਣ ਲਈ ਆਸ-ਪਾਸ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ। ਪੁਲਸ ਨੇ ਸਪੱਸ਼ਟ ਕੀਤਾ ਹੈ ਕਿ ਇਸ ਗੁੰਡਾਗਰਦੀ 'ਚ ਸ਼ਾਮਲ ਕਿਸੇ ਵੀ ਨੌਜਵਾਨ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਪਛਾਣ ਪੁਖ਼ਤਾ ਹੋਣ ਤੋਂ ਬਾਅਦ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਬੱਸਾਂ ਦਾ ਸਫ਼ਰ ਕਰਨ ਵਾਲਿਆਂ ਲਈ ਚੰਗੀ ਖ਼ਬਰ, ਹੁਣ ਯਾਤਰੀਆਂ ਨੂੰ ਮਿਲੇਗੀ ਵੱਡੀ ਰਾਹਤ

ਕੌਮੀ ਪਤ੍ਰਿਕਾ

ਚੰਡੀਗੜ੍ਹ 24 ਅਪ੍ਰੈਲ। ਬੱਸਾਂ ਦਾ ਸਫ਼ਰ ਕਰਨ ਵਾਲਿਆਂ 'ਚ ਚੰਗੀ ਖ਼ਬਰ ਹੈ। ਦਰਅਸਲ ਚੰਡੀਗੜ੍ਹ ਪ੍ਰਸ਼ਾਸਨ ਨੇ ਵੱਖ-ਵੱਖ ਸੂਬਿਆਂ ਦੀਆਂ ਬੱਸ ਸੇਵਾਵਾਂ ਵਿਚਕਾਰ ਚੱਲ ਰਹੇ ਵਿਵਾਦ ਅਤੇ ਯਾਤਰੀਆਂ ਨੂੰ ਆ ਰਹੀ ਪਰੇਸ਼ਾਨੀ ਨੂੰ ਧਿਆਨ 'ਚ ਰੱਖਦਿਆਂ ਇਕ ਮਹੱਤਵਪੂਰਨ ਯੋਜਨਾਬੱਧ ਕਦਮ ਚੁੱਕਿਆ ਹੈ। ਇਸ ਨਾਲ ਯਾਤਰੀਆਂ ਨੂੰ ਵੱਡੀ ਰਾਹਤ ਮਿਲੇਗੀ। ਪ੍ਰਸ਼ਾਸਨ ਵੱਲੋਂ ਸਾਂਝੀ ਸਮਾਂ-ਸਾਰਣੀ ਲਾਗੂ ਕਰ ਦਿੱਤੀ ਗਈ ਹੈ, ਜਿਸ ਨਾਲ ਹੁਣ ਬੱਸ ਸੇਵਾਵਾਂ ਹੋਰ ਸੁਚੱਜੇ ਤੇ ਤਰਤੀਬਵਾਰ ਢੰਗ ਨਾਲ ਚੱਲਣਗੀਆਂ। ਸਟੇਟ ਟਰਾਂਪੋਰਟ ਅਥਾਰਟੀ, ਚੰਡੀਗੜ੍ਹ ਵੱਲੋਂ ਸਾਲ 2011 ਦੌਰਾਨ 9 ਪ੍ਰਮੁੱਖ ਰੂਟਾਂ ਲਈ ਤਿਆਰ ਕੀਤੀ ਗਈ ਸਮਾਂ-ਸਾਰਣੀ ਨੂੰ ਹੁਣ ਲਾਗੂ ਕੀਤਾ ਗਿਆ ਹੈ। ਇਹ ਸਮਾਂ-ਸਾਰਣੀ ਦੋਵੇਂ ਆਈ. ਐੱਸ. ਬੀ. ਟੀ. ਤੋਂ ਚੱਲਣ ਵਾਲੀਆਂ ਸਟੇਜ ਕੈਰੇਜ ਬੱਸਾਂ 'ਤੇ ਲਾਗੂ ਹੋਵੇਗੀ। ਅਧਿਕਾਰੀਆਂ ਅਨੁਸਾਰ ਹੋਰ ਰੂਟਾਂ ਤੇ ਮੰਜ਼ਿਲਾਂ ਲਈ ਵੀ ਸਮਾਂ-ਸਾਰਣੀ ਤਿਆਰ ਕਰਨ 'ਤੇ ਕੰਮ ਜਾਰੀ ਹੈ ਅਤੇ ਜਲਦ ਹੀ ਇਸ ਨੂੰ ਵੀ ਅੰਤਿਮ ਰੂਪ ਦਿੱਤਾ ਜਾਵੇਗਾ। ਇਹ ਸਮਾਂ-ਸਾਰਣੀ ਸੀ. ਟੀ. ਯੂ., ਪੰਜਾਬ ਰੋਡਵੇਜ਼, ਹਰਿਆਣਾ ਰੋਡਵੇਜ਼, ਪੈਪਸੂ ਟਰਾਂਸਪੋਰਟ ਕਾਰਪੋਰੇਸ਼ਨ, ਰਾਜਸਥਾਨ ਤੇ ਹੋਰ ਸੂਬਿਆਂ ਦੀਆਂ ਟਰਾਂਸਪੋਰਟ ਏਜੰਸੀਆਂ ਦੀ ਸਹਿਮਤੀ ਨਾਲ ਤਿਆਰ ਕੀਤੀ ਗਈ ਹੈ। ਇਸ ਦੇ ਲਾਗੂ ਹੋਣ ਨਾਲ ਹੁਣ ਸਾਰੀਆਂ ਬੱਸਾਂ ਨੂੰ ਨਿਰਧਾਰਿਤ ਸਮੇਂ ਅਨੁਸਾਰ ਹੀ ਚਲਾਇਆ ਜਾਵੇਗਾ, ਜਿਸ ਨਾਲ ਆਪਰੇਟਰਾਂ ਵਿਚਕਾਰ ਟਕਰਾਅ ਅਤੇ ਉਲਝਣ ਨੂੰ ਖ਼ਤਮ ਕਰਨ 'ਚ ਮਦਦ ਮਿਲੇਗੀ। ਬੱਸਾਂ ਹੁਣ ਨਿਯਮਿਤ ਅਤੇ ਤੈਅ ਸਮੇਂ 'ਤੇ ਚੱਲਣਗੀਆਂ, ਜਿਸ ਨਾਲ ਯਾਤਰੀਆਂ ਨੂੰ ਬਿਨਾਂ ਰੁਕਾਵਟ ਯਾਤਰਾ ਦੀ ਸਹੂਲਤ ਮਿਲੇਗੀ। ਇਸ ਦੇ ਨਾਲ ਹੀ ਵੱਖ-ਵੱਖ ਸੂਬਿਆਂ ਦੇ ਬੱਸ ਆਪਰੇਟਰਾਂ ਵਿਚਕਾਰ ਹੋਣ ਵਾਲੇ ਝਗੜਿਆਂ 'ਚ ਵੀ ਕਮੀ ਆਵੇਗੀ ਤੇ ਪੂਰਾ ਪ੍ਰਬੰਧ ਹੋਰ ਵਿਵਸਥਿਤ ਬਣੇਗਾ। ਨਵੀਂ ਸਮਾਂ-ਸਾਰਣੀ ਅਨੁਸਾਰ ਆਈ. ਐੱਸ. ਬੀ. ਟੀ.-17 ਤੋਂ ਯਮੁਨਾਨਗਰ, ਹਰਿਦੁਆਰ, ਰਿਸ਼ੀਕੇਸ਼ ਤੇ ਹਲਦਵਾਨੀ ਵੱਲ 120 ਟਰਿੱਪ, ਕੈਥਲ, ਜੀਂਦ, ਹਿਸਾਰ ਤੇ ਖਾਟੂ ਸ਼ਿਆਮ ਵੱਲ 134 ਟਰਿੱਪ, ਅਤੇ 152(ਡੀ) ਐਕਸਪ੍ਰੈਸਵੇਅ ਲਈ 24 ਟਰਿੱਪ ਨਿਰਧਾਰਿਤ ਕੀਤੇ ਗਏ ਹਨ। ਇਸ ਤੋਂ ਇਲਾਵਾ ਮੁੱਲਾਂਪੁਰ, ਕੁਰਾਲੀ ਆਦਿ ਲਈ 68 ਟਰਿੱਪ ਚੱਲਣਗੇ। ਆਈ. ਐੱਸ. ਬੀ. ਟੀ.-43 ਤੋਂ ਚੁੰਨੀ, ਸਰਹਿੰਦ, ਖੰਨਾ ਲਈ 43 ਟਰਿੱਪ, ਮੋਰਿੰਡਾ ਅਤੇ ਚਮਕੌਰ ਸਾਹਿਬ ਰੂਟ 'ਤੇ ਨਿਯਮਿਤ ਸੇਵਾ, ਜਦਕਿ ਪਿੰਜੌਰ, ਕਾਲਕਾ ਤੇ ਬੱਦੀ ਲਈ 92 ਟਰਿੱਪ ਨਿਰਧਾਰਿਤ ਕੀਤੇ ਗਏ ਹਨ। ਇਸੇ ਤਰ੍ਹਾਂ ਅੰਬਾਲਾ ਅਤੇ ਕੁਰੂਕਸ਼ੇਤਰ ਰੂਟ 'ਤੇ 127 ਟਰਿੱਪ ਤੇ ਕਰਨਾਲ ਤੋਂ ਲੈ ਕੇ ਰੋਹਤਕ, ਰੇਵਾੜੀ ਅਤੇ ਸੀਕਰ ਤੱਕ 152 ਟਰਿੱਪ ਤੈਅ ਕੀਤੇ ਗਏ ਹਨ। ਕੁੱਲ ਮਿਲਾ ਕੇ ਇਹ ਫ਼ੈਸਲਾ ਜਨਤਕ ਆਵਾਜਾਈ ਪ੍ਰਣਾਲੀ ਨੂੰ ਹੋਰ ਸੁਚਾਰੂ ਅਤੇ ਭਰੋਸੇਮੰਦ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ।

## ਆਲੀਸ਼ਾਨ ਘਰਾਂ 'ਚ ਰਹਿਣ ਦੇ ਸ਼ੌਕੀਨ ਪੰਜਾਬੀ ! ਤਾਜ਼ਾ ਰਿਪੋਰਟ ਆਈ ਸਾਹਮਣੇ

ਚੰਡੀਗੜ੍ਹ 24 ਅਪ੍ਰੈਲ। ਪੰਜਾਬੀ ਆਪਣੇ ਸ਼ੌਂਕ ਲਈ ਪੂਰੀ ਦੁਨੀਆ 'ਚ ਜਾਣੇ ਜਾਂਦੇ ਹਨ। ਅੰਕੜਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰਾਲੇ ਦੀ ਇੱਕ ਅਜਿਹੀ ਹੀ ਤਾਜ਼ਾ ਰਿਪੋਰਟ ਸਾਹਮਣੇ ਆਈ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦੇ ਲੋਕ ਆਲੀਸ਼ਾਨ ਘਰਾਂ 'ਚ ਰਹਿਣ ਦੇ ਸਭ ਤੋਂ ਜ਼ਿਆਦਾ ਸ਼ੌਕੀਨ ਹਨ। ਉੱਤਰੀ ਭਾਰਤ 'ਚ ਪੰਜਾਬ ਅਜਿਹਾ ਸੂਬਾ ਹੈ, ਜੋ ਮਕਾਨਾਂ ਦੇ ਨਿਰਮਾਣ ਅਤੇ ਉਨ੍ਹਾਂ ਦੀ ਮੁਰੰਮਤ (ਰੇਨੋਵੇਸ਼ਨ) 'ਤੇ ਸਭ ਤੋਂ ਵੱਧ ਖ਼ਰਚ ਕਰ ਰਿਹਾ ਹੈ। ਕੌਮੀ ਔਸਤ ਤੋਂ ਕਿਤੇ ਵੱਧ ਖ਼ਰਚਾ ਰਿਪੋਰਟ ਅਨੁਸਾਰ ਪੰਜਾਬ 'ਚ ਲੋਕ ਇੱਕ ਮਕਾਨ ਦੀ ਉਸਾਰੀ ਜਾਂ ਰੇਨੋਵੇਸ਼ਨ 'ਤੇ ਸਲਾਨਾ ਔਸਤਨ 4.72 ਲੱਖ ਰੁਪਏ ਖ਼ਰਚ ਕਰਦੇ ਹਨ, ਜੋ ਕਿ 3.22 ਲੱਖ ਰੁਪਏ ਦੀ ਕੌਮੀ ਔਸਤ ਨਾਲੋਂ ਕਿਤੇ ਜ਼ਿਆਦਾ ਹੈ। ਦੇਸ਼ ਪੱਧਰ 'ਤੇ ਪੰਜਾਬ ਇਸ ਮਾਮਲੇ 'ਚ ਤੀਜੇ ਸਥਾਨ 'ਤੇ ਹੈ, ਜਦੋਂ ਕਿ ਕਰਨਾਟਕ (6.11 ਲੱਖ) ਅਤੇ ਤੇਲੰਗਾਨਾ (5.23 ਲੱਖ) ਕ੍ਰਮਵਾਰ ਪਹਿਲੇ ਅਤੇ ਦੂਜੇ ਸਥਾਨ 'ਤੇ ਹਨ। ਪੰਜਾਬ ਦੇ ਸ਼ਹਿਰੀ ਖੇਤਰਾਂ 'ਚ ਉਸਾਰੀ ਦਾ ਖ਼ਰਚਾ ਪੇਂਡੂ ਖੇਤਰਾਂ ਦੇ ਮੁਕਾਬਲੇ ਕਾਫੀ ਜ਼ਿਆਦਾ ਹੈ। ਸ਼ਹਿਰਾਂ 'ਚ ਪ੍ਰਤੀ ਘਰ ਸਲਾਨਾ ਖ਼ਰਚਾ 6.10 ਲੱਖ ਰੁਪਏ ਹੈ, ਜਦੋਂ ਕਿ ਪਿੰਡਾਂ 'ਚ ਇਹ ਅੰਕੜਾ 3.87 ਲੱਖ ਰੁਪਏ ਹੈ। ਰਾਸ਼ਟਰੀ ਪੱਧਰ 'ਤੇ ਵੀ ਸ਼ਹਿਰਾਂ 'ਚ ਉਸਾਰੀ ਖ਼ਰਚਾ (4.16 ਲੱਖ) ਪਿੰਡਾਂ (2.93 ਲੱਖ) ਨਾਲੋਂ ਵੱਧ ਦਰਜ ਕੀਤਾ ਗਿਆ ਹੈ। ਪੰਜਾਬ 'ਚ ਉਸਾਰੀ ਦੇ ਕੁੱਲ ਬਜਟ ਦਾ 76.2 ਫ਼ੀਸਦੀ ਹਿੱਸਾ ਸਿਰਫ ਨਿਰਮਾਣ ਸਮੱਗਰੀ 'ਤੇ ਖ਼ਰਚ ਹੁੰਦਾ ਹੈ। ਇਸ 'ਚ ਇੱਟਾਂ ਦੀ ਲਾਗਤ ਸਭ ਤੋਂ ਵੱਧ 31.5 ਫ਼ੀਸਦੀ ਹੈ, ਜਦੋਂ ਕਿ ਸੀਮੇਂਟ 'ਤੇ 21.3 ਫ਼ੀਸਦੀ, ਲੋਹੇ ਅਤੇ ਸਟੀਲ 'ਤੇ 16.5 ਫ਼ੀਸਦੀ ਅਤੇ ਲੱਕੜ ਦੇ ਕੰਮ 'ਤੇ 4.5 ਫ਼ੀਸਦੀ ਖ਼ਰਚ ਹੁੰਦਾ ਹੈ। ਇਸ ਤੋਂ ਇਲਾਵਾ ਪੰਜਾਬ 'ਚ ਮਜ਼ਦੂਰੀ ਵੀ ਮਹਿੰਗੀ ਹੈ, ਜਿੱਥੇ ਇੱਕ ਮਕਾਨ ਦੀ ਉਸਾਰੀ ਦੌਰਾਨ ਸਲਾਨਾ ਔਸਤਨ 1.01 ਲੱਖ ਰੁਪਏ ਮਜ਼ਦੂਰੀ 'ਤੇ ਖ਼ਰਚ ਹੁੰਦੇ ਹਨ। ਇਹੀ ਕਾਰਨ ਹੈ ਕਿ ਦੂਜੇ ਸੂਬਿਆਂ ਦੇ ਮਜ਼ਦੂਰ ਵੱਡੀ ਗਿਣਤੀ 'ਚ ਪੰਜਾਬ ਆ ਕੇ ਕੰਮ ਕਰਨਾ ਪਸੰਦ ਕਰਦੇ ਹਨ।




## ਜਲੰਧਰ 'ਚ ਅਜੀਬੋ-ਗ਼ਰੀਬ ਮਾਮਲਾ ! ਪਹਿਲਾਂ ਘਰ 'ਚ ਵੜੇ ਚੋਰ, ਬਣਾਇਆ ਚਿਕਨ

ਕੌਮੀ ਪਤ੍ਰਿਕਾ

ਜਲੰਧਰ 24 ਅਪ੍ਰੈਲ। ਜਲੰਧਰ ਦੇ ਬਸਤੀ ਬਾਵਾ ਖੇਲ ਇਲਾਕੇ ਵਿਚ ਚੋਰੀ ਦੀ ਅਜੀਬੋ-ਗ਼ਰੀਬ ਵਾਰਦਾਤ ਸਾਹਮਣੇ ਆਈ ਹੈ। ਚੋਰਾਂ ਨੇ ਤਾਰਾ ਸਿੰਘ ਐਵੇਨਿਊ ਵਿਚ ਸਥਿਤ ਇਕ ਘਰ ਨੂੰ ਨਿਸ਼ਾਨਾ ਬਣਾਇਆ। ਚੋਰਾਂ ਨੇ ਘਰ ਦੇ ਤਾਲੇ ਤੋੜ 10 ਹਜ਼ਾਰ ਰੁਪਏ, ਦੋ ਗੈਸ ਸਿਲੰਡਰ, ਬਾਥਰੂਮ ਦੀਆਂ ਟੂਟੀਆਂ, ਬਿਜਲੀ ਦਾ ਸਾਮਾਨ ਚੋਰੀ ਕਰ ਲਿਆ। ਇੰਨਾ ਹੀ ਨਹੀਂ, ਉਹ ਘਰ ਵਿਚ ਕਾਫ਼ੀ ਸਮੇਂ ਤੱਕ ਬਿਨਾਂ ਕਿਸੇ ਦੇ ਡਰ ਦੇ ਰਹੇ। ਸੀ. ਸੀ. ਟੀ. ਵੀ. ਫੁਟੇਜ 'ਚ ਇਕ ਨੌਜਵਾਨ ਛੱਤ ਰਾਹੀਂ ਘਰ 'ਚ ਦਾਖਲ ਹੁੰਦਾ ਵਿਖਾਈ ਦੇ ਰਿਹਾ ਹੈ। ਪਰਿਵਾਰ ਮੁਤਾਬਕ ਚੋਰ ਦੋ ਦਿਨ ਘਰ 'ਚ ਰਹੇ ਅਤੇ ਉੱਥੇ ਮੁਰਗਾ ਪਕਾਇਆ ਅਤੇ ਖਾਧਾ। ਇਸ ਘਟਨਾ ਦੀ ਸਭ ਤੋਂ ਹੈਰਾਨ ਕਰਨ ਵਾਲੀ ਗੱਲ ਇਹ ਸੀ ਕਿ ਚੋਰਾਂ ਨੇ ਘਰ ਦੇ ਅੰਦਰ ਆਪਣਾ ਟਿਕਾਣਾ ਬਣਾਇਆ ਹੋਇਆ ਸੀ। ਪੀੜਤ ਪਰਿਵਾਰ ਜਦੋਂ ਮੌਕੇ 'ਤੇ ਪਹੁੰਚਿਆ ਤਾਂ ਉਨ੍ਹਾਂ ਵੇਖਿਆ ਕਿ ਚੋਰਾਂ ਨੇ ਇਥੇ ਚਾਹ ਬਣਾ ਕੇ ਪੀਤੀ। ਚੋਰਾਂ ਦੀ ਬੇਖ਼ੌਫ਼ ਹੋਣ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਖਾਣਾ ਖਾਣ ਤੋਂ ਬਾਅਦ ਉਨ੍ਹਾਂ ਨੇ ਭਾਂਡਿਆਂ ਨੂੰ ਵੀ ਧੋਹ ਕੇ ਰੱਖਿਆ ਸੀ। ਹਾਲਾਂਕਿ ਚਿਕਨ ਦੇ ਲਿਫ਼ਾਫ਼ੇ ਅਤੇ ਸਿੰਕ ਵਿਚ ਚਾਹ-ਪੱਤੀ ਛੱਡ ਗਏ, ਜਿਸ ਨਾਲ ਉਨ੍ਹਾਂ ਦੀ ਕਰਤੂਤ ਦਾ ਪਤਾ ਲੱਗਿਆ। ਦੱਸਿਆ ਜਾ ਰਿਹਾ ਹੈ ਕਿ ਪੀੜਤ ਪਰਿਵਾਰ ਡੇਢ ਮਹੀਨੇ ਤੋਂ ਚੰਡੀਗੜ੍ਹ ਨੇੜੇ ਖਰੜ ਵਿੱਚ ਰਹਿ ਰਿਹਾ ਸੀ। ਗੁਆਂਢੀ ਦਾ ਫੋਨ ਆਉਣ ਤੋਂ ਬਾਅਦ ਉਹ 4 ਅਪ੍ਰੈਲ ਨੂੰ ਜਲੰਧਰ ਵਾਪਸ ਆਏ। ਉਨ੍ਹਾਂ ਨੂੰ ਸਿਰਫ਼ ਘਟਨਾ ਬਾਰੇ ਪਤਾ ਲੱਗਾ। ਪਰਿਵਾਰ ਨੇ ਦੱਸਿਆ ਕਿ ਉਨ੍ਹਾਂ ਨੇ ਅਜੇ ਤੱਕ ਪੁਲਸ ਸ਼ਿਕਾਇਤ ਦਰਜ ਨਹੀਂ ਕਰਵਾਈ ਹੈ, ਸਿਰਫ਼ ਫੋਨ 'ਤੇ ਘਟਨਾ ਦੀ ਰਿਪੋਰਟ ਕੀਤੀ ਹੈ। ਪਰਿਵਾਰ ਮੁਤਾਬਕ ਚੋਰਾਂ ਨੇ ਘਰ 'ਚ ਭੰਨਤੋੜ ਕੀਤੀ, ਅਲਮਾਰੀਆਂ ਦੇ ਤਾਲੇ ਤੋੜੇ ਅਤੇ ਲਗਭਗ 10 ਰੁਪਏ ਨਕਦੀ, ਦੋ ਗੈਸ ਸਿਲੰਡਰ, ਬਿਜਲੀ ਦੀਆਂ ਤਾਰਾਂ, ਮਹਿੰਗੇ ਬਾਥਰੂਮ ਦੀਆਂ ਟੂਟੀਆਂ ਅਤੇ ਕੰਧ ਤੋਂ ਇਕ ਫੋਟੋ ਫਰੇਮ ਵੀ ਚੋਰੀ ਕਰਕੇ ਲੈ ਗਏ। ਸਾਮਾਨ ਚੋਰੀ ਕਰਨ ਅਤੇ ਟੂਟੀਆਂ ਖੋਲ੍ਹਣ ਲਈ ਚੋਰ ਹਥੌੜੇ ਅਤੇ ਪੇਚਕਸ ਲੈ ਕੇ ਆਏ ਸਨ, ਜੋ ਸਾਮਾਨ ਵਾਰਦਾਤ ਤੋਂ ਬਾਅਦ ਘਰ ਵਿਚ ਛੱਡ ਗਏ। ਚੋਰਾਂ ਨੇ ਘਰ ਦੇ ਬਿਜਲੀ ਦੇ ਸਿਸਟਮ ਨੂੰ ਪੂਰੀ ਤਰ੍ਹਾਂ ਤਹਿਸ-ਨਹਿਸ ਕਰ ਦਿੱਤਾ। ਗੁਆਂਢੀਆਂ ਨੇ ਦਾਅਵਾ ਕੀਤਾ ਕਿ ਚੋਰ ਉਨ੍ਹਾਂ ਦੇ ਘਰ 'ਚ ਵੀ ਦਾਖ਼ਲ ਹੋਏ ਸਨ। ਇਕ ਸ਼ੱਕੀ ਨੂੰ ਰੰਗੇ ਹੱਥੀਂ ਫੜ ਕੇ ਪੁਲਸ ਹਵਾਲੇ ਕਰ ਦਿੱਤਾ ਗਿਆ। ਗ੍ਰਿਫ਼ਤਾਰ ਸ਼ੱਕੀ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਉਹ ਘਰ 'ਚ ਕਿੰਨੇ ਸਮੇਂ ਤੋਂ ਰਹਿ ਰਿਹਾ ਸੀ ਅਤੇ ਹੋਰ ਕੌਣ-ਕੌਣ ਇਸ 'ਚ ਸ਼ਾਮਲ ਸੀ। ਪੀੜਤ ਪਰਿਵਾਰ ਨੇ ਬਸਤੀ ਬਾਵਾ ਖੇਲ ਪੁਲਸ ਸਟੇਸ਼ਨ 'ਤੇ ਦੋਸ਼ ਲਗਾਇਆ ਕਿ ਪੁਲਸ ਨੇ ਉਨ੍ਹਾਂ ਨੂੰ ਭਰੋਸਾ ਦੇਣ ਦੀ ਬਜਾਏ ਇਹ ਕਹਿ ਦਿੱਤਾ ਕਿ ਚੋਰੀ ਹੋਈ ਨਕਦੀ ਅਤੇ ਮੋਟਰ ਬਰਾਮਦ ਕਰ ਸਕਦੇ ਹਨ ਪਰ ਉਨ੍ਹਾਂ ਨੂੰ ਘਰ ਵਿਚ ਹੋਈ ਭੰਨਤੋੜ ਅਤੇ ਬਿਜਲੀ ਦੇ ਨੁਕਸਾਨ ਦਾ ਖ਼ਰਚਾ ਖ਼ੁਦ ਹੀ ਚੁੱਕਣਾ ਪਵੇਗਾ। ਪੀੜਤ ਪਰਿਵਾਰ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਨਾਲ ਚੋਰਾਂ ਨੇ ਘਰ ਵਿਚ ਦਾਖ਼ਲ ਹੋ ਕੇ ਰਹਿਣ ਅਤੇ ਖਾਣਾ ਬਣਾਉਣ ਦੀ ਹਿੰਮਤ ਕੀਤੀ ਹੈ, ਉਸ ਨਾਲ ਇਲਾਕੇ ਵਿਚ ਡਰ ਦਾ ਮਾਹੌਲ ਪੈਦਾ ਹੋ ਗਿਆ ਹੈ। ਬਸਤੀ ਬਾਵਾ ਖੇਲ ਥਾਣੇ ਦੀ ਪੁਲਿਸ ਦਾ ਕਹਿਣਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਪੰਜਾਬ ਪੁਲਸ ਦੇ ਡੀ. ਐੱਸ. ਪੀ. ਦੇ ਲੱਗੀ ਗੋਲੀ, ਹੋਈ ਮੌਤ

ਫਗਵਾੜਾ 24 ਅਪ੍ਰੈਲ। ਫਗਵਾੜਾ ਵਿਚ ਅੱਜ ਸਵੇਰੇ ਉਸ ਸਮੇਂ ਸਨਸਨੀ ਫੈਲ ਗਈ ਜਦੋਂ ਡੀ. ਐੱਸ. ਪੀ. ਯੋਗੇਸ਼ ਕੁਮਾਰ ਦੀ ਸ਼ੱਕੀ ਹਾਲਾਤ ਵਿਚ ਕਥਿਤ ਤੌਰ 'ਤੇ ਗੋਲੀ ਲੱਗਣ ਨਾਲ ਮੌਤ ਹੋ ਗਈ। ਇਹ ਘਟਨਾ ਸਵੇਰੇ ਲਗਭਗ 7.30 ਵਜੇ ਸਥਾਨਕ ਪੁਲਸ ਸਟੇਸ਼ਨ ਸਦਰ ਫਗਵਾੜਾ ਦੇ ਕੋਲ ਸਥਿਤ ਉਨ੍ਹਾਂ ਦੇ ਸਰਕਾਰੀ ਆਵਾਸ ਵਿਚ ਵਾਪਰੀ ਹੈ। ਦੱਸਿਆ ਜਾ ਰਿਹਾ ਹੈ ਕਿ ਗੋਲੀ ਉਨ੍ਹਾਂ ਦੇ ਛਾਤੀ ਵਿਚ ਲੱਗੀ ਜਿਸ ਤੋਂ ਤੁਰੰਤ ਬਾਅਦ ਉਨ੍ਹਾਂ ਨੂੰ ਜਲੰਧਰ ਦੇ ਨਿੱਜੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਜਾਣਕਾਰੀ ਅਨੁਸਾਰ ਡੀ. ਐੱਸ. ਪੀ. ਯੋਗੇਸ਼ ਕੁਮਾਰ ਹਾਲ ਹੀ ਵਿਚ ਏ. ਐੱਨ. ਟੀ. ਐੱਫ. ਪੰਜਾਬ ਤੋਂ ਟ?ਾਂਸਫਰ ਹੋ ਕੇ ਚੰਡੀਗੜ੍ਹ ਵਿਚ ਏ. ਜੀ. ਸੀ. ਐੱਮ. ਐੱਸ. ਬੋਈ ਵਿਚ ਕੰਮ ਕਰ ਰਹੇ ਸਨ। ਸ਼ੁਰੂਆਤੀ ਜਾਣਕਾਰੀ ਵਿਚ ਸਾਹਮਣੇ ਆਇਆ ਹੈ ਕਿ ਸਵੇਰੇ ਜਦੋਂ ਉਹ ਆਪਣੀ ਸਰਕਾਰੀ ਰਿਵਾਲਵਰ ਨੂੰ ਸਾਫ ਕਰ ਰਹੇ ਸਨ ਤਾਂ ਅਚਾਨਕ ਗੋਲੀ ਚੱਲ ਗਈ ਜੋ ਯੋਗੇਸ਼ ਕੁਮਾਰ ਦੇ ਸੀਨੇ ਵਿਚ ਜਾ ਲੱਗੀ। ਗੋਲੀ ਦੀ ਆਵਾਜ਼ ਸੁਣਨ ਤੋਂ ਬਾਅਦ ਨੇੜੇ ਰਹਿਣ ਵਾਲੇ ਪੁਲਸ ਮੁਲਾਜ਼ਮ ਮੌਕੇ 'ਤੇ ਪਹੁੰਚੀ ਅਤੇ ਉਨ੍ਹਾਂ ਨੂੰ ਇਲਾਜ ਲਈ ਜਲੰਧਰ ਦੇ ਪ੍ਰਾਈਵੇਟ ਹਸਪਤਾਲ ਲੈ ਗਏ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤ ਐਲਾਨ ਦਿੱਤਾ। ਸਮਾਚਾਰ ਲਿਖਣ ਤੱਕ ਪੁਲਸ ਸਾਰੇ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ। ਅਜੇ ਇਹ ਤੱਥ ਸਾਫ਼ ਨਹੀਂ ਹੋ ਸਕਿਆ ਹੈ ਕਿ ਇਹ ਘਟਨਾ ਅਚਾਨਕ ਵਾਪਰੀ ਹੈ ਜਾਂ ਕੁਝ ਹੋਰ ਹੈ। ਪੁਲਸ ਨੇ ਮ੍ਰਿਤਕ ਡੀ. ਐੱਸ. ਪੀ. ਦੀ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤਾ ਹੈ।

## ਜਲੰਧਰ ਦੀ 120 ਫੁੱਟੀ 'ਤੇ ਵਾਪਰਿਆ ਹਾਦਸਾ, ਤੇਜ਼ ਰਫ਼ਤਾਰ ਕਾਰ ਨੇ ਐਕਟਿਵਾ ਨੂੰ ਮਾਰੀ ਟੱਕਰ

ਜਲੰਧਰ 24 ਅਪ੍ਰੈਲ। 120 ਫੁੱਟ ਰੋਡ 'ਤੇ ਇਕ ਭਿਆਨਕ ਸੜਕ ਹਾਦਸਾ ਵਾਪਰ ਗਿਆ। ਇਕ ਤੇਜ਼ ਰਫ਼ਤਾਰ ਕਾਰ ਨੇ ਐਕਟਿਵਾ ਨੂੰ ਟਕਰ ਮਾਰ ਦਿੱਤੀ। ਇਸ ਘਟਨਾ 'ਚ ਕਾਰ ਨੁਕਸਾਨੀ ਗਈ। ਦੱਸਿਆ ਜਾ ਰਿਹਾ ਹੈ ਕਿ ਹਾਦਸੇ ਵਿੱਚ ਕਾਰ ਪੰਕਚਰ ਹੋ ਗਈ, ਜਿਸ ਕਾਰਨ ਡਰਾਈਵਰ ਮੌਕੇ ਤੋਂ ਭੱਜਣ 'ਚ ਅਸਮਰੱਥ ਰਿਹਾ। ਡਰਾਈਵਰ ਨੇ ਕਿਹਾ ਕਿ ਉਹ 40 ਦੀ ਸਪੀਡ ਨਾਲ ਗੱਡੀ ਚਲਾ ਰਿਹਾ ਸੀ। ਉਸ ਦੀ ਕਾਰ ਅਚਾਨਕ ਟੱਕਰਾ ਗਈ ਅਤੇ ਫਿਰ ਭੰਨਤੋੜ ਵੀ ਕੀਤੀ ਗਈ। ਲੋਕਾਂ ਨੇ ਕਿਹਾ ਕਿ ਕਾਰ ਚਾਲਕ ਪਹਿਲਾਂ ਉਸ ਨੂੰ ਧਮਕੀਆਂ ਦੇ ਰਿਹਾ ਸੀ। ਚਸ਼ਮਦੀਦਾਂ ਨੇ ਦੱਸਿਆ ਕਿ ਐਕਟਿਵਾ ਸਵਾਰ ਆਪਣੇ ਬੱਚਿਆਂ ਨੂੰ ਸਕੂਲ ਛੱਡਣ ਲਈ ਸਹੀ ਦਿਸ਼ਾ ਤੋਂ ਘਰ ਜਾ ਰਿਹਾ ਸੀ। ਇਸ ਦੌਰਾਨ ਕਾਰ ਚਾਲਕ ਨੇ ਐਕਟਿਵਾ ਨੂੰ ਟੱਕਰ ਮਾਰ ਦਿੱਤੀ। ਐਕਟਿਵਾ ਸਵਾਰ ਨੇ ਕਿਹਾ ਕਿ ਕਾਰ ਚਾਲਕ 70 ਤੋਂ 80 ਦੀ ਸਪੀਡ ਨਾਲ ਗੱਡੀ ਚਲਾ ਰਿਹਾ ਸੀ। ਉਹ ਏ. ਪੀ. ਜੇ. ਸਕੂਲ 'ਚ ਬੱਚਿਆਂ ਨੂੰ ਛੱਡਣ ਜਾ ਰਿਹਾ ਸੀ ਕਿ ਇਕ ਤੇਜ਼ ਰਫ਼ਤਾਰ ਕਾਰ ਨੇ ਉਸ ਦੀ ਐਕਟਿਵਾ ਨੂੰ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿਚ ਬੱਚੀ ਦੀ ਲੱਤ ਵਿਚ ਸੱਟਾਂ ਲੱਗੀਆਂ ਹਨ ਅਤੇ ਉਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਲੋਕਾਂ ਨੇ ਪੁਲਸ ਨੂੰ ਘਟਨਾ ਦੀ ਜਾਣਕਾਰੀ ਦਿੱਤੀ। ਮੌਕੇ 'ਤੇ ਪਹੁੰਚੇ ਏ. ਐੱਸ. ਆਈ. ਬਲਜਿੰਦਰ ਨੇ ਕਿਹਾ ਕਿ ਗੱਡੀ ਨੂੰ ਜ਼ਬਤ ਕਰਕੇ ਥਾਣੇ ਲਿਜਾਇਆ ਜਾ ਰਿਹਾ ਹੈ।

## ਖੰਡਵਾ ਸੰਸਦ ਮੈਂਬਰ ਦੇ ਛੋਟੇ ਭਰਾ ਦੀ ਸ਼ੱਕੀ ਹਾਲਾਤ 'ਚ ਖੂਹ 'ਚੋਂ ਮਿਲੀ ਲਾਸ਼

ਬੁਰਹਾਨਪੁਰ 24 ਅਪ੍ਰੈਲ। ਮੱਧ ਪ੍ਰਦੇਸ਼ ਦੇ ਖੰਡਵਾ ਤੋਂ ਲੋਕ ਸਭਾ ਮੈਂਬਰ ਗਿਆਨੇਸ਼ਵਰ ਪਾਟਿਲ ਦੇ ਛੋਟੇ ਭਰਾ ਦੀ ਲਾਸ਼ ਬੁੱਧਵਾਰ ਨੂੰ ਉਨ੍ਹਾਂ ਦੇ ਜੱਦੀ ਪਿੰਡ ਦੇ ਇੱਕ ਖੇਤ ਦੇ ਖੂਹ ਵਿੱਚੋਂ ਸ਼ੱਕੀ ਹਾਲਾਤ ਵਿੱਚ ਮਿਲੀ। ਇਸ ਘਟਨਾ ਨਾਲ ਇਲਾਕੇ ਵਿਚ ਸਨਸਨੀ ਫੈਲ ਗਈ। ਪੁਲਸ ਦੇ ਇਕ ਅਧਿਕਾਰੀ ਨੇ ਇਸ ਘਟਨਾ ਦੀ ਜਾਣਕਾਰੀ ਦਿੱਤੀ। ਇਸ ਮਾਮਲੇ ਦੇ ਸਬੰਧ ਵਿਚ ਪੁਲਸ ਸੁਪਰਡੈਂਟ ਦੇਵੇਂਦਰ ਪਾਟੀਦਾਰ ਨੇ ਦੱਸਿਆ ਕਿ ਪੁਲਸ ਨੂੰ ਬੁੱਧਵਾਰ ਸਵੇਰੇ 8 ਵਜੇ ਦੇ ਕਰੀਬ ਵਿਸ਼ਵਨਾਥ ਪਾਟਿਲ ਉਰਫ਼ ਬਾਦੂ ਦੇ ਆਪਣੇ ਪਰਿਵਾਰ ਤੋਂ ਲਾਪਤਾ ਹੋਣ ਦੀ ਰਿਪੋਰਟ ਮਿਲੀ। ਉਨ੍ਹਾਂ ਕਿਹਾ, ਵਿਸ਼ਵਨਾਥ ਦੀ ਲਾਸ਼ ਉਨ੍ਹਾਂ ਦੇ ਪਿੰਡ ਬੋਹਰਦਾ ਵਿੱਚ ਉਨ੍ਹਾਂ ਦੇ ਖੇਤ ਵਿੱਚ ਇੱਕ ਖੂਹ ਵਿੱਚੋਂ ਮਿਲੀ। ਗੋਤਾਖੋਰਾਂ ਦੀ ਮਦਦ ਨਾਲ ਲਾਸ਼ ਨੂੰ ਖੂਹ ਵਿੱਚੋਂ ਕੱਢਿਆ ਗਿਆ। ਪੁਲਸ ਸੁਪਰਡੈਂਟ ਨੇ ਦੱਸਿਆ ਕਿ ਪੇਸ਼ੇ ਤੋਂ ਕੇਲੇ ਦਾ ਵਪਾਰੀ ਵਿਸ਼ਵਨਾਥ 55 ਤੋਂ 60 ਸਾਲ ਦੇ ਵਿਚਕਾਰ ਸੀ ਅਤੇ ਖੰਡਵਾ ਦੇ ਸੰਸਦ ਮੈਂਬਰ ਗਿਆਨੇਸ਼ਵਰ ਪਾਟਿਲ ਦਾ ਛੋਟਾ ਭਰਾ ਸੀ। ਉਨ੍ਹਾਂ ਕਿਹਾ ਕਿ ਮ੍ਰਿਤਕ ਦੇ ਪਰਿਵਾਰ ਵਿੱਚ ਉਸਦੀ ਪਤਨੀ, ਇੱਕ ਧੀ ਅਤੇ ਤਿੰਨ ਪੁੱਤਰ ਹਨ। ਅਧਿਕਾਰੀਆਂ ਅਨੁਸਾਰ, ਸੰਸਦ ਮੈਂਬਰ ਗਿਆਨੇਸ਼ਵਰ ਪਾਟਿਲ ਆਪਣੇ ਛੋਟੇ ਭਰਾ ਦੀ ਮੌਤ ਦੇ ਸਮੇਂ ਦਿੱਲੀ ਵਿੱਚ ਸਨ। ਜਿਵੇਂ ਹੀ ਉਨ੍ਹਾਂ ਨੂੰ ਜਾਣਕਾਰੀ ਮਿਲੀ, ਉਹ ਬੁਰਹਾਨਪੁਰ ਲਈ ਰਵਾਨਾ ਹੋ ਗਏ।

## ਜਲੰਧਰ 'ਚ ਭਿਆਨਕ ਹਾਦਸਾ, ਬਸ ਹੇਠਾਂ ਆਏ ਵਿਅਕਤੀ ਦੀ ਦਰਦਨਾਕ ਮੌਤ

ਜਲੰਧਰ 24 ਅਪ੍ਰੈਲ। ਲਿੰਕ ਰੋਡ ਉੱਪਰ ਪੰਜਾਬ ਰੋਡਵੇਜ਼ ਦੀ ਬਸ ਹੇਠਾਂ ਆਏ ਇਕ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਜਸਵਿੰਦਰ ਸਿੰਘ ਵਾਸੀ ਨੱਥੂ ਚਾਹਲ ਵਜੋਂ ਹੋਈ ਹੈ। ਬਸ ਅੱਡਾ ਪੁਲਸ ਚੌਕੀ ਦੇ ਇੰਚਾਰਜ ਗੁਰਵਿੰਦਰ ਸਿੰਘ ਢਿੱਲੋ ਨੇ ਦੱਸਿਆ ਕਿ ਮ੍ਰਿਤਕ 55 ਸਾਲ ਦਾ ਵਿਅਕਤੀ ਸੀ ਅਤੇ ਉਹ ਆਪਣੇ ਮੋਟਰਸਾਈਕਲ ਉਪਰ ਜਾ ਰਿਹਾ ਸੀ, ਇਸੇ ਦੌਰਾਨ ਪੰਜਾਬ ਰੋਡਵੇਜ਼ ਦੀ ਬੱਸ ਨਾਲ ਉਸਦੇ ਮੋਟਰਸਾਈਕਲ ਦੀ ਟੱਕਰ ਹੋ ਗਈ ਅਤੇ ਉਹ ਉਸੇ ਬਸ ਹੇਠਾਂ ਆ ਗਿਆ, ਜਿਸ ਕਾਰਨ ਮੌਕੇ 'ਤੇ ਹੀ ਉਸਦੀ ਮੌਤ ਹੋ ਗਈ। ਏਐੱਸਆਈ ਪ੍ਰੇਮ ਸਿੰਘ ਨੇ ਦੱਸਿਆ ਕਿ ਮ੍ਰਿਤਕ ਜਸਵਿੰਦਰ ਸਿੰਘ ਦੀ ਲਾਸ਼ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤੀ ਹੈ ਅਤੇ ਉਸਦੇ ਪਰਿਵਾਰਿਕ ਮੈਂਬਰਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਪੁਲਸ ਨੇ ਮ੍ਰਿਤਕ ਦਾ ਮੋਟਰਸਾਈਕਲ ਅਤੇ ਮੁਲਜ਼ਮ ਬੱਸ ਚਾਲਕ ਨੂੰ ਸਮੇਤ ਬਸ ਕਾਬੂ ਕਰ ਲਿਆ ਹੈ। ਪੁਲਸ ਦਾ ਕਹਿਣਾ ਹੈ ਕਿ ਮ੍ਰਿਤਕ ਦੇ ਪਰਿਵਾਰਿਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਘਰ 'ਚ ਚੋਰੀ ਕਰਨ ਵਾਲੇ 3 ਨੌਜਵਾਨਾਂ 'ਚੋਂ ਇਕ ਕਾਬੂ

ਕੌਮੀ ਪਤ੍ਰਿਕਾ

ਬਟਾਲਾ 24 ਅਪ੍ਰੈਲ। ਘਰ ਵਿਚ ਦਾਖਲ ਹੋ ਕੇ ਚੋਰੀ ਕਰਨ ਵਾਲੇ ਤਿੰਨ ਨੌਜਵਾਨਾਂ ਵਿਚੋਂ ਇਕ ਨੂੰ ਕਾਬੂ ਕਰਕੇ ਥਾਣਾ ਘਣੀਏ ਕੇ ਬਾਂਗਰ ਦੀ ਪੁਲਸ ਨੇ ਚੋਰੀ ਕੀਤੇ ਗਹਿਣੇ, ਨਗਦੀ, ਮੋਬਾਈਲ ਤੇ ਟੈਬਲੈਟ ਬਰਾਮਦ ਕਰ ਲਿਆ ਹੈ ਤੇ ਇਸ ਸਬੰਧੀ ਤਿੰਨ ਖਿਲਾਫ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਤਫਤੀਸ਼ੀ ਅਫਸਰ ਏ.ਐੱਸ.ਆਈ ਕੁਲਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਰਜ ਕਰਵਾਏ ਬਿਆਨ ਵਿਚ ਸੰਦੀਪ ਕੌਰ ਪਤਨੀ ਸੁਖਦੇਵ ਸਿੰਘ ਵਾਸੀ ਤਲਵੰਡੀ ਭਰਥ ਨੇ ਲਿਖਵਾਇਆ ਹੈ ਕਿ ਉਸ ਤਿੰਨੋਂ ਬੱਚੇ ਵਿਦੇਸ਼ ਵਿਚ ਰਹਿੰਦੇ ਹਨ ਅਤੇ ਬੀਤੀ 11 ਅਪ੍ਰੈਲ ਨੂੰ ਉਹ ਆਪਣੇ ਪਤੀ ਸੁਖਦੇਵ ਸਿੰਘ ਸਮੇਤ ਰੋਟੀ ਪਾਣੀ ਖਾ ਕੇ ਸੋ ਗਏ ਸੀ ਕਿ ਅੱਧੀ ਰਾਤ ਦੇ ਬਾਅਦ ਢਾਈ ਵਜੇ ਦੇ ਕਰੀਬ ਘਰ ਵਿਚ ਖੜਾਕ ਦੀ ਆਵਾਜ਼ ਸੁਣ ਕੇ ਉਹ ਉੱਠੀ ਤਾਂ ਦੇਖਿਆ ਕਿ ਘਰ ਦਾ ਸਮਾਨ ਖਿੱਲਰਿਆ ਪਿਆ ਸੀ, ਜਿਸ 'ਤੇ ਉਸਦਾ ਪਤੀ ਸੁਖਦੇਵ ਸਿੰਘ ਵੀ ਉੱਠ ਪਿਆ। ਉਕਤ ਬਿਆਨਕਰਤਾ ਮਹਿਲਾ ਮੁਤਾਬਕ ਦੇਖਦੇ ਹੀ ਦੇਖਦੇ ਤਿੰਨੋਂ ਨੌਜਵਾਨ ਘਰ ਦੇ ਡਰਾਇੰਗ ਰੂਮ ਦੀ ਖਿੜਕੀ ਵਿਚੋਂ ਬਾਹਰ ਭੱਜ ਗਏ, ਜਿਸ 'ਤੇ ਉਹ ਸਹਿਮੇ ਹੋਏ ਚੁੱਪਚਾਪ ਬੈਠ ਗਏ, ਜਿਸ 'ਤੇ ਬਾਅਦ ਵਿਚ ਉਸ ਨੇ ਦੇਖਿਆ ਕਿ ਬੈੱਡਰੂਮ ਵਿਚ ਪਈ ਅਲਮਾਰੀ ਖੁੱਲ੍ਹੀ ਹੋਈ ਸੀ, ਜਿਸ ਵਿਚ ਉਸਦੀ ਲੜਕੀ ਨਵਜੋਤ ਕੌਰ ਜੋ ਕਿ ਵਿਦੇਸ਼ ਕੈਨੇਡਾ ਰਹਿੰਦੀ ਹੈ, ਦੇ 2 ਹਾਰ ਸੋਨਾ ਅਤੇ ਲਾੱਕਰ ਵਿਚ ਪਏ ਪਰਸ ਵਿਚੋਂ 2 ਮੁੰਦਰੀਆਂ ਲੇਡੀਜ਼, 2 ਮਰਦਾਨਾ ਮੁੰਦਰੀਆਂ ਤੇ ਇਕ ਟੈਬਲੈਟ ਫੋਨ, 13000 ਰੁਪਏ ਨਕਦੀ ਤੇ ਇਕ ਫੋਨ ਰੈੱਡਮੀ ਗਾਇਬ ਸੀ। ਉਕਤ ਪੁਲਸ ਅਧਿਕਾਰੀ ਨੇ ਅੱਗੇ ਦੱਸਿਆ ਕਿ ਬਿਆਨਕਰਤਾ ਸੰਦੀਪ ਕੌਰ ਨੇ ਪੁਲਸ ਨੂੰ ਦਰਜ ਕਰਵਾਏ ਬਿਆਨ ਆਪਣੇ ਬਿਆਨ ਵਿਚ ਅੱਗੇ ਲਿਖਵਾਇਆ ਹੈ ਕਿ ਜਦੋਂ ਤਿੰਨੋਂ ਨੌਜਵਾਨ ਬਾਹਰ ਭੱਜੇ ਤਾਂ ਉਸ ਨੇ ਦੇਖਿਆ ਕਿ ਜੁਗਰਾਜ ਸਿੰਘ ਉਰਫ ਜੱਗੂ ਤੇ ਆਸ਼ੀਸ਼ ਉਰਫ ਅੰਸ਼ੂ ਦੋਵੇਂ ਵਾਸੀ ਪਿੰਡ ਤਲਵੰਡੀ ਭਾਰਥ ਅਤੇ ਇਨ੍ਹਾਂ ਦਾ ਰਿਸ਼ਤੇਦਾਰ ਗੁਸੇਵਕ ਸਿੰਘ ਵਾਸੀ ਪਿੰਡ ਮਾਨਸੈਂਡਵਾਲ ਸਨ, ਜੋ ਜਾਂਦੇ ਸਮੇਂ ਉਸ ਨੂੰ ਧਮਕੀ ਦੇ ਗਏ ਸਨ। ਏ.ਐੱਸ.ਆਈ ਕੁਲਜੀਤ ਸਿੰਘ ਨੇ ਦੱਸਿਆ ਕਿ ਉਕਤ ਮਾਮਲੇ ਸਬੰਧੀ ਕਾਰਵਾਈ ਕਰਦਿਆਂ ਥਾਣਾ ਘਣੀਏ ਕੇ ਬਾਂਗਰ ਵਿਖੇ ਉਪਰੋਕਤ ਤਿੰਨਾਂ ਨੌਜਵਾਨਾਂ ਖਿਲਾਫ ਬਣਦੀ ਧਾਰਾ ਹੇਠ ਮਾਮਲਾ ਦਰਜ ਕਰਨ ਤੋਂ ਬਾਅਦ ਇਕ ਨੌਜਵਾਨ ਜੁਗਰਾਜ ਸਿੰਘ ਉਰਫ ਜੱਗੂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਚੋਰੀ ਕੀਤਾ ਉਕਤ ਸਾਮਾਨ ਵੀ ਬਰਾਮਦ ਕਰ ਲਿਆ ਹੈ।




ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰੀਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਯੂਨਿਕ ਆਈਡੈਂਟੀਫਿਕੇਸ਼ਨ ਅਥਾਰਟੀ ਆਫ਼ ਇੰਡੀਆ, ਖ਼ੇਤਰੀ ਦਫਤਰ, ਚੰਡੀਗੜ੍ਹ ਨੇ ਮਾਤਾ-ਪਿਤਾ ਤੋਂ ਬੱਚਿਆਂ ਲਈ ਲਾਜ਼ਮੀ ਆਧਾਰ ਬਾਇਓਮੈਟ੍ਰਿਕ ਅਪਡੇਟ ਪੂਰਾ ਕਰਨ ਦੀ ਅਪੀਲ ਕੀਤੀ

**ਚੰਡੀਗੜ੍ਹ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਲੁਧਿਆਣਾ ਵਿੱਚ ਮਾਤਾ-ਪਿਤਾ ਅਤੇ ਅਭਿਭਾਵਕਾਂ ਤੋਂ 5-7 ਸਾਲ ਉਮਰ ਵਰਗ ($2”-1) ਅਤੇ 15-17 ਸਾਲ ਉਮਰ ਵਰਗ (MBU-B) ਦੇ ਬੱਚਿਆਂ ਦੇ ਆਧਾਰ ਦੇ ਲਾਜ਼ਮੀ ਬਾਇਓਮੈਟ੍ਰਿਕ ਅਪਡੇਟ ($2”) ਨੂੰ ਸਮੇਂ ਸਿਰ ਪੂਰਾ ਕਰਨ ਦੀ ਸਖ਼ਤ ਅਪੀਲ ਕੀਤੀ ਗਈ ਹੈ। ਬੱਚਿਆਂ ਦੇ ਵੱਡੇ ਹੋਣ ਨਾਲ ਉਨ੍ਹਾਂ ਦੀਆਂ ਬਾਇਓਮੈਟ੍ਰਿਕ ਵਿਸ਼ੇਸ਼ਤਾਵਾਂ ਜਿਵੇਂ ਫਿੰਗਰਪ੍ਰਿੰਟ, ਆਈਰਿਸ ਸਕੈਨ ਅਤੇ ਚਿਹਰੇ ਦੀਆਂ ਤਸਵੀਰਾਂ ਮਹੱਤਵਪੂਰਨ ਤਬਦੀਲੀਆਂ ਤੋਂ ਗੁਜ਼ਰਦੀਆਂ ਹਨ, ਜਿਸ ਨਾਲ ਨਿਰਧਾਰਤ ਪੱਧਰਾਂ 'ਤੇ ਇਨ੍ਹਾਂ ਵੇਰਵਿਆਂ ਨੂੰ ਅਪਡੇਟ ਕਰਨਾ ਉਨ੍ਹਾਂ ਦੀ ਆਧਾਰ ਰਿਕਾਰਡ ਦੀ ਸਟੀਕਤਾ, ਭਰੋਸੇਯੋਗਤਾ ਅਤੇ ਪ੍ਰਮਾਣੀਕਰਣ ਯੋਗਤਾ ਬਣਾਈ ਰੱਖਣ ਲਈ ਲੋੜੀਂਦਾ ਹੋ ਜਾਂਦਾ ਹੈ।

ਨਿਰਧਾਰਤ ਸਮਾਂ-ਸੀਮਾਵਾਂ ਦੇ ਅੰਦਰ MBU ਪੂਰਾ ਨਾ ਕਰਨ ਨਾਲ ਪ੍ਰਮਾਣੀਕਰਣ ਅਸਫਲਤਾਵਾਂ ਹੋ ਸਕਦੀਆਂ ਹਨ, ਜੋ ਲੋੜੀਂਦੀਆਂ ਸੇਵਾਵਾਂ ਤੱਕ ਪਹੁੰਚ ਨੂੰ ਪ੍ਰਤਿਕੂਲ ਰੂਪ ਵਿਚ ਪ੍ਰਭਾਵਿਤ ਕਰ ਸਕਦੀਆਂ ਹਨ। ਅਪਡੇਟਿਡ ਆਧਾਰ ਬਾਇਓਮੈਟ੍ਰਿਕਸ ਦਾ ਉਪਯੋਗ ©55“ ਵਰਗੀਆਂ ਪ੍ਰੀਖਿਆਵਾਂ ਵਿੱਚ, ਨਾਲ ਹੀ ਸਕੂਲ ਦਾਖਲਾ, ਸਕਾਲਰਸ਼ਿਪ ਸਕੀਮਾਂ ਅਤੇ ਹੋਰ ਵਿਦਿਅਕ ਪ੍ਰਕਿਰਿਆਵਾਂ ਵਿਚ ਮੁੱਖ ਪਛਾਣ ਪ੍ਰਮਾਣੀਕਰਣ ਮੋਡ ਵਜੋਂ ਤੇਜ਼ੀ ਨਾਲ ਹੋ ਰਿਹਾ ਹੈ। ਇਸ ਤੋਂ ਇਲਾਵਾ, ਆਧਾਰ-ਆਧਾਰਿਤ ਪ੍ਰਮਾਣੀਕਰਣ ਬੈਂਕਿੰਗ ਸੇਵਾਵਾਂ, ਡਾਇਰੈਕਟ ਬੈਨਿਫਿਟ ਟ੍ਰਾਂਸਫਰ (DBT) ਅਤੇ ਵੱਖ-ਵੱਖ ਸਰਕਾਰੀ ਕਲਿਆਣ ਯੋਜਨਾਵਾਂ ਲਈ ਵਿਆਪਕ ਰੂਪ ਵਿਚ ਲੋੜੀਂਦਾ ਹੈ, ਜਿਸ ਨਾਲ ਸਮੇਂ ਸਿਰ ਬਾਇਓਮੈਟ੍ਰਿਕ ਅਪਡੇਟ ਇਨ੍ਹਾਂ ਸੇਵਾਵਾਂ ਤੱਕ ਨਿਰਵਿਘਨ ਪਹੁੰਚ ਲਈ ਮਹੱਤਵਪੂਰਨ ਹੋ ਜਾਂਦਾ ਹੈ।

ਯੂਨਿਕ ਆਈਡੈਂਟੀਫਿਕੇਸ਼ਨ ਅਥਾਰਟੀ ਆਫ਼ ਇੰਡੀਆ ਵਰਤਮਾਨ ਵਿਚ 30 ਸਤੰਬਰ 2026 ਤੱਕ 17 ਸਾਲ ਤੱਕ ਦੇ ਬੱਚਿਆਂ ਲਈ ਲਾਜ਼ਮੀ ਬਾਇਓਮੈਟ੍ਰਿਕ ਅਪਡੇਟ ਮੁਫ਼ਤ ਸੁਵਿਧਾ ਪ੍ਰਦਾਨ ਕਰ ਰਿਹਾ ਹੈ, ਤਾਂ ਜੋ ਵੱਧ ਤੋਂ ਵੱਧ ਲਾਗੂਕਰਨ ਯਕੀਨੀ ਬਣਾਇਆ ਜਾ ਸਕੇ। ਮਾਤਾ-ਪਿਤਾ ਅਤੇ ਅਭਿਭਾਵਕਾਂ ਨੂੰ ਭਵਿੱਖ ਵਿੱਚ ਕਿਸੇ ਅਸੁਵਿਧਾ ਤੋਂ ਬਚਣ ਲਈ ਇਸ ਸੁਵਿਧਾ ਦਾ ਜਲਦ ਲਾਭ ਉਠਾਉਣ ਦੀ ਸਲਾਹ ਦਿੱਤੀ ਜਾਂਦੀ ਹੈ।

ਲੁਧਿਆਣਾ ਜ਼ਿਲ੍ਹੇ ਦੇ UDIS5 ਅੰਕੜਿਆਂ ਦੇ ਮੁਤਾਬਕ, ਕੁੱਲ 9,15,410 ਵਿਦਿਆਰਥੀਆਂ ਵਿਚੋਂ ਉਚਿਤ ਗਿਣਤੀ ਦੇ ਬੱਚਿਆਂ ਨੂੰ ਅਜੇ ਵੀ ਬਾਇਓਮੈਟ੍ਰਿਕ ਅਪਡੇਟ ਪੂਰਾ ਕਰਨੇ ਹਨ।

5-7 ਸਾਲ ਉਮਰ ਵਰਗ ਦੇ ਲਗਭਗ 1,22,596 ਬੱਚਿਆਂ ਕੋਲ ਲੰਬਿਤ MBU-A ਹੈ, ਜਦਕਿ 15-17 ਸਾਲ ਉਮਰ ਵਰਗ ਦੇ ਲਗਭਗ 1,04,204 ਬੱਚਿਆਂ ਕੋਲ ਲੰਬਿਤ MBU-B ਹੈ, ਜੋ ਪੂਰੀ ਕਵਰੇਜ ਯਕੀਨੀ ਬਣਾਉਣ ਲਈ ਤੁਰੰਤ ਧਿਆਨ ਅਤੇ ਕਾਰਵਾਈ ਦੀ ਲੋੜ ਦਰਸਾਉਂਦਾ ਹੈ।

ਬਾਇਓਮੈਟ੍ਰਿਕ ਅਪਡੇਟ ਸੁਵਿਧਾਜਨਕ ਰੂਪ ਵਿਚ ਆਧਾਰ ਸੇਵਾ ਕੇਂਦਰਾਂ (ASKs), ਪੰਜਾਬ ਭਰ ਦੇ ਸੇਵਾ ਕੇਂਦਰਾਂ ਉੱਤੇ ਅਤੇ ਸਕੂਲਾਂ ਵਿਚ ਆਯੋਜਿਤ ਵਿਸ਼ੇਸ਼ ਆਧਾਰ ਅਪਡੇਟ ਕੈਂਪਾਂ ਰਾਹੀਂ ਪੂਰੇ ਕੀਤੇ ਜਾ ਸਕਦੇ ਹਨ। ਮਾਤਾ-ਪਿਤਾ ਨੂੰ ਪ੍ਰੋਤਸਾਹਿਤ ਕੀਤਾ ਜਾਂਦਾ ਹੈ ਕਿ ਬੱਚੇ ਦਾ ਆਧਾਰ ਨੰਬਰ ਅਤੇ ਲੋੜ ਅਨੁਸਾਰ ਪ੍ਰਾਸੰਗਿਕ ਸਹਾਇਕ ਦਸਤਾਵੇਜ਼ ਨਾਲ ਲੈ ਕੇ ਨਜ਼ਦੀਕੀ ਕੇਂਦਰ ਉੱਤੇ ਜਾਣ ਜਾਂ ਸਕੂਲ-ਆਧਾਰਿਤ ਅਪਡੇਟ ਮੁਹਿੰਮਾਂ ਦਾ ਉਪਯੋਗ ਕਰਨ।

ਲਾਜ਼ਮੀ ਬਾਇਓਮੈਟ੍ਰਿਕ ਅਪਡੇਟ ਦਾ ਸਮੇਂ ਸਿਰ ਪੂਰਾ ਹੋਣਾ ਆਧਾਰ-ਸਮਰਥਿਤ ਸੇਵਾਵਾਂ ਤੱਕ ਸਹਿਜ ਪਹੁੰਚ, ਸਕਾਲਰਸ਼ਿਪ ਸਕੀਮਾਂ ਅਤੇ ਵਿਦਿਅਕ ਲਾਭਾਂ ਲਈ ਨਿਰੰਤਰ ਯੋਗਤਾ, ਪ੍ਰੀਖਿਆਵਾਂ ਅਤੇ ਦਾਖਲਿਆਂ ਵਿੱਚ ਸੁਗਮ ਭਾਗੀਦਾਰੀ, e-KYC ਰਾਹੀਂ ਬੈਂਕਿੰਗ ਅਤੇ ਵਿੱਤੀ ਲੈਣ-ਦੇਣ ਵਿਚ ਪਰੇਸ਼ਾਨੀ-ਰਹਿਤ ਅਨੁਭਵ ਯਕੀਨੀ ਬਣਾਉਂਦਾ ਹੈ, ਅਤੇ ਭਵਿੱਖ ਵਿਚ ਪ੍ਰਮਾਣੀਕਰਣ ਅਸਫਲਤਾਵਾਂ ਦਾ ਖਤਰਾ ਘਟਾਉਂਦਾ ਹੈ। ਇਹ ਬੱਚਿਆਂ ਦੀ ਸੁਰੱਖਿਅਤ ਡਿਜੀਟਲ ਪਛਾਣ ਨੂੰ ਮਜ਼ਬੂਤ ਕਰਨ ਵਿਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

ਸੇਵਾ ਵਿਤਰਣ ਅਤੇ ਪਛਾਣ ਸਤਿਆਪਨ ਲਈ ਆਧਾਰ ਉੱਤੇ ਵਧਦੀ ਨਿਰਭਰਤਾ ਨੂੰ ਦੇਖਦੇ ਹੋਏ, ਨਿਰਧਾਰਤ ਉਮਰ ਵਿੰਡੋ ਵਿਚ ਲਾਜ਼ਮੀ ਬਾਇਓਮੈਟ੍ਰਿਕ ਅਪਡੇਟ ਦਾ ਪੂਰਾ ਹੋਣਾ ਲੋੜੀਂਦਾ ਹੈ। ਇਸ ਲਈ ਸਾਰੇ ਯੋਗ ਪਰਿਵਾਰਾਂ ਤੋਂ ਇਸ ਅਪਡੇਟ ਨੂੰ ਤਰਜੀਹ ਦੇਣ ਅਤੇ ਸੀਮਤ ਸਮੇਂ ਲਈ ਪ੍ਰਦਾਨ ਕੀਤੀ ਜਾ ਰਹੀ ਮੁਫ਼ਤ ਸੇਵਾ ਦਾ ਪੂਰਾ ਲਾਭ ਉਠਾਉਣ ਦੀ ਸਖ਼ਤ ਅਪੀਲ ਕੀਤੀ ਜਾਂਦੀ ਹੈ।

# ਵੜਿੰਗ ਵੱਲੋਂ ਦਾਖਾ ਤੇ ਜਗਰਾਉਂ ਦੀਆਂ ਦਾਣਾ ਮੰਡੀਆਂ ਦਾ ਦੌਰਾ, ਕਿਸਾਨਾਂ ਨੂੰ ਸਮੇਂ ਸਿਰ ਭੁਗਤਾਨ 'ਤੇ ਜ਼ੋਰ



**ਲੁਧਿਆਣਾ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਜਗਰਾਉਂ ਅਤੇ ਮੁੱਲਾਂਪੁਰ ਦਾਖਾ ਦੀਆਂ ਦਾਣਾ ਮੰਡੀਆਂ ਦਾ ਦੌਰਾ ਕਰਕੇ ਖਰੀਦ ਪ੍ਰਕਿਰਿਆ ਦਾ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਸਮੇਂ ਸਿਰ ਭੁਗਤਾਨ ਯਕੀਨੀ ਬਣਾਉਣ 'ਤੇ ਜ਼ੋਰ ਦਿੱਤਾ।

ਵੜਿੰਗ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਕਿਸਾਨਾਂ ਪ੍ਰਤੀ ਹਮਦਰਦੀ ਨਾਲ ਕੰਮ ਕਰਦੇ ਹੋਏ ਖਰੀਦ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪਹਿਲਾਂ ਲਾਗੂ ਕੀਤੀਆਂ ਪਾਬੰਦੀਆਂ ਕਾਰਨ ਕਿਸਾਨਾਂ ਨੂੰ ਮੁਸ਼ਕਲਾਂ ਆਈਆਂ, ਜਿਨ੍ਹਾਂ ਵਿੱਚ ਹੁਣ ਕੁਝ ਢਿੱਲ ਦਿੱਤੀ ਗਈ ਹੈ।

# ਮੁੱਖ ਮੰਤਰੀ ਦੇ ਯਤਨਾਂ ਨੂੰ ਬੂਰ ਪੈਣਾ ਸ਼ੁਰੂ, ਪੰਜਾਬ ਸਰਕਾਰ ਵਰਲਡ ਹਾਰਟੀ ਸੈਂਟਰ ਈਕੋਸਿਸਟਮ ਦੀ ਤਰਜ਼ 'ਤੇ ਬਾਗਬਾਨੀ ਅਨੁਭਵ ਅਤੇ ਸਿਖਲਾਈ ਕੇਂਦਰ ਕਰੇਗੀ ਸਥਾਪਤ

**ਚੰਡੀਗੜ੍ਹ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ ਰਣਨੀਤਕ ਸਮਝੌਤੇ ਤਹਿਤ ਜੋ ਕਿਸਾਨਾਂ ਦੀ ਤਕਦੀਰ ਬਦਲਣ ਵਿੱਚ ਅਹਿਮ ਸਿੱਧ ਹੋਵੇਗਾ, ਸੂਬਾ ਸਰਕਾਰ ਵਰਲਡ ਹਾਰਟੀ ਸੈਂਟਰ ਈਕੋਸਿਸਟਮ ਦੀ ਤਰਜ਼ 'ਤੇ ਪੰਜਾਬ ਵਿੱਚ ਇੱਕ ਸਮਰਪਿਤ ਬਾਗਬਾਨੀ ਅਨੁਭਵ ਅਤੇ ਸਿਖਲਾਈ ਕੇਂਦਰ ਸਥਾਪਤ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ, ਜੋ ਫਸਲੀ ਵਿਭਿੰਨਤਾ ਨੂੰ ਹੁਲਾਰਾ ਦੇਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਕੀਤੇ ਜਾ ਰਹੇ ਸਿਰਤੋੜ ਯਤਨਾਂ ਦਾ ਹਿੱਸਾ ਹੋਵੇਗਾ।

ਅੱਜ ਨੀਦਰਲੈਂਡ ਵਿੱਚ ਨਿਵੇਸ਼ ਪ੍ਰੋਤਸਾਹਨ ਆਊਟਰੀਚ ਤਹਿਤ ਆਪਣੇ ਦੌਰੇ ਦੇ ਹਿੱਸੇ ਵਜੋਂ ਮੁੱਖ ਮੰਤਰੀ ਨੇ ਟਿਕਾਊ ਖੇਤੀਬਾੜੀ, ਫੁੱਲਾਂ ਦੀ ਖੇਤੀ ਅਤੇ ਉੱਚ-ਕੁਸ਼ਲਤਾ ਵਾਲੀਆਂ ਖੇਤੀ ਪ੍ਰਣਾਲੀਆਂ ਵਿੱਚ ਸਭ ਤੋਂ ਬਿਹਤਰ ਅਭਿਆਸਾਂ ਦਾ ਅਧਿਐਨ ਕਰਨ ਲਈ ਵਰਲਡ ਹਾਰਟੀ ਸੈਂਟਰ (ਡਬਲਯੂ.ਐਚ.ਸੀ.), ਵੈਸਟਲੈਂਡ ਅਤੇ ਵਿਸ਼ਵ ਪ੍ਰਸਿੱਧ ਕੇਯੂਕੇਨਹੌਫ, ਲਿਸੇ ਸਮੇਤ ਪ੍ਰਮੁੱਖ ਬਾਗਬਾਨੀ ਸੰਸਥਾਵਾਂ ਦੇ ਦੌਰੇ ਕੀਤੇ। ਉਨ੍ਹਾਂ ਨੇ ਪੰਜਾਬ ਵਿੱਚ ਅਜਿਹਾ ਹੀ ਕੇਂਦਰ ਸਥਾਪਤ ਕਰਨ ਦਾ ਵਿਚਾਰ ਪੇਸ਼ ਕੀਤਾ ਅਤੇ ਕਿਹਾ ਕਿ ਪ੍ਰਸਤਾਵਿਤ ਕੇਂਦਰ ਖੋਜਕਰਤਾਵਾਂ, ਅਕਾਦਮਿਕ ਸੰਸਥਾਵਾਂ, ਉਦਯੋਗ ਅਤੇ ਸਰਕਾਰੀ ਭਾਈਵਾਲਾਂ ਨੂੰ ਇਕਜੁੱਟ ਕਰਕੇ ਰਾਜ ਵਿੱਚ ਨਵੀਨਤਾ, ਹੁਨਰ ਵਿਕਾਸ ਅਤੇ ਟਿਕਾਊ ਖੇਤੀਬਾੜੀ ਹੱਲਾਂ ਨੂੰ ਅਪਣਾਉਣ ਵਿੱਚ ਮਦਦ ਕਰੇਗਾ। ਵਰਲਡ ਹਾਰਟੀ ਸੈਂਟਰ, ਜੋ ਗ੍ਰੀਨਹਾਊਸ ਹੌਰਟੀਕਲਚਰ ਇਨੋਵੇਸ਼ਨ ਲਈ ਇੱਕ ਗਲੋਬਲ ਹੱਬ ਹੈ, ਵਿਖੇ ਸੀਈਓ ਪੱਕ ਵੈਨ ਹੋਲਸਟਾਈਨ ਅਤੇ ਮੈਨੇਜਰ ਇੰਟਰਨੈਸ਼ਨਲ ਬਿਜ਼ਨਸ ਲੈਨੀ ਡਿਜਕਸ਼ੂਰਨ ਵੱਲੋਂ ਭਗਵੰਤ ਸਿੰਘ ਮਾਨ ਦਾ ਨਿੱਘਾ ਸਵਾਗਤ ਕੀਤਾ ਗਿਆ ਜਿਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਸੰਸਥਾ ਦਾ ਵਿਆਪਕ ਦੌਰਾ ਕਰਵਾਇਆ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਇੱਕ ਵਿਲੱਖਣ ਅਨੁਭਵ ਸੀ ਕਿਉਂਕਿ ਉਨ੍ਹਾਂ ਨੂੰ ਨੀਦਰਲੈਂਡ ਦੇ ਗ੍ਰੀਨਹਾਊਸ ਅਤੇ ਨਿਯੰਤਰਿਤ-ਵਾਤਾਵਰਣ ਖੇਤੀ ਦੇ ਵਿਸ਼ਵ ਪ੍ਰਸਿੱਧ ਈਕੋਸਿਸਟਮ ਨਾਲ ਜਾਣੂ ਕਰਵਾਇਆ, ਜਿੱਥੇ ਤਕਨਾਲੋਜੀ, ਖੋਜ, ਸਿੱਖਿਆ, ਉਦਯੋਗ ਅਤੇ ਸਰਕਾਰ ਦੇ ਸਹਿਯੋਗੀ ਯਤਨਾਂ ਨੇ ਰਵਾਇਤੀ ਖੇਤੀ ਨੂੰ ਉੱਚ-ਉਤਪਾਦਕਤਾ ਵਾਲੀ ਅਤੇ ਟਿਕਾਊ ਖੇਤੀ ਵਿੱਚ ਬਦਲ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸਦੀਆਂ ਮੁੱਖ ਵਿਸ਼ੇਸ਼ਤਾਵਾਂ ਵਿੱਚ ਗ੍ਰੀਨਹਾਊਸ ਅਤੇ ਉੱਨਤ ਇਨਡੋਰ ਖੇਤੀ ਪ੍ਰਣਾਲੀਆਂ ਦੀ



ਪ੍ਰਭਾਵਸ਼ੀਲਤਾ ਸ਼ਾਮਲ ਹੈ, ਜੋ ਕਿ ਪਾਣੀ ਦੀ ਕੁਸ਼ਲ ਵਰਤੋਂ ਨੂੰ ਯਕੀਨੀ ਬਣਾਉਂਦੇ ਹੋਏ ਫਸਲਾਂ ਦੀ ਪੈਦਾਵਾਰ ਵਿੱਚ ਮਹੱਤਵਪੂਰਨ ਵਾਧਾ ਕਰਦੀਆਂ ਹਨ, ਕੀਟਨਾਸ਼ਕਾਂ 'ਤੇ ਨਿਰਭਰਤਾ ਘਟਾਉਂਦੀਆਂ ਹਨ ਅਤੇ ਰਵਾਇਤੀ ਓਪਨ-ਫੀਲਡ ਖੇਤੀ ਦੇ ਮੁਕਾਬਲੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਦੀਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸੂਬੇ ਲਈ ਫਸਲੀ ਵਿਭਿੰਨਤਾ ਨੂੰ ਵੱਡਾ ਹੁਲਾਰਾ ਦੇਣ ਅਤੇ ਕਿਸਾਨਾਂ ਨੂੰ ਪਾਣੀ ਦੀ ਖਪਤ ਵਾਲੀਆਂ ਫਸਲਾਂ ਦੇ ਚੱਕਰ ਵਿੱਚੋਂ ਬਾਹਰ ਕੱਢਣ ਲਈ ਵਧੇਰੇ ਮਦਦਗਾਰ ਸਾਬਤ ਹੋ ਸਕਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੌਦਿਆਂ ਦੇ ਵਾਧੇ ਅਤੇ ਸਰੋਤ ਕੁਸ਼ਲਤਾ ਨੂੰ ਹੋਰ ਬਿਹਤਰ ਬਣਾਉਣ ਵਿੱਚ ਆਟੋਮੇਸ਼ਨ, ਰੋਬੋਟਿਕਸ, ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਆਧੁਨਿਕ ਸਿੰਚਾਈ ਪ੍ਰਣਾਲੀਆਂ ਦੀ ਭੂਮਿਕਾ ਹੈ। ਇਸ ਦੇ ਨਾਲ ਹੀ ਨਵੀਨਤਾਕਾਰੀ ਜਲ ਪ੍ਰਬੰਧਨ ਅਭਿਆਸਾਂ ਜਿਵੇਂ ਕਿ ਮੀਂਹ ਦੇ ਪਾਣੀ ਦੀ ਸੰਭਾਲ, ਸਿੰਚਾਈ ਦੇ ਪਾਣੀ ਦੀ ਮੁੜ ਵਰਤੋਂ ਅਤੇ ਨਿਯੰਤਰਿਤ ਪੌਸ਼ਟਿਕ ਡਿਲੀਵਰੀ ਪ੍ਰਣਾਲੀਆਂ ਦੀ ਭੂਮਿਕਾ ਵੀ ਜਲਵਾਯੂ ਅਨੁਸਾਰ ਖੇਤੀਬਾੜੀ ਉਤਪਾਦਨ ਨੂੰ ਯਕੀਨੀ ਬਣਾਉਣ ਲਈ ਅਹਿਮ ਹੈ । ਉਨ੍ਹਾਂ ਕਿਹਾ ਕਿ ਦੋਵਾਂ ਧਿਰਾਂ ਨੇ ਜਾਣਕਾਰੀ ਦੀ ਅਦਲਾ-ਬਦਲੀ ਅਤੇ ਤਕਨਾਲੋਜੀ ਭਾਈਵਾਲੀ ਸਮੇਤ ਸਹਿਯੋਗ ਲਈ ਸੰਭਾਵਨਾਵਾਂ ਤਲਾਸ਼ਣ ਅਤੇ ਸਿਧਾਂਤਕ ਤੌਰ 'ਤੇ ਇਸ 'ਤੇ ਸਹਿਮਤੀ ਪ੍ਰਗਟਾਈ। ਇਸ ਤੋਂ ਪਹਿਲਾਂ, ਭਗਵੰਤ ਸਿੰਘ ਮਾਨ ਨੇ ਦੁਨੀਆ ਦੇ ਸਭ ਤੋਂ ਮਸ਼ਹੂਰ ਫੁੱਲਾਂ ਦੀ ਖੇਤੀ ਸਥਾਨਾਂ ਵਿੱਚੋਂ ਇੱਕ, ਕੇਉਕੇਨਹੌਫ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਨੂੰ ਇੱਕ ਵਿਲੱਖਣ ਸੰਚਾਲਨ ਮਾਡਲ ਬਾਰੇ ਜਾਣੂ ਕਰਵਾਇਆ ਗਿਆ, ਜਿੱਥੇ ਅਕਤੂਬਰ ਤੋਂ ਸ਼ੁਰੂ ਹੋਣ ਵਾਲੀ ਪਤਝੜ ਦੌਰਾਨ ਹਰ ਸਾਲ ਲਗਭਗ 70 ਲੱਖ ਫੁੱਲਾਂ ਦੇ ਬਲਬ ਉਗਾਏ ਅਤੇ ਲਗਾਏ ਜਾਂਦੇ ਹਨ। ਅਤੇ ਮਾਰਚ ਦੌਰਾਨ 7-8 ਹਫ਼ਤਿਆਂ ਲਈ ਖਿੜਦੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਲਗਭਗ 32 ਹੈਕਟੇਅਰ ਵਿੱਚ ਫੈਲੇ ਅਤੇ ਉਤਪਾਦਕਾਂ ਅਤੇ ਉਦਯੋਗ ਭਾਈਵਾਲਾਂ ਦੇ ਸਹਿਯੋਗ ਰਾਹੀਂ ਤਿਆਰ ਕੀਤਾ ਗਿਆ , ਕੇਉਕੇਨਹੌਫ ਇੱਕ ਉੱਚ ਸੰਰਚਿਤ, ਨਿਰਯਾਤ-ਮੁਖੀ ਬਾਗਬਾਨੀ ਮਾਡਲ ਹੈ ,ਜੋ ਉਤਪਾਦਨ, ਸੈਰ-ਸਪਾਟਾ ਅਤੇ ਵਿਸ਼ਵਵਿਆਪੀ ਮਾਰਕੀਟਿੰਗ ਨੂੰ ਏਕੀਕ੍ਰਿਤ ਕਰਦਾ ਹੈ। ਉਨ੍ਹਾਂ ਕਿਹਾ ਕਿ ਇਸ ਦੌਰੇ ਨੇ ਪੰਜਾਬ ਨੂੰ ਫੁੱਲਾਂ ਦੀ ਖੇਤੀ ਦੇ ਕਲੱਸਟਰ ਵਿਕਸਤ ਕਰਨ, ਨਿਰਯਾਤ ਸਬੰਧਾਂ ਨੂੰ ਮਜ਼ਬੂਤ ਕਰਨ ਅਤੇ ਇੱਕ ਤਾਲਮੇਲ ਅਤੇ ਬਾਜ਼ਾਰ-ਅਧਾਰਤ ਪਹੁੰਚ ਰਾਹੀਂ ਖੇਤੀਬਾੜੀ-ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਵਿੱਚ ਅਹਿਮ ਸੂਝ ਪ੍ਰਦਾਨ ਕੀਤੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਦੋਵਾਂ ਦੌਰਿਆਂ ਤੋਂ ਸਿੱਖਣ ਨਾਲ ਪੰਜਾਬ ਦੇ ਵਡਮੁੱਲੀ, ਤਕਨਾਲੋਜੀ-ਅਧਾਰਤ ਖੇਤੀਬਾੜੀ ਵੱਲ ਮੁੜਨ ਦੀ ਉਮੀਦ ਹੈ, ਜਿਸ ਵਿੱਚ ਸਥਿਰਤਾ, ਉਤਪਾਦਕਤਾ ਵਧਾਉਣ ਅਤੇ ਖੇਤੀਬਾੜੀ ਅਰਥਵਿਵਸਥਾ ਦੀ ਵਿਭਿੰਨਤਾ 'ਤੇ ਧਿਆਨ ਕੇਂਦ੍ਰਤ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਦੌਰਾ ਆਰਥਿਕ ਸਹਿਯੋਗ ਨੂੰ ਮਜ਼ਬੂਤ ਕਰਨ ਅਤੇ ਪੰਜਾਬ ਨੂੰ ਇੱਕ ਪਸੰਦੀਦਾ ਨਿਵੇਸ਼ ਸਥਾਨ ਵਜੋਂ ਉਤਸ਼ਾਹਿਤ ਕਰਨ ਵਿੱਚ ਬਹੁਤ ਮਦਦ ਕਰੇਗਾ। ਰਾਜ ਦੀ ਉਦਯੋਗਿਕ ਅਤੇ ਵਪਾਰ ਵਿਕਾਸ ਨੀਤੀ (ਆਈਬੀਡੀਪੀ) 2026 ਬਾਰੇ ਦੱਸਦਿਆਂ ਉਨ੍ਹਾਂ ਕਿਹਾ ਕਿ ਇਹ ਸੈਕਟਰ-ਵਿਸ਼ੇਸ਼ ਨੀਤੀਆਂ ਅਤੇ ਕਾਰੋਬਾਰ ਕਰਨ ਦੀ ਮਜ਼ਬੂਤ ਸੌਖ ਦੁਆਰਾ ਸਮਰਥਤ ਇੱਕ ਵਿਆਪਕ ਅਤੇ ਲਚਕਦਾਰ ਪ੍ਰੋਤਸਾਹਨ ਢਾਂਚਾ ਪੇਸ਼ ਕਰਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦਾ ਉਦੇਸ਼ ਲੰਬੇ ਸਮੇਂ ਦੀ ਤਕਨਾਲੋਜੀ-ਅਗਵਾਈ ਵਾਲੀ ਭਾਈਵਾਲੀ ਬਣਾਉਣਾ, ਗਿਆਨ ਦੇ ਆਦਾਨ-ਪ੍ਰਦਾਨ ਨੂੰ ਆਸਾਨ ਬਣਾਉਣਾ ਅਤੇ ਟਿਕਾਊ ਖੇਤੀਬਾੜੀ ਲਈ ਇੱਕ ਪ੍ਰਗਤੀਸ਼ੀਲ, ਨਵੀਨਤਾ-ਅਧਾਰਤ, ਅਤੇ ਵਿਸ਼ਵ ਪੱਧਰੀ ਪ੍ਰਤੀਯੋਗੀ ਕੇਂਦਰ ਵਜੋਂ ਸਥਾਪਤ ਹੋਣਾ ਹੈ।

# ਸ੍ਰੀ ਅਰਬਿੰਦੋ ਕਾਲਜ ਵਿੱਚ ਜੀਓ-ਟਾਕਸ ਪੌਡਕਾਸਟ ਸੈਸ਼ਨ ਸਫਲਤਾਪੂਰਵਕ ਆਯੋਜਿਤ

**ਲੁਧਿਆਣਾ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਅਰਬਿੰਦੋ ਕਾਲਜ ਆਫ਼ ਕਾਮਰਸ ਐਂਡ ਮੈਨੇਜਮੈਂਟ ਦੇ ਐਜੂਟਾਕ ਕਲੱਬ ਵੱਲੋਂ ਜੀਓ-ਟਾਕਸ: ਡੀਕੋਡਿੰਗ ਗਲੋਬਲ ਅਫੇਅਰਜ਼ ਵਿਸ਼ੇ 'ਤੇ ਇੱਕ ਜਾਣਕਾਰੀਭਰਪੂਰ ਪੌਡਕਾਸਟ ਸੈਸ਼ਨ ਕਰਵਾਇਆ ਗਿਆ। ਮੁੱਖ ਬੁਲਾਰੇ ਡਾ. ਵਿਨੇ ਸ਼ਰਮਾ ਨੇ ਵਿਸ਼ਵ ਰਾਜਨੀਤੀ, ਆਰਥਿਕ ਤੇ ਤਕਨੀਕੀ ਬਦਲਾਅ ਅਤੇ ਭਾਰਤ ਦੀ ਭੂਮਿਕਾ 'ਤੇ ਆਪਣੇ ਵਿਚਾਰ ਸਾਂਝੇ ਕੀਤੇ।

ਇੰਟਰਐਕਟਿਵ ਸੈਸ਼ਨ ਦੌਰਾਨ ਵਿਦਿਆਰਥੀਆਂ ਨੇ ਸਰਗਰਮੀ ਨਾਲ ਹਿੱਸਾ ਲਿਆ ਅਤੇ ਅੰਤ ਵਿੱਚ ਸਵਾਲ-ਜਵਾਬ ਰਾਹੀਂ ਆਪਣੀਆਂ ਜਿਗਿਆਸਾਵਾਂ ਦਾ ਨਿਵਾਰਨ ਕੀਤਾ। ਪ੍ਰਿੰਸੀਪਲ ਅਤੇ ਪ੍ਰਬੰਧਕੀ ਕਮੇਟੀ ਨੇ ਇਸ ਪਹਿਲਕਦਮੀ ਦੀ ਸਰਾਹਨਾ ਕਰਦੇ ਹੋਏ ਅਜਿਹੇ ਮੰਚਾਂ ਨੂੰ ਵਿਦਿਆਰਥੀਆਂ ਦੇ ਸਰਵਾਂਗੀਣ ਵਿਕਾਸ ਲਈ ਲਾਭਕਾਰੀ ਦੱਸਿਆ।

# ਅਨੇਕਾਂ ਜਾਨਾਂ ਜਾਣ ਦੇ ਬਾਵਜੂਦ ਵੀ ਅਵਾਰਾ ਪਸ਼ੂ ਬਣੇ ਹੋਏ ਹਨ ਜਾਨ ਦਾ ਖੌ

**ਮਾਛੀਵਾੜਾ ਸਾਹਿਬ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਇਲਾਕੇ ਦੀਆਂ ਸੜਕਾਂ ਅਤੇ ਕਲੋਨੀਆ ਵਿੱਚ ਬਣੀਆਂ ਪਾਰਕਾਂ ਵਿੱਚ ਅਵਾਰਾ ਪਸ਼ੂਆਂ ਦੀ ਵੱਧਦੀ ਸੰਖਿਆ ਕਾਰਨ ਹਾਦਸਿਆਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।

ਦਿਨ ਹੋਵੇ ਜਾਂ ਰਾਤ, ਸੜਕਾਂ 'ਤੇ ਬਿਨਾਂ ਕਿਸੇ ਨਿਗਰਾਨੀ ਦੇ ਘੁੰਮਦੀਆਂ ਗਾਂਵਾ, ਬੱਛੜਿਆ ਅਤੇ ਸਾਨਾਂ ਕਾਰਨ ਵਾਹਨ ਚਾਲਕਾਂ ਸਵੇਰ ਦੀ ਸੈਰ ਕਰਨ ਵਾਲੇ ਵਿਅਕਤੀਆਂ ਲਈ ਖਤਰਾ ਬਣੇ ਹੋਏ ਹਨ।

ਸਥਾਨਕ ਲੋਕਾਂ ਮੁਤਾਬਕ ਕਈ ਵਾਰ ਰਾਤ ਦੇ ਸਮੇਂ ਇਹ ਪਸ਼ੂ ਸੜਕਾਂ ਦੇ ਵਿਚਕਾਰ ਬੈਠ ਜਾਂਦੇ ਹਨ, ਜਿਸ ਕਾਰਨ ਤੇਜ਼ ਰਫਤਾਰ ਵਾਹਨਾਂ ਨੂੰ ਅਚਾਨਕ ਬ੍ਰੇਕ ਲਗਾਉਣੀ ਪੈਂਦੀ ਹੈ ਅਤੇ ਹਾਦਸੇ ਵਾਪਰ ਜਾਂਦੇ ਹਨ। ਹਾਲ ਹੀ ਵਿੱਚ ਵੀ ਕਈ ਛੋਟੇ-ਵੱਡੇ ਹਾਦਸਿਆਂ ਵਿੱਚ ਲੋਕ ਜਖਮੀ ਹੋ ਚੁੱਕੇ ਹਨ, ਜਿਨ੍ਹਾਂ ਲਈ ਸਿੱਧੇ ਤੌਰ 'ਤੇ ਅਵਾਰਾ ਪਸ਼ੂ ਜ਼ਿੰਮੇਵਾਰ ਮੰਨੇ ਜਾ ਰਹੇ ਹਨ।

ਇਲਾਕੇ ਦੇ ਨਿਵਾਸੀਆਂ ਨੇ ਦੱਸਿਆ ਕਿ ਇਹਨਾਂ ਅਵਾਰਾ ਪਸ਼ੂਆਂ ਵਿੱਚ ਕਈ ਸਾਨ ਅਜਿਹੇ ਵੀ ਹਨ ਜੋ ਘੁੰਮਣ ਵਾਲੇ ਵਿਅਕਤੀਆਂ ਤੇ ਹਮਲਾ ਵੀ ਕਰਕੇ ਜਖਮੀ ਕਰ ਦਿੰਦੇ ਹਨ, ਇਸ ਸਮੱਸਿਆ ਬਾਰੇ ਕਈ ਵਾਰ ਪ੍ਰਸ਼ਾਸਨ ਅਤੇ ਨਗਰ ਕੌਂਸਲ ਨੂੰ ਅਗਾਹ ਕੀਤਾ ਗਿਆ ਹੈ, ਪਰ ਹੁਣ ਤੱਕ ਕੋਈ ਢੁਕਵਾਂ ਹੱਲ ਨਹੀਂ ਕੀਤਾ ਗਿਆ। ਲੋਕਾਂ ਦਾ ਕਹਿਣਾ ਹੈ ਕਿ ਜੇ ਸਮੇਂ ਸਿਰ ਪੱਕੇ ਕਦਮ ਨਾ ਚੁੱਕੇ ਗਏ ਤਾਂ ਇਹ ਸਮੱਸਿਆ ਹੋਰ ਭਿਆਨਕ ਰੂਪ ਧਾਰ ਸਕਦੀ ਹੈ।

ਸਮਾਜਿਕ ਵਰਗਾਂ ਨੇ ਮੰਗ ਕੀਤੀ ਹੈ ਕਿ ਅਵਾਰਾ ਪਸ਼ੂਆਂ ਨੂੰ ਕਾਬੂ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾਵੇ ਅਤੇ ਗਊਸ਼ਾਲਾਵਾਂ ਵਿੱਚ ਢੰਗ ਨਾਲ ਰੱਖਣ ਦੀ ਵਿਵਸਥਾ ਕੀਤੀ ਜਾਵੇ। ਇਸ ਦੇ ਨਾਲ ਹੀ ਸੜਕਾਂ 'ਤੇ ਰਾਤ ਸਮੇਂ ਰੌਸ਼ਨੀ ਦੇ ਪ੍ਰਬੰਧ ਅਤੇ ਚੇਤਾਵਨੀ ਬੋਰਡ ਲਗਾਉਣ ਦੀ ਵੀ ਲੋੜ ਹੈ, ਤਾਂ ਜੋ ਹਾਦਸਿਆਂ ਨੂੰ ਰੋਕਿਆ ਜਾ ਸਕੇ। ਪ੍ਰਸ਼ਾਸਨ ਵੱਲੋਂ ਜੇਕਰ ਜਲਦ ਹੀ ਕੋਈ ਕਾਰਵਾਈ ਨਾ ਕੀਤੀ ਗਈ ਤਾਂ ਆਮ ਲੋਕਾਂ ਦੀ ਜਾਨਮਾਲ ਦੀ ਸੁਰੱਖਿਆ 'ਤੇ ਵੱਡਾ ਸਵਾਲ ਖੜ੍ਹਾ ਹੋ ਸਕਦਾ ਹੈ।

# ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਮੋਹਾਲੀ ਵਿਖੇ ਖੋਜ ਅਤੇ ਵਿਕਾਸ ਕੇਂਦਰ ਸਥਾਪਤ ਕਰਨ ਦੀ ਸੰਭਾਵਨਾ ਪੜਚੋਲਣ ਲਈ ਗਲੋਬਲ ਸੈਮੀਕੰਡਕਟਰ ਦਿੱਗਜ਼ ਐਨ.ਐਕਸ.ਪੀ. ਨੂੰ ਨਿੱਘਾ ਸੱਦਾ

➢ ਸੂਬੇ ਦੀ ਵਿਸ਼ਾਲ ਸੰਭਾਵਨਾ ਅਤੇ ਸਹਿਯੋਗ ਦੇ ਮੌਕਿਆਂ ਦੀ ਪੜਚੋਲ ਲਈ ਐਨ.ਐਕਸ.ਪੀ. ਲੀਡਰਸ਼ਿਪ ਪੰਜਾਬ ਦਾ ਦੌਰਾ ਕਰੇਗੀ
➢ ਸਟਾਰਟਅੱਪ ਪੰਜਾਬ ਨਾਲ ਸਾਂਝੇਦਾਰੀ ਤਹਿਤ ਐਨ.ਐਕਸ.ਪੀ ਸਟਾਰਟਅੱਪ ਚੈਲੇਂਜ ਪ੍ਰੋਗਰਾਮ 'ਤੇ ਸਹਿਯੋਗ ਬਾਰੇ ਚਰਚਾ

**ਚੰਡੀਗੜ੍ਹ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਨੂੰ ਗਲੋਬਲ ਸੈਮੀਕੰਡਕਟਰ ਅਤੇ ਐਡਵਾਂਸਡ ਇਲੈਕਟ੍ਰਾਨਿਕਸ ਈਕੋਸਿਸਟਮ ਖੇਤਰ ਵਿੱਚ ਮੋਹਰੀ ਕਤਾਰ 'ਚ ਖੜ੍ਹਾ ਕਰਨ ਲਈ ਮਹੱਤਵਪੂਰਨ ਯਤਨ ਤਹਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਟੋਮੋਟਿਵ ਅਤੇ ਸਕਿਓਰ ਕੁਨੈਕਟੀਵਿਟੀ ਸੈਮੀਕੰਡਕਟਰ ਸਲਿਊਸ਼ਨਜ਼ ਦੇ ਖੇਤਰ ਵਿੱਚ ਗਲੋਬਲ ਲੀਡਰ ਅਤੇ ਬਹੁਕੌਮੀ ਤਕਨਾਲੋਜੀ ਮੋਹਰੀ ਕੰਪਨੀ ਐਨ.ਐਕਸ.ਪੀ. ਸੈਮੀਕੰਡਕਟਰਜ਼ ਨੂੰ ਮੋਹਾਲੀ ਵਿੱਚ ਇੱਕ ਖੋਜ ਅਤੇ ਵਿਕਾਸ (ਆਰ ਐਂਡ ਡੀ) ਕੇਂਦਰ ਸਥਾਪਤ ਕਰਨ ਦੀ ਸੰਭਾਵਨਾ ਦੀ ਪੜਚੋਲ ਕਰਨ ਦਾ ਸੱਦਾ ਦਿੱਤਾ ਹੈ।

ਇਹ ਕਦਮ ਇਲੈਕਟ੍ਰਾਨਿਕਸ ਸਿਸਟਮ ਡਿਜ਼ਾਇਨ, ਆਈਟੀ ਅਤੇ ਅਤਿ ਆਧੁਨਿਕ ਮੋਬਿਲਟੀ ਸਲਿਊਸ਼ਨਜ਼ ਵਿੱਚ ਮੋਹਾਲੀ ਦੀ ਮੁੱਖ ਕੇਂਦਰ ਵਜੋਂ ਉੱਭਰ ਰਹੀ ਸਥਿਤੀ ਦਾ ਲਾਭ ਉਠਾ ਕੇ ਨਿਵੇਸ਼ਾਂ ਨੂੰ ਆਕਰਸ਼ਿਤ ਕਰਨ, ਆਪਣੇ ਇਨੋਵੇਸ਼ਨ ਈਕੋਸਿਸਟਮ ਨੂੰ ਮਜ਼ਬੂਤ ਕਰਨ ਅਤੇ ਸੂਬੇ ਨੂੰ ਗਲੋਬਲ ਸੈਮੀਕੰਡਕਟਰ ਵੈਲਯੂ ਚੇਨ ਵਿੱਚ ਸ਼ਾਮਲ ਕਰਨ ਲਈ ਪੰਜਾਬ ਸਰਕਾਰ ਦੀ ਕੇਂਦਰਿਤ ਰਣਨੀਤੀ ਦਾ ਹਿੱਸਾ ਹੈ।

ਐਨ.ਐਕਸ.ਪੀ. ਸੈਮੀਕੰਡਕਟਰਜ਼ ਨੀਦਰਲੈਂਡ ਦੇ ਕਾਰਜਕਾਰੀ ਡਾਇਰੈਕਟਰ ਅਤੇ ਕੰਟਰੀ ਮੈਨੇਜਰ ਮੌਰਿਸ ਗੇਰੇਟਸ ਅਤੇ ਐਨ.ਐਕਸ.ਪੀ. ਸੈਮੀਕੰਡਕਟਰਜ਼ ਦੇ ਪਬਲਿਕ ਪਾਲਿਸੀ ਹੈੱਡ ਡਾ. ਅੰਕਿਤ ਪਾਲ ਨਾਲ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਐਡਵਾਂਸਡ ਇਲੈਕਟ੍ਰਾਨਿਕਸ, ਸੈਮੀਕੰਡਕਟਰ ਡਿਜ਼ਾਇਨ ਅਤੇ ਨਵੀਨ ਖੋਜ-ਅਧਾਰਤ ਈਕੋਸਿਸਟਮ ਵਿੱਚ ਸਹਿਯੋਗ ਦੇ ਮੌਕੇ ਲੱਭਣ ਲਈ ਕਿਹਾ। ਉਨ੍ਹਾਂ ਕਿਹਾ ਕਿ ਸੂਬੇ ਦੇ ਮਜ਼ਬੂਤ ਪ੍ਰਤਿਭਾ ਪੂਲ ਅਤੇ ਉੱਭਰ ਰਹੇ ਇਲੈਕਟ੍ਰਾਨਿਕਸ ਈਕੋਸਿਸਟਮ ਦਾ ਲਾਭ ਉਠਾਉਣ ਲਈ ਮੋਹਾਲੀ ਇੱਕ ਰਣਨੀਤਿਕ ਸਥਾਨ ਰੱਖਦਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਨ.ਐਕਸ.ਪੀ. ਨੂੰ ਕਾਲਕਟ ਭਵਨ, ਮੋਹਾਲੀ ਵਿਖੇ 'ਸਿਲੀਕਾਨ ਵੈਲੀ' ਵਰਗਾ ਈਕੋਸਿਸਟਮ ਵਿਕਸਤ ਕਰਨ ਦੀਆਂ ਸੂਬਾ ਸਰਕਾਰ ਦੀਆਂ ਯੋਜਨਾਵਾਂ ਤੋਂ ਵੀ ਜਾਣੂ ਕਰਵਾਇਆ, ਜੋ ਰਣਨੀਤਕ ਤੌਰ 'ਤੇ ਅੰਤਰਰਾਸ਼ਟਰੀ ਹਵਾਈ ਅੱਡੇ ਅਤੇ ਆਈਟੀ ਸਿਟੀ ਨੇੜੇ ਸਥਿਤ ਹੈ।

ਮੁੱਖ ਮੰਤਰੀ ਨੇ ਸਟਾਰਟਅੱਪ ਪੰਜਾਬ ਨਾਲ ਸਾਂਝੇਦਾਰੀ ਤਹਿਤ ਸਿਸਟਮ ਡਿਜ਼ਾਇਨ ਸਲਿਊਸ਼ਨਜ਼ ਅਤੇ ਐਨ.ਐਕਸ.ਪੀ. ਸਟਾਰਟਅੱਪ ਚੈਲੇਂਜ ਪ੍ਰੋਗਰਾਮ 'ਤੇ ਸੰਭਾਵੀ ਸਹਿਯੋਗ ਬਾਰੇ ਚਰਚਾ ਕੀਤੀ, ਜਿਸਦਾ ਉਦੇਸ਼ ਨਵੀਨਤਾ ਤੇ ਖੋਜ ਨੂੰ ਉਤਸ਼ਾਹਿਤ ਕਰਨਾ, ਸਟਾਰਟਅੱਪਸ ਨੂੰ ਸਮਰਥਨ ਦੇਣਾ ਅਤੇ ਅਤਿ-ਆਧੁਨਿਕ ਤਕਨਾਲੋਜੀ ਹੱਲਾਂ ਦਾ ਸਹਿ-ਵਿਕਾਸ ਕਰਨਾ ਹੈ। ਉਨ੍ਹਾਂ ਨੇ ਨਿਅਰ ਫੀਲਡ ਕਮਿਊਨੀਕੇਸ਼ਨ (ਐਨਐਫਸੀ), ਐਡਵਾਂਸਡ ਡਰਾਈਵਰ ਅਸਿਸਟੈਂਸ ਸਿਸਟਮ (ਏਡੀਏਐਸ) ਅਤੇ ਸਕਿਓਰ ਕੁਨੈਕਟੀਵਿਟੀ ਤਕਨਾਲੋਜੀਆਂ, ਜੋ ਆਲਮੀ ਉਦਯੋਗ ਰੁਝਾਨਾਂ ਨਾਲ ਇਕਸਾਰ ਹਨ, ਵਰਗੇ ਖੇਤਰਾਂ ਵਿੱਚ ਹੱਲ ਵਿਕਸਤ ਕਰਨ ਲਈ ਪੰਜਾਬ ਦੇ ਉੱਭਰ ਰਹੇ ਆਟੋਮੋਟਿਵ ਅਤੇ ਆਟੋ-ਕੰਪੋਨੈਂਟ ਈਕੋਸਿਸਟਮ ਦਾ ਲਾਭ ਉਠਾਉਣ ਦੀ ਵੀ ਵਕਾਲਤ ਕੀਤੀ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਵਿੱਚ ਮੌਜੂਦ ਪ੍ਰਤਿਭਾ ਦੇ ਮਜ਼ਬੂਤ ਈਕੋਸਿਸਟਮ ਦਾ ਵੀ ਜ਼ਿਕਰ ਕੀਤਾ, ਜਿਸ ਵਿੱਚ ਆਈ.ਆਈ.ਟੀ. ਰੋਪੜ, ਆਈ.ਐਸ.ਬੀ. ਮੋਹਾਲੀ, ਪਲਾਕਸ਼ਾ ਯੂਨੀਵਰਸਿਟੀ, ਪੰਜਾਬ ਇੰਜੀਨੀਅਰਿੰਗ ਕਾਲਜ, ਥਾਪਰ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਅਤੇ ਹੋਰ ਪ੍ਰਮੁੱਖ ਸੰਸਥਾਵਾਂ ਸ਼ਾਮਲ ਹਨ, ਜੋ ਉੱਚ-ਗੁਣਵੱਤਾ ਵਾਲਾ ਖੋਜ ਅਤੇ ਇੰਜੀਨੀਅਰਿੰਗ ਕਾਰਜਬਲ ਤਿਆਰ ਕਰਨ ਲਈ ਸਾਕਾਰਾਤਕ ਕੰਮ ਕਰ ਸਕਦੀਆਂ ਹਨ।

ਮੁੱਖ ਮੰਤਰੀ ਨੇ ਐਨ.ਐਕਸ.ਪੀ. ਨੂੰ ਸੂਬੇ ਵਿੱਚ ਮੌਜੂਦ ਭਰਪੂਰ ਸੰਭਾਵਨਾਵਾਂ ਅਤੇ ਸਾਂਝੇ ਰੂਪ ਵਿੱਚ ਕੰਮ ਕਰਨ ਸਬੰਧੀ ਮੌਕਿਆਂ ਦੀ ਪੜਚੋਲ ਕਰਨ ਲਈ ਪੰਜਾਬ ਦਾ ਦੌਰਾ ਕਰਨ ਦਾ ਸੱਦਾ ਦਿੱਤਾ। ਇਸ ਤੋਂ ਇਲਾਵਾ ਉਨ੍ਹਾਂ ਨੇ ਖੋਜ, ਨਵੀਨਤਾ ਅਤੇ ਸਟਾਰਟਅੱਪ ਈਕੋਸਿਸਟਮ ਵਿਕਾਸ ਦੇ ਖੇਤਰਾਂ ਵਿੱਚ ਵਿਚਾਰ-ਵਟਾਂਦਰੇ ਨੂੰ ਅੱਗੇ ਵਧਾਉਣ ਦੀ ਵੀ ਵਕਾਲਤ ਕੀਤੀ ਤਾਂ ਜੋ ਗਲੋਬਲ ਸੈਮੀਕੰਡਕਟਰ ਵੈਲਯੂ ਚੇਨ ਵਿੱਚ ਪੰਜਾਬ ਦੀ ਸਥਿਤੀ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, “ਨੀਦਰਲੈਂਡ ਵਿੱਚ ਪੰਜਾਬ ਸਰਕਾਰ ਦੇ ਚੱਲ ਰਹੇ ਨਿਵੇਸ਼ ਪ੍ਰੋਤਸਾਹਨ ਪ੍ਰੋਗਰਾਮ ਦੇ ਹਿੱਸੇ ਵਜੋਂ ਉਹ ਰਣਨੀਤਕ ਭਾਈਵਾਲੀ ਦੀ ਪੜਚੋਲ ਕਰਨ ਅਤੇ ਤਰਜੀਹੀ ਖੇਤਰਾਂ ਵਿੱਚ ਨਿਵੇਸ਼ ਆਕਰਸ਼ਿਤ ਕਰਨ ਲਈ ਆਲਮੀ ਪੱਧਰ ਦੀਆਂ ਪ੍ਰਮੁੱਖ ਕੰਪਨੀਆਂ ਨਾਲ ਵਪਾਰਕ ਸਬੰਧ ਸਥਾਪਿਤ ਕਰਨ ਦੀ ਰਾਹ 'ਤੇ ਹਨ।” ਉਨ੍ਹਾਂ ਨੇ ਇਲੈਕਟ੍ਰਾਨਿਕਸ ਸਿਸਟਮ ਡਿਜ਼ਾਇਨ ਅਤੇ ਨਿਰਮਾਣ (ਈਐਸਡੀਐਮ), ਆਈਟੀ ਅਤੇ ਅਤਿ-ਆਧੁਨਿਕ ਮੋਬਿਲਟੀ ਸਲਿਊਸ਼ਨਜ਼ ਲਈ ਉੱਭਰ ਰਹੇ ਕੇਂਦਰ ਵਜੋਂ ਸਥਾਪਤ ਹੋਣ ਬਾਰੇ ਪੰਜਾਬ ਦਾ ਪੱਖ ਵੀ ਪੇਸ਼ ਕੀਤਾ।

ਮੁੱਖ ਮੰਤਰੀ ਨੇ ਹਾਲ ਹੀ ਵਿੱਚ ਸ਼ੁਰੂ ਕੀਤੀ ਗਈ ਉਦਯੋਗਿਕ ਅਤੇ ਵਪਾਰ ਵਿਕਾਸ ਨੀਤੀ (ਆਈਬੀਡੀਪੀ) 2026 ਬਾਰੇ ਵੀ ਦੱਸਿਆ, ਜਿਸ ਤਹਿਤ ਇਲੈਕਟ੍ਰਾਨਿਕਸ ਅਤੇ ਸੈਮੀਕੰਡਕਟਰਾਂ ਨੂੰ ਲਾਹੇਵੰਦ ਸੈਕਟਰ ਵਜੋਂ ਪਛਾਣਿਆ ਗਿਆ ਹੈ, ਜਿਸ ਵਿੱਚ ਸਥਿਰ ਪੂੰਜੀ ਨਿਵੇਸ਼ ਦੇ 125 ਫੀਸਦੀ ਤੱਕ ਦੇ ਪ੍ਰੋਤਸਾਹਨ ਹਨ।

ਉਨ੍ਹਾਂ ਨੇ ਮੋਹਰੀ ਆਲਮੀ ਕੰਪਨੀਆਂ, ਜਿਨ੍ਹਾਂ ਵਿੱਚ ਇਨਫੋਸਿਸ ਸ਼ਾਮਲ ਹੈ, ਦੁਆਰਾ ਆਈਟੀ ਸਿਟੀ, ਮੋਹਾਲੀ ਵਿਖੇ ਹਾਲ ਹੀ ਵਿੱਚ ਕੀਤੇ ਗਏ ਨਿਵੇਸ਼ਾਂ ਅਤੇ ਸੈਮੀ-ਕੰਡਕਟਰ ਲੈਬਾਰਟਰੀ (ਐਸਸੀਐਲ), ਮੋਹਾਲੀ ਦੇ ਚੱਲ ਰਹੇ ਵਿਸਥਾਰ ਦਾ ਵੀ ਜ਼ਿਕਰ ਕੀਤਾ, ਜਿੱਥੇ ਭਾਰਤ ਸਰਕਾਰ ਦੇ ਸੈਮੀਕੰਡਕਟਰ ਮਿਸ਼ਨ ਅਧੀਨ ਟਾਟਾ ਗਰੁੱਪ ਦੀ ਸ਼ਮੂਲੀਅਤ ਨਾਲ ਸਮਰੱਥਾ ਵਧਾਉਣ ਦੀਆਂ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ, “ਸੂਬਾ ਸਰਕਾਰ ਦੇ ਸਰਗਰਮ ਯਤਨਾਂ ਸਦਕਾ ਪੰਜਾਬ ਹੁਣ ਦੁਨੀਆ ਭਰ ਵਿੱਚ ਸਭ ਤੋਂ ਪਸੰਦੀਦਾ ਨਿਵੇਸ਼ ਸਥਾਨ ਵਜੋਂ ਉਭਰਿਆ ਹੈ। ਇਸ ਮੌਕੇ ਵਿਚਾਰ-ਵਟਾਂਦਰੇ ਦੌਰਾਨ ਐਨਐਕਸਪੀ ਨੇ ਖੋਜ ਅਤੇ ਵਿਕਾਸ, ਏਮਬੈਡਡ ਸਿਸਟਮ ਅਤੇ ਆਟੋਮੋਟਿਵ ਸੈਮੀਕੰਡਕਟਰ ਸਲਿਊਸ਼ਨਜ਼ 'ਤੇ ਧਿਆਨ ਕੇਂਦਰਿਤ ਕਰਦਿਆਂ ਭਾਰਤ ਵਿੱਚ ਆਪਣੀ ਮਜ਼ਬੂਤ ਵਿਸ਼ਵਵਿਆਪੀ ਮੌਜੂਦਗੀ ਅਤੇ ਵਿਆਪਕ ਸਾਖ ਨੂੰ ਉਜਾਗਰ ਕੀਤਾ। ਕੰਪਨੀ ਨੇ ਉੱਭਰ ਰਹੇ ਵਿਸ਼ਵਵਿਆਪੀ ਰੁਝਾਨਾਂ, ਜਿਸ ਵਿੱਚ ਇੰਟੈਲੀਜੈਂਟ ਐੱਜ ਪ੍ਰਣਾਲੀਆਂ, ਆਟੋਮੋਟਿਵ ਇਲੈਕਟ੍ਰਾਨਿਕਸ, ਆਈਓਟੀ ਅਤੇ ਸੁਰੱਖਿਅਤ ਕਨੈਕਟੀਵਿਟੀ ਤਕਨਾਲੋਜੀਆਂ ਦੇ ਗਤੀਸ਼ੀਲ ਵਿਕਾਸ ਸ਼ਾਮਲ ਹਨ, ਬਾਰੇ ਵੀ ਜਾਣਕਾਰੀ ਸਾਂਝੀ ਕੀਤੀ।

ਇਸ ਮੌਕੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਅਤੇ ਹੋਰ ਵੀ ਮੌਜੂਦ ਸਨ।

# ਅੰਨਦਾਨਾ ਵਿਖੇ ਖੇਤੀਬਾੜੀ ਵਿਭਾਗ ਵੱਲੋਂ ਕਿਸਾਨ ਜਾਗਰੂਕਤਾ ਕੈਂਪ ਆਯੋਜਿਤ



**ਸੰਗਰੂਰ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਖੇਤੀਬਾੜੀ ਅਫਸਰ ਸੰਗਰੂਰ ਡਾ. ਧਰਮਿੰਦਰਜੀਤ ਸਿੰਘ ਸਿੱਧੂ ਦੇ ਦਿਸ਼ਾ-ਨਿਰਦੇਸ਼ਾਂ ਅਤੇ ਬਲਾਕ ਖੇਤੀਬਾੜੀ ਅਫਸਰ ਡਾ. ਇੰਦਰਜੀਤ ਸਿੰਘ ਭੱਟੀ ਦੀ ਪ੍ਰਧਾਨਗੀ ਹੇਠ ਬਲਾਕ ਲਹਿਰਾਗਾਗਾ ਦੇ ਪਿੰਡ ਅੰਨਦਾਨਾ ਵਿਖੇ ਇੱਕ ਵਿਸ਼ੇਸ਼ ਕਿਸਾਨ ਜਾਗਰੂਕਤਾ ਕੈਂਪ ਆਯੋਜਿਤ ਕੀਤਾ ਗਿਆ। ਕੈਂਪ ਦਾ ਆਯੋਜਨ ਡਾ. ਕੁਲਵੰਤ ਸਿੰਘ, ਖੇਤੀਬਾੜੀ ਵਿਕਾਸ ਅਫਸਰ, ਅੰਨਦਾਨਾ ਵੱਲੋਂ ਕੀਤਾ ਗਿਆ, ਜਿਸ ਦਾ ਮੁੱਖ ਉਦੇਸ਼ ਕਿਸਾਨਾਂ ਨੂੰ ਖੇਤੀਬਾੜੀ ਨਾਲ ਸੰਬੰਧਿਤ ਤਾਜ਼ਾ ਜਾਣਕਾਰੀ ਅਤੇ ਤਕਨੀਕਾਂ ਬਾਰੇ ਜਾਗਰੂਕ ਕਰਨਾ ਸੀ।

ਕੈਂਪ ਦੌਰਾਨ ਖੇਤੀਬਾੜੀ ਵਿਭਾਗ ਦੇ ਮਾਹਿਰਾਂ ਵੱਲੋਂ ਕਿਸਾਨਾਂ ਨੂੰ ਵੱਖ-ਵੱਖ ਮਹੱਤਵਪੂਰਨ ਵਿਸ਼ਿਆਂ 'ਤੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਖਾਸ ਤੌਰ 'ਤੇ ਕਿਸਾਨ ਰਜਿਸਟਰੀ ਦੀ ਪ੍ਰਕਿਰਿਆ ਬਾਰੇ ਸਮਝਾਇਆ ਗਿਆ ਅਤੇ ਕਿਸਾਨਾਂ ਨੂੰ ਆਪਣੀ ਰਜਿਸਟਰੇਸ਼ਨ ਕਰਵਾਉਣ ਲਈ ਪ੍ਰੇਰਿਤ ਕੀਤਾ ਗਿਆ, ਤਾਂ ਜੋ ਉਹ ਸਰਕਾਰੀ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਪ੍ਰਾਪਤ ਕਰ ਸਕਣ।

ਇਸ ਤੋਂ ਇਲਾਵਾ ਕਣਕ ਦੇ ਨਾੜ ਦੀ ਰਹਿੰਦ-ਖੂਹੰਦ ਦੇ ਸੁਚੱਜੇ ਪ੍ਰਬੰਧ ਅਤੇ ਪਰਾਲੀ ਸਾੜਨ ਨਾਲ ਪੈਦਾ ਹੋਣ ਵਾਲੇ ਨੁਕਸਾਨਾਂ ਬਾਰੇ ਵੀ ਕਿਸਾਨਾਂ ਨੂੰ ਜਾਗਰੂਕ ਕੀਤਾ ਗਿਆ। ਮਾਹਿਰਾਂ ਨੇ ਦੱਸਿਆ ਕਿ ਪਰਾਲੀ ਨੂੰ ਅੱਗ ਲਗਾਉਣ ਦੀ ਬਜਾਏ ਆਧੁਨਿਕ ਤਕਨੀਕਾਂ ਦੀ ਵਰਤੋਂ ਕਰਕੇ ਇਸ ਦਾ ਪ੍ਰਬੰਧਨ ਕੀਤਾ ਜਾ ਸਕਦਾ ਹੈ, ਜਿਸ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਬਰਕਰਾਰ ਰਹਿੰਦੀ ਹੈ ਅਤੇ ਵਾਤਾਵਰਣ ਦੀ ਸੰਭਾਲ ਵੀ ਹੁੰਦੀ ਹੈ।

ਕੈਂਪ ਵਿੱਚ ਕਪਾਹ ਦੀ ਉੱਚ-ਗੁਣਵੱਤਾ ਵਾਲੀ ਕਾਸ਼ਤ ਲਈ ਅਪਣਾਈ ਜਾਣ ਵਾਲੀਆਂ ਤਕਨੀਕਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਗਈ। ਨਾਲ ਹੀ ਕਿਸਾਨਾਂ ਨੂੰ ਸਾਉਣੀ ਮੱਕੀ ਦੀ ਕਾਸ਼ਤ ਵੱਲ ਪ੍ਰੇਰਿਤ ਕੀਤਾ ਗਿਆ, ਤਾਂ ਜੋ ਫਸਲੀ ਵਿਭਿੰਨਤਾ ਰਾਹੀਂ ਆਮਦਨ ਵਿੱਚ ਵਾਧਾ ਕੀਤਾ ਜਾ ਸਕੇ।

# ਡਿਪਟੀ ਕਮਿਸ਼ਨਰ ਵੱਲੋਂ ਨੈਸ਼ਨਲ ਹਾਈਵੇ ਪ੍ਰਾਜੈਕਟਾਂ ਨਾਲ ਸਬੰਧਤ ਮਾਮਲਿਆਂ ਦਾ ਨਿਪਟਾਰਾ



**ਜਲੰਧਰ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਵਿੱਚ ਚੱਲ ਰਹੇ ਪ੍ਰਮੁੱਖ ਹਾਈਵੇ ਪ੍ਰਾਜੈਕਟਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਨੂੰ ਯਕੀਨੀ ਬਣਾਉਣ ਦੇ ਮੰਤਵ ਨਾਲ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਅੱਜ ਹਾਈਵੇ ਪ੍ਰਾਜੈਕਟਾਂ ਨਾਲ ਸਬੰਧਤ ਮੁੱਦਿਆਂ ਦੀ ਸਮੀਖਿਆ ਕੀਤੀ ਅਤੇ ਇਨ੍ਹਾਂ ਦਾ ਮੌਕੇ 'ਤੇ ਨਿਪਟਾਰਾ ਕਰਦਿਆਂ ਸਬੰਧਤ ਅਧਿਕਾਰੀਆਂ ਨੂੰ ਤੁਰੰਤ ਬਣਦੀ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ।

ਅੱਜ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਬੰਧਤ ਕੰਪੀਟੈਂਟ ਅਥਾਰਟੀ ਫਾਰ ਲੈਂਡ ਐਕੂਜ਼ੀਸ਼ਨ ਅਤੇ ਨੈਸ਼ਨਲ ਹਾਈਵੇ ਅਥਾਰਟੀ (ਐਨ.ਐਚ.ਏ.ਆਈ.) ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਵੱਲੋਂ ਫਗਵਾੜਾ-ਹੁਸ਼ਿਆਰਪੁਰ ਹਾਈਵੇ ਅਤੇ ਦਿੱਲੀ-ਕੱਟੜਾ ਐਕਸਪ੍ਰੈਸ ਵੇਅ ਨਾਲ ਸਬੰਧਤ ਮੁੱਦਿਆਂ ਦੀ ਵਿਸਥਾਰ ਨਾਲ ਸਮੀਖਿਆ ਕੀਤੀ ਗਈ।

ਸ਼੍ਰੀ ਵਾਲੀਆ ਨੇ ਜ਼ੋਰ ਦਿੰਦਿਆਂ ਕਿਹਾ ਕਿ ਬੁਨਿਆਦੀ ਢਾਂਚੇ ਨਾਲ ਸਬੰਧਤ ਇਹ ਪ੍ਰਾਜੈਕਟ ਜ਼ਿਲ੍ਹੇ ਦੇ ਵਿਕਾਸ ਲਈ ਬਹੁਤ ਅਹਿਮੀਅਤ ਰੱਖਦੇ ਹਨ, ਜਿਨ੍ਹਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਵਿੱਚ ਕੋਈ ਵੀ ਕਸਰ ਬਾਕੀ ਨਹੀਂ ਰਹਿਣੀ ਚਾਹੀਦੀ।

ਡਿਪਟੀ ਕਮਿਸ਼ਨਰ ਨੇ ਇਨ੍ਹਾਂ ਅਹਿਮ ਪ੍ਰਾਜੈਕਟਾਂ ਨਾਲ ਸਬੰਧਤ ਮੁਆਵਜ਼ੇ ਦੀ ਵੰਡ, ਕਬਜ਼ੇ ਦੀ ਪ੍ਰਕਿਰਿਆ ਅਤੇ ਜ਼ਮੀਨ ਦੇ ਐਵਾਰਡ ਸਬੰਧੀ ਪੈਂਡਿੰਗ ਮਾਮਲਿਆਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਅਤੇ ਮੌਕੇ 'ਤੇ ਹੀ ਮੁੱਦਿਆਂ ਦਾ ਨਿਪਟਾਰਾ ਕਰਦਿਆਂ ਸਬੰਧਤ ਅਧਿਕਾਰੀਆਂ ਨੂੰ ਤੁਰੰਤ ਬਣਦੀ ਕਾਰਵਾਈ ਅਮਲ ਵਿੱਚ ਲਿਆਉਣ ਦੀ ਹਦਾਇਤ ਕੀਤੀ।

ਚੱਲ ਰਹੇ ਹਾਈਵੇ ਪ੍ਰਾਜੈਕਟਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਂਦਿਆਂ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਇਨ੍ਹਾਂ ਅਹਿਮ ਪ੍ਰਾਜੈਕਟਾਂ ਦੇ ਕੰਮ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਇਨ੍ਹਾਂ ਪ੍ਰਾਜੈਕਟਾਂ ਨੂੰ ਜ਼ਿਲ੍ਹੇ ਦੇ ਵਿਕਾਸ ਲਈ ਅਹਿਮ ਕਰਾਰ ਦਿੰਦਿਆਂ ਸ਼੍ਰੀ ਵਾਲੀਆ ਨੇ ਕਿਹਾ ਕਿ ਹਾਈਵੇ ਪ੍ਰਾਜੈਕਟਾਂ ਸਦਕਾ ਬਿਹਤਰ ਖੇਤਰੀ ਸੰਪਰਕ ਨਾਲ ਵਿਕਾਸ ਲਈ ਨਵੇਂ ਰਾਹ ਖੁੱਲ੍ਹਣਗੇ। ਉਨ੍ਹਾਂ ਅਧਿਕਾਰੀਆਂ ਨੂੰ ਹੋਰ ਬਿਹਤਰ ਤਾਲਮੇਲ ਨਾਲ ਕੰਮ ਕਰਨ 'ਤੇ ਜ਼ੋਰ ਦਿੱਤਾ ਤਾਂ ਜੋ ਰਾਸ਼ਟਰੀ ਮਹੱਤਵ ਦੇ ਇਨ੍ਹਾਂ ਪ੍ਰਾਜੈਕਟਾਂ ਨੂੰ ਸਮੇਂ ਸਿਰ ਮੁਕੰਮਲ ਕੀਤਾ ਜਾ ਸਕੇ।

ਮੀਟਿੰਗ ਵਿੱਚ ਐਸ.ਡੀ.ਐਮ ਸ਼ਾਇਰੀ ਮਲਹੋਤਰਾ, ਜ਼ਿਲ੍ਹਾ ਮਾਲ ਅਫ਼ਸਰ ਨਵਦੀਪ ਸਿੰਘ ਭੋਗਲ, ਪ੍ਰਾਜੈਕਟ ਡਾਇਰੈਕਟਰ ਐਨ.ਐਚ.ਏ.ਆਈ. ਪ੍ਰਿਯੰਕਾ ਮੀਨਾ ਤੋਂ ਇਲਾਵਾ ਹੋਰ ਅਧਿਕਾਰੀ ਵੀ ਮੌਜੂਦ ਸਨ।

# ਪੁਡੂਚੇਰੀ ਦੇ ਉਪ-ਰਾਜਪਾਲ ਕੈਲਾਸ਼ਨਾਥਨ ਵੱਲੋਂ ਸਿੱਖਾਂ ਦੇ ਯੋਗਦਾਨ ਤੇ ਰਾਸ਼ਟਰ ਨਿਰਮਾਣ 'ਚ ਭੂਮਿਕਾ ਦੀ ਸਰਾਹਨਾ

**ਚੰਡੀਗੜ੍ਹ/ਪੁਡੂਚੇਰੀ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਡੂਚੇਰੀ ਕੇਂਦਰੀ ਸਾਸ਼ਤ ਪ੍ਰਦੇਸ਼ ਦੇ ਉਪ-ਰਾਜਪਾਲ ਕੇ. ਕੈਲਾਸ਼ਨਾਥਨ ਨੇ ਐਤਵਾਰ ਨੂੰ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਵਿਖੇ ਉੱਥੋਂ ਦੇ ਗੁਰਦੁਆਰਾ ਸਾਹਿਬ ਵਿਖੇ ਸਿੱਖ ਸੰਗਤ ਨਾਲ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੇ ਪਾਵਨ ਮੌਕੇ 'ਤੇ ਸ਼ਿਰਕਤ ਕੀਤੀ। ਇਸ ਮੌਕੇ ਪੁਡੂਚੇਰੀ, ਚੇਨਈ ਅਤੇ ਨੇੜਲੇ ਇਲਾਕਿਆਂ ਤੋਂ ਵੱਡੀ ਗਿਣਤੀ ਵਿੱਚ ਸ਼ਰਧਾਲੂ ਇਕੱਠੇ ਹੋਏ ਜਿਸ ਨਾਲ ਗਹਿਰੀ ਆਤਮਿਕਤਾ ਅਤੇ ਸਾਂਝੀ ਸਦਭਾਵਨਾ ਦਾ ਧਾਰਮਿਕ ਮਾਹੌਲ ਬਣਿਆ ਹੋਇਆ ਸੀ।

ਸੰਗਤਾਂ ਨੂੰ ਸੰਬੋਧਨ ਕਰਦਿਆਂ ਉਪ-ਰਾਜਪਾਲ ਨੇ ਦੇਸ਼ ਦੀ ਤਰੱਕੀ ਅਤੇ ਵਿਕਾਸ ਵਿੱਚ ਸਿੱਖ ਕੌਮ ਵੱਲੋਂ ਪਾਏ ਮਹੱਤਵਪੂਰਨ ਯੋਗਦਾਨ ਦਾ ਜ਼ਿਕਰ ਕਰਦਿਆਂ ਸਿੱਖਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਸਿੱਖ ਕੌਮ ਦੀ ਸ਼ਾਨਦਾਰ ਵਿਰਾਸਤ, ਬਲਿਦਾਨਾਂ, ਸੇਵਾ ਭਾਵਨਾ ਅਤੇ ਦੇਸ਼ ਭਲਾਈ ਪ੍ਰਤੀ ਵਚਨਬੱਧਤਾ ਨੂੰ ਉਜਾਗਰ ਕੀਤਾ। ਸੇਵਾ ਅਤੇ ਲੰਗਰ ਵਰਗੇ ਸਿੱਖ ਸਿਧਾਂਤਾਂ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਨੇ ਇਸ ਪ੍ਰਥਾ ਨੂੰ ਨਿਸ਼ਕਾਮ ਸੇਵਾ ਅਤੇ ਸਮਾਜਿਕ



ਸਮਾਨਤਾ ਦੀ ਸਦੀਵੀ ਉਦਾਹਰਨ ਦੱਸਿਆ ਜੋ ਸਮਾਜ ਨੂੰ ਲਗਾਤਾਰ ਪ੍ਰੇਰਿਤ ਕਰਦੇ ਹਨ। ਗੁਰਦੁਆਰਾ ਪ੍ਰਬੰਧਕਾਂ ਨੇ ਉਪ-ਰਾਜਪਾਲ ਦਾ ਤਹਿ-ਦਿਲੋਂ ਸਵਾਗਤ ਕਰਦਿਆਂ ਉਨ੍ਹਾਂ ਨੂੰ ਰਿਵਾਇਤੀ ਸਨਮਾਨ ਚਿੰਨ੍ਹ ਭੇਟ ਕੀਤੇ ਗਏ ਜਿਸ ਵਿੱਚ ਸ੍ਰੀ ਜਪੁਜੀ ਸਾਹਿਬ ਦਾ ਤਾਮਿਲ ਅਨੁਵਾਦ, ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਪਵਿੱਤਰ ਬਾਣੀ ਅਤੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦਾ ਮਾਡਲ ਭੇਟ ਕੀਤਾ ਗਿਆ। ਇਸ ਦੇ ਨਾਲ ਹੀ ਉਨ੍ਹਾਂ ਨੂੰ ਸਿੱਖ ਕੌਮ ਵੱਲੋਂ ਦਿੱਤੇ ਜਾਂਦੇ ਸਨਮਾਨ ਦਾ ਪ੍ਰਤੀਕ 'ਸਿਰੋਪਾਓ' ਵੀ ਭੇਟ ਕੀਤਾ ਗਿਆ।

ਸਾਦਗੀ, ਭਰਾਤਰੀਭਾਵ ਅਤੇ ਇੱਕਮਿੱਕਤਾ ਦਾ ਪ੍ਰਗਟਾਵਾ ਕਰਦਿਆਂ ਉਪ-ਰਾਜਪਾਲ ਨੇ ਸੰਗਤ ਦੇ ਨਾਲ ਪੰਗਤ ਵਿੱਚ ਬੈਠ ਕੇ ਗੁਰੂ ਕਾ ਲੰਗਰ ਵੀ ਛਕਿਆ। ਸਿੱਖ ਸੰਗਤ ਨੇ ਉਪ-ਰਾਜਪਾਲ ਦਾ ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਸਿੱਖ ਭਾਈਚਾਰੇ ਨਾਲ ਉਨ੍ਹਾਂ ਵੱਲੋਂ ਲਗਾਤਾਰ ਦਿੱਤੇ ਜਾਂਦੇ ਸਹਿਯੋਗ ਲਈ ਧੰਨਵਾਦ ਕੀਤਾ। ਇਸ ਮੌਕੇ ਕਈ ਪ੍ਰਮੁੱਖ ਸ਼ਖਸੀਅਤਾਂ ਵੀ ਹਾਜ਼ਰ ਸਨ ਜਿਨ੍ਹਾਂ ਵਿੱਚ ਹਰਸਰਨ ਸਿੰਘ, ਸਕੱਤਰ ਪਾਂਡੀਚੇਰੀ ਗੁਰਦੁਆਰਾ ਸਾਹਿਬ, ਰਾਜਿੰਦਰ ਸਿੰਘ ਭਸੀਨ, ਪ੍ਰਧਾਨ ਗੁਰੂ ਨਾਨਕ ਕਾਲਜ, ਚੇਨਈ, ਸੁਰਜੀਤ ਸਿੰਘ ਮਦਾਨ, ਡਾਇਰੈਕਟਰ, ਯੂਨਾਈਟਿਡ ਸਿੱਖਸ ਤਾਮਿਲਨਾਡੂ, ਜਸਬੀਰ ਸਿੰਘ ਭਸੀਨ, ਮੈਂਬਰ, ਭਾਈ ਮਰਦਾਨਾ ਜੀ ਕੀਰਤਨੀ ਜਥਾ, ਜਸਬੀਰ ਸਿੰਘ ਨਰੂਲਾ, ਜਾਇੰਟ ਸਕੱਤਰ, ਗੁਰਪ੍ਰਤਾਪ ਸਿੰਘ, ਓਂਕਾਰ ਸਿੰਘ ਅਤੇ ਪਰਮਜੀਤ ਸਿੰਘ, ਮੈਂਬਰ, ਸ੍ਰੀ ਗੁਰੂ ਨਾਨਕ ਸਤਸੰਗ ਸਭਾ, ਟੀ. ਨਗਰ, ਚੇਨਈ ਵੀ ਸ਼ਾਮਲ ਸਨ।

# ਲੋਕ ਖੇਡਾਂ ਨੂੰ ਸਮਰਪਿਤ ਇਕ ਰੋਜ਼ਾ ਰਾਸ਼ਟਰੀ ਸੈਮੀਨਾਰ ਸੰਪੰਨ

**ਮਲੇਰਕੋਟਲਾ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਲੇਰਕੋਟਲਾ ਜ਼ਿਲ੍ਹੇ ਲਈ ਮਾਣ ਵਾਲੀ ਗੱਲ ਹੈ ਕਿ ਡਾ. ਬਲਵੰਤ ਸਿੰਘ, ਜ਼ਿਲ੍ਹਾ ਰਿਸੋਰਸ ਕੋਆਰਡੀਨੇਟਰ ਨੇ ਅਕਾਦਮਿਕ ਖੇਤਰ ਵਿੱਚ ਇੱਕ ਹੋਰ ਮਹੱਤਵਪੂਰਨ ਉਪਲਬਧੀ ਹਾਸਲ ਕੀਤੀ ਹੈ।

ਡਾ. ਬਲਵੰਤ ਸਿੰਘ ਜੀ ਨੇ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ, ਪਟਿਆਲਾ ਵੱਲੋਂ ਆਯੋਜਿਤ ਰਾਸ਼ਟਰੀ ਸੈਮੀਨਾਰ ਵਿੱਚ ਦ ਫ਼ੋਕ ਗੇਮਜ : ਹੈਲਥ, ਫਿੱਟਨੈੱਸ ਐਂਡ ਸਪੋਰਟਸ ਸਕਿਲ ਪਰਸਪੈਕਟਿਵ ਵਿਸ਼ੇ 'ਤੇ ਆਪਣਾ ਖੋਜ ਪੇਪਰ ਸਫਲਤਾਪੂਰਵਕ ਪੇਸ਼ ਕੀਤਾ। ਇਸ ਸੈਮੀਨਾਰ ਵਿੱਚ ਆਏ ਵੱਖ-ਵੱਖ ਵਿਦਵਾਨਾਂ, ਖੇਡ ਵਿਗਿਆਨੀਆਂ ਅਤੇ ਖੋਜਕਾਰਾਂ ਨੇ ਭਾਗ ਲਿਆ।ਡਾ. ਬਲਵੰਤ ਸਿੰਘ ਦੇ ਇਸ ਖੋਜ ਪੇਪਰ ਵਿੱਚ ਰਵਾਇਤੀ ਲੋਕ ਖੇਡਾਂ ਦੀ ਮਹੱਤਤਾ ਨੂੰ ਸਿਹਤ, ਸਰੀਰਕ ਫਿਟਨੈੱਸ ਅਤੇ ਖੇਡ ਕੌਸ਼ਲ ਦੇ ਵਿਕਾਸ ਨਾਲ ਜੋੜਦੇ ਹੋਏ ਵਿਸਥਾਰ ਨਾਲ ਪ੍ਰਸਤੁਤ ਕੀਤਾ ਗਿਆ। ਉਨ੍ਹਾਂ ਨੇ ਦਰਸਾਇਆ ਕਿ ਲੋਕ ਖੇਡਾਂ ਸਿਰਫ ਮਨੋਰੰਜਨ ਹੀ ਨਹੀਂ, ਸਗੋਂ ਬੱਚਿਆਂ ਅਤੇ ਨੌਜਵਾਨਾਂ ਵਿੱਚ ਸਰੀਰਕ ਤੰਦਰੁਸਤੀ, ਟੀਮ ਵਰਕ, ਅਨੁਸ਼ਾਸਨ ਅਤੇ ਸਮਾਜਿਕ ਮੁੱਲਾਂ ਦੇ ਵਿਕਾਸ ਲਈ ਵੀ ਬਹੁਤ ਲਾਭਕਾਰੀ ਹਨ।ਉਨ੍ਹਾਂ ਦੀ ਇਸ ਪ੍ਰਸਤੁਤੀ ਨੂੰ ਹਾਜ਼ਰ ਵਿਦਵਾਨਾਂ ਅਤੇ ਮਾਹਿਰਾਂ ਵੱਲੋਂ ਬਹੁਤ ਹੀ ਸਰਾਹਿਆ ਗਿਆ। ਸੈਮੀਨਾਰ ਦੌਰਾਨ ਹੋਈ ਚਰਚਾ ਵਿੱਚ ਵੀ ਡਾ. ਬਲਵੰਤ ਸਿੰਘ ਦੇ ਵਿਚਾਰਾਂ ਨੂੰ ਮਹੱਤਵਪੂਰਨ ਯੋਗਦਾਨ ਵਜੋਂ ਮੰਨਿਆ ਗਿਆ।ਉੱਪ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀਮਤੀ ਮਨਜੀਤ ਕੌਰ ਜੀ ਨੇ ਡਾ. ਬਲਵੰਤ ਸਿੰਘ ਦੀ ਪ੍ਰਸ਼ੰਸਾ ਕੀਤੀ।

# ਹਰਿਆਣਾ ਵਿੱਚ 8200 ਕਰੋੜ ਦੀ ਬਕਾਇਆ ਵਸੂਲੀ ਲਈ ਤੇਜ ਹੋਵੇਗੀ ਮੁਹਿੰਮ : ਅਨਿਲ ਵਿਜ



**ਚੰਡੀਗੜ੍ਹ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਊਰਜਾ ਮੰਤਰੀ ਸ੍ਰੀ ਅਨਿਲ ਵਿਜ ਨੇ ਕਿਹਾ ਕਿ ਭੂਮੀ ਵਸੂਲੀ ਐਕਟ ਤਹਿਤ ਸਥਾਈ ਰੂਪ ਨਾਲ ਕੱਟੇ ਗਏ ਬਿਜਲੀ ਕਨੈਕਸ਼ਨਾਂ ਵਾਲੇ ਖਪਤਕਾਰਾਂ ਤੋਂ ਬਕਾਇਆ ਰਕਮ ਦੀ ਵਸੂਲੀ ਤਹਿਤ 15 ਦਿਨਾਂ ਦੇ ਅੰਦਰ ਨੋਟਿਸ ਜਾਰੀ ਕੀਤੇ ਜਾਣਗੇ। ਉਨ੍ਹਾਂ ਨੇ ਸਬੰਧਿਤ ਅਧਿਕਾਰੀਆਂ ਨੂੰ ਸਪਸ਼ਟ ਨਿਰਦੇਸ਼ ਦਿੱਤੇ ਕਿ ਵਸੂਲੀ ਪ੍ਰਕ੍ਰਿਆ ਨਿਰਧਾਰਿਤ ਸਮੇਂ ਵਿੱਚ ਪੂਰੀ ਕੀਤੀ ਜਾਵੇ ਅਤੇ ਇਸ ਵਿੱਚ ਕਿਸੇ ਤਰ੍ਹਾ ਦੀ ਢਿੱਲ ਨਾ ਵਰਤੀ ਜਾਵੇ।

ਇਸ ਤੋਂ ਇਲਾਵਾ, ਬਕਾਇਆ ਵਸੂਲੀ 'ਤੇ ਵਿਸ਼ੇਸ਼ ਜੋਰ ਦਿੰਦੇ ਹੋਏ ਸ੍ਰੀ ਵਿਜ ਨੇ ਦਸਿਆ ਕਿ ਸੂਬੇ ਵਿੱਚ ਕੁੱਲ 8200 ਕਰੋੜ ਰੁਪਏ ਦੀ ਬਕਾਇਆ ਰਕਮ ਦੀ ਵਸੂਲੀ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਸਰਕਾਰੀ ਵਿਭਾਗਾਂ ਦੇ ਨਾਲ ਤਾਲਮੇਲ ਸਥਾਪਿਤ ਕਰ ਇਸ ਪ੍ਰਕ੍ਰਿਆ ਨੂੰ ਹੋਰ ਵੱਧ ਤੇਜ ਕੀਤਾ ਜਾਵੇਗਾ।

ਇਸ ਬਾਰੇ ਵਿੱਚ ਜਾਣਕਾਰੀ ਦਿੰਦੇ ਹੋਏ ਊਰਜਾ ਮੰਤਰੀ ਨੇ ਕਿਹਾ ਕਿ ਬਿਜਲੀ ਚੋਰੀ 'ਤੇ ਸਖਤੀ ਨਾਲ ਰੋਕ ਲਗਾਉਣ ਲਈ ਜਿਨ੍ਹਾਂ ਖਪਤਕਾਰਾਂ ਦੇ ਇੱਥੇ ਚੋਰੀ ਦੇ ਮਾਮਲੇ ਸਾਹਮਣੇ ਆਏ ਹਨ, ਉਨ੍ਹਾਂ ਨੂੰ ਇੱਕ ਵਾਰ ਮੁੜ ਭੂਮੀ ਵਸੂਲੀ ਐਕਟ ਤਹਿਤ ਨੋਟਿਸ ਜਾਰੀ ਕਰ ਬਕਾਇਆ ਰਕਮ ਜਮ੍ਹਾ ਕਰਵਾਉਣ ਦਾ ਮੌਕਾ ਦਿੱਤਾ ਜਾਵੇਗਾ।

ਉਨ੍ਹਾਂ ਨੇ ਕਿਹਾ ਕਿ ਰਾਜ ਦੀ ਬਿਜਲੀ ਕੰਪਨੀਆਂ ਖਪਤਕਾਰਾਂ ਨੂੰ ਬਿਨ੍ਹਾ ਰੁਕਾਵਟ ਅਤੇ ਗੁਣਵੱਤਾਪੂਰਣ ਬਿਜਲੀ ਸਪਲਾਈ ਯਕੀਨੀ ਕਰਨ ਲਈ ਪੂਰੀ ਤਰ੍ਹਾ ਪ੍ਰਤੀਬੱਧ ਹੈ। ਹਾਲ ਹੀ ਵਿੱਚ ਆਯੋਜਿਤ ਸਮੀਖਿਆ ਮੀਟਿੰਗ ਵਿੱਚ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਗਰਮੀ ਦੇ ਮੌਸਮ ਦੇ ਮੱਦੇਨਜਰ ਬਿਜਲੀ ਸਪਲਾਈ ਵਿੱਚ ਕਿਸੇ ਵੀ ਤਰ੍ਹਾ ਦੀ ਗੈਰ-ਜਰੂਰੀ ਰੁਕਾਵਟ ਨਾ ਆਉਣ ਦਿੱਤੀ ਜਾਵੇ।

ਸ੍ਰੀ ਵਿਜ ਨੇ ਕਿਹਾ ਕਿ ਬਿਜਲੀ ਸਪਲਾਈ ਨਾਲ ਸਬੰਧਿਤ ਸ਼ਿਕਾਇਤਾਂ ਦਾ ਤੁਰੰਤ ਹੱਲ ਯਕੀਨੀ ਕੀਤਾ ਜਾਵੇਗਾ। ਸ਼ਹਿਰੀ ਖੇਤਰਾਂ ਵਿੱਚ ਖਰਾਬ ਟ੍ਰਾਂਸਫਾਰਮਰਾਂ ਨੂੰ 2 ਘੰਟੇ ਅਤੇ ਗ੍ਰਾਮੀਣ ਖੇਤਰਾਂ ਵਿੱਚ 4 ਘੰਟੇ ਦੇ ਅੰਦਰ ਬਦਲਣਾ ਜਰੂਰੀ ਹੋਵੇਗਾ। ਇਸ ਦੇ ਲਈ ਹਰੇਕ ਸਬ-ਡਿਵੀਜਨ ਵਿੱਚ ਕਾਫੀ ਟ੍ਰਾਂਸਫਾਰਮਰ ਬੈਂਕ ਅਤੇ ਮੋਬਾਇਲ ਟ੍ਰਾਲੀਆਂ ਦੀ ਉਪਲਬਧਤਾ ਯਕੀਨੀ ਕੀਤੀ ਜਾਵੇਗੀ। ਨਾਲ ਹੀ, ਰੋਜਾਨਾ ਬਿਜਲੀ ਸਪਲਾਈ ਨਾਲ ਸਬੰਧਿਤ ਡੇਟਾ ਨਿਯਮਤ ਰੂਪ ਨਾਲ ਊਰਜਾ ਮੰਤਰੀ ਦਫਤਰ ਨੂੰ ਭੇਜਿਆ ਜਾਵੇਗਾ।

ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ਤ ਕੀਤਾ ਕਿ 11 ਕੇਵੀ/33ਕੇਵੀ ਫੀਡਰਾਂ ਦੇ ਨੇੜੇ ਪੇੜਾਂ ਦੀ ਸਮੇਂ ਰਹਿੰਦੇ ਕਟਾਈ ਕੀਤੀ ਜਾਵੇ, ਤਾਂ ਜੋ ਬਰਸਾਤ ਅਤੇ ਹਨੇਰੀ-ਤੂਫਾਨ ਦੌਰਾਨ ਬਿਜਲੀ ਸਪਲਾਹੀ ਬਾਧਤ ਨਾ ਹੋਵੇਗਾ। ਇਸ ਤੋਂ ਇਲਾਵਾ, ਟ੍ਰਾਂਫਾਰਮਰਾਂ ਦੇ ਟ੍ਰਾਂਸਪੋਰਟ ਲਈ ਕਾਫੀ ਹੱਲ ਉਪਲਬਧ ਕਰਾਉਣ ਅਤੇ ਕਿਸਾਨਾਂ ਨੂੰ ਕਿਸੇ ਤਰ੍ਹਾ ਦੀ ਅਸਹੂਲਤ ਨਾ ਹੋਣ ਦੇਣ ਦੇ ਨਿਰਦੇਸ਼ ਵੀ ਦਿੱਤੇ ਗਏ ਹਨ।

ਊਰਜਾ ਮੰਤਰੀ ਨੇ ਸੁਰੱਖਿਆ ਨੂੰ ਸਰਵੋਚ ਪ੍ਰਾਥਮਿਕਤਾ ਦਿੰਦੇ ਹੋਏ ਕਿਹਾ ਕਿ ਸਾਰੇ ਤਕਨੀਕੀ ਕਰਮਚਾਰੀ ਨਿਰਧਾਰਤ ਸੁਰੱਖਿਆ ਕਿੱਟ ਦਾ ਜਰੂਰੀ ਰੂਪ ਨਾਲ ਵਰਤੋ ਕਰਨ ਅਤੇ ਸਾਰੇ ਸੁਰੱਖਿਆ ਮਾਨਕਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਵਿਭਾਗ ਵਿੱਚ ਸਮੱਗਰੀ ਦੀ ਉਪਲਬਧਤਾ, ਪਾਰਦਰਸ਼ੀ ਇਨਵੇਂਟਰੀ ਪ੍ਰਬੰਧਨ ਅਤੇ ਆਨਲਾਇਨ ਮਾਨੀਟਰਿੰਗ ਪ੍ਰਣਾਲੀ ਨੂੰ ਹੋਰ ਮਜਬੂਤ ਬਣਾਇਆ ਜਾ ਰਿਹਾ ਹੈ।

ਪ੍ਰਧਾਨ ਮੰਤਰੀ ਸੂਰਿਆ ਘਰ ਮੁਫਤ ਬਿਜਲੀ ਯੋਜਨਾ ਤਹਿਤ ਸ੍ਰੀ ਵਿਜ ਨੇ ਕਿਹਾ ਕਿ ਮਾਰਚ 2027 ਤੱਕ 2.2 ਲੱਖ ਘਰਾਂ ਤੱਕ ਸੋਲਰ ਊਰਜਾ ਪਹੁੰਚਾਉਣ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਕੰਮ ਵਿੱਚ ਤੇਜੀ ਲਿਆਈ ਜਾਵੇਗੀ। ਇਸ ਦੇ ਲਈ ਸਬੰਧਿਤ ਅਧਿਕਾਰੀਆਂ ਨੂੰ ਮਹੀਨਾ ਟੀਚਾ ਨਿਰਧਾਰਿਤ ਕਰ ਸਮੇਂਬੱਧ ਢੰਗ ਨਾਲ ਉਨ੍ਹਾਂ ਨੂੰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਊਰਜਾ ਮੰਤਰੀ ਨੇ ਸਾਰੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਤਾਲਮੇਲ ਦੇ ਨਾਲ ਕੰਮ ਕਰਦੇ ਹੋਏ ਰਾਜ ਵਿੱਚ ਬਿਨਾਂ ਰੁਕਾਵਟ, ਸੁਰੱਖਿਅਤ ਅਤੇ ਗੁਣਵੱਤਾਪੂਰਣ ਬਿਜਲੀ ਸਪਲਾਈ ਯਕੀਨੀ ਕਰਨ, ਤਾਂ ਜੋ ਆਮ ਜਨਤਾ ਨੂੰ ਕਿਸੇ ਤਰ੍ਹਾ ਦੀ ਅਸਹੂਲਤ ਦਾ ਸਾਹਮਣਾ ਨਾ ਕਰਨਾ ਪਵੇ।

# ਮੁੱਖ ਮੰਤਰੀ ਦੀ ਅਗਵਾਈ ਹੇਠ ਹੋਈ ਹਾਈ ਪਾਵਰ ਪਰਚੇਜ਼ ਕਮੇਟੀ ਦੀ ਮੀਟਿੰਗ



**ਚੰਡੀਗੜ੍ਹ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਹਾਈ ਪਾਵਰ ਪਰਚੇਜ਼ ਕਮੇਟੀ ਦੀ ਮੀਟਿੰਗ ਹੋਈ। ਮੀਟਿੰਗ ਵਿੱਓ ਤਿੰਨ ਏਜੰਡੇ ਰੱਖੇ ਗਏ ਜਿਸ ਵਿੱਚੋਂ ਦੋ ਏਜੰਡਿਆਂ ਨੂੰ ਅੰਤਮ ਰੂਪ ਦਿੱਤਾ ਗਿਆ।

ਹਾਈ ਪਾਵਰ ਪਰਚੇਜ਼ ਕਮੇਟੀ ਦੀ ਮੀਟਿੰਗ ਵਿੱਚ ਹਰਿਆਣਾ ਬਿਜਲੀ ਵੰਡ ਨਿਗਮ ਦੇ 220 ਕੇਵੀ ਦੇ ਟ੍ਰਾਂਸਫਾਰਮਰਾਂ ਲਈ ਐਸਐਫ 6 ਗੈਸ ਸਰਕਿਟ ਬ੍ਰੇਕਰ ਦੀ ਖਰੀਦ ਨੂੰ ਮੰਜੂਰੀ ਪ੍ਰਦਾਨ ਕੀਤੀ ਗਈ। ਇੰਨ੍ਹਾਂ ਟ੍ਰਾਂਸਫਾਰਮਰਾਂ ਲਈ 41 ਗੈਸ ਸਰਕਿਟ ਬ੍ਰੇਕਰ ਖਰੀਦੇ ਜਾਣਗੇ ਤਾਂ ਜੋ ਕਿਸੇ ਵੀ ਐਮਰਜੈਂਸੀ ਹਾਲਾਤ ਵਿੱਚ ਇੰਨ੍ਹਾਂ ਦੀ ਨਿਯਮਤ ਸਪਲਾਈ ਯਕੀਨੀ ਕੀਤੀ ਜਾ ਸਕੇਗੀ। ਇਸ ਲਈ ਬਿਜਲੀ ਵੰਡ ਨਿਗਮ ਨੂੰ ਲਗਭਗ 918.4 ਲੱਖ ਰੁਪਏ ਦੀ ਲਾਗਤ ਨਾਲ ਸਰਕਿਟ ਬ੍ਰੇਕਰ ਖਰੀਦੇ ਜਾਣਗੇ।

ਇਸੀ ਤਰ੍ਹਾ ਹਿਸਾਰ ਵਿੱਚ ਇੰਟੀਗ੍ਰੇਟੇਡ ਮੈਨੂਫੈਕਚਰਿੰਗ ਕਲਸਟਰ ਵਿੱਚ ਇੰਫ੍ਰਾਸਟਕਚਰ ਵਿਕਸਿਤ ਕਰਨ ਤੇ ਨਵੇਂ ਵਾਹਨਾਂ ਲਹੀ ਪ੍ਰੋਗਰਾਮ ਮੈਨੇਜਰ ਵਜੋ ਕੰਮ ਕਰਨ ਤਹਿਤ ਸਲਾਹਕਾਰ ਦੀ ਨਿਯੁਕਤੀ ਨੂੰ ਵੀ ਮੰਜੂਰੀ ਪ੍ਰਦਾਨ ਕੀਤੀ ਗਈ।

ਇਸ ਤਰ੍ਹਾ ਹਿਸਾਰ ਵਿੱਚ ਬਨਣ ਵਾਲੇ ਮੈਨੂਫੈਚਰਿੰਗ ਹੱਬ 'ਤੇ ਕੰਮ ਸ਼ੁਰੂ ਹੋ ਜਾਵੇਗਾ ਅਤੇ ਜਨਤਾ ਨੂੰ ਇਸ ਹੱਬ ਦਾ ੧ਲਦੀ ਹੀ ਲਾਭ ਮਿਲਣਾ ਸ਼ੁਰੂ ਹੋ ਸਕੇਗਾ।

ਰਾਜ ਸਰਕਾਰ ਇੰਨ੍ਹਾਂ ਨਵੇਂ ਸ਼ਹਿਰਾਂ ਨੂੰ ਵਿਕਸਿਤ ਕਰਨ ਲਈ ਸਲਾਹਕਾਰ ਨਿਯੁਕਤੀ ਨੂੰ ਮੰਜੂਰੀ ਪ੍ਰਦਾਨ ਕੀਤੀ ਗਈ, ਜੋ ਲਗਾਤਾਰ ਸਾਲ ਤੱਕ ਇੰਨ੍ਹਾਂ ਹੱਬਾਂ ਲਈ ਕੰਮ ਕਰਨ ਦੇ ਨਾਲ ਹੀ ਪੂਰੀ ਨਿਗਰਾਨੀ ਰੱਖਣਗੇ।

ਹਾਈ ਪਾਵਰ ਪਰਚੇਜ਼ ਕਮੇਟੀ ਦੀ ਮੀਟਿੰਗ ਵਿੱਚ ਮਾਲ ਅਤੇ ਆਪਦਾ ਪ੍ਰਬੰਧਨ ਮੰਤਰੀ ਵਿਪੁਲ ਗੋਇਲ, ਵਧੀਕ ਮੁੱਖ ਸਕੱਤਰ ਜੀ. ਅਨੁਪਮਾ, ਕਮਿਸ਼ਨਰ ਅਤੇ ਸਕੱਤਰ ਆਸ਼ਿਮਾ ਬਰਾੜ, ਡਾਇਰੈਕਟਰ ਜਨਰਲ ਉਦਯੋਗ ਅਤੇ ਵਪਾਰ ਡਾ. ਯੱਸ਼ ਗਰਗ, ਐਮਡੀ ਐਚਐਸਆਈਆਈਡੀਸੀ ਸੁਸ਼ੀਲ ਸਾਰਵਾਨ ਸਮੇਤ ਕਈ ਸੀਨੀਅਰ ਅਧਿਕਾਰੀ ਮੌਜੂਦ ਰਹੇ।

# ਡਾ. ਸੁਮਿਤਾ ਮਿਸ਼ਰਾ ਨੇ ਆਯੂਸ਼ਮਾਨ ਭਾਰਤ ਅਤੇ ਚਿਰਾਯੂ ਯੋਜਨਾ ਦੀ ਸਮੀਖਿਆ ਕੀਤੀ



**ਚੰਡੀਗੜ੍ਹ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ ਨੇ ਆਯੂਸ਼ਮਾਨ ਭਾਰਤ ਪ੍ਰਧਾਨ ਮੰਤਰੀ ਜਨ ਅਰੋਗਯ ਯੋਜਨਾ ਅਤੇ ਰਾਜ ਦੀ ਚਿਰਾਯੂ ਯੋਜਨਾ ਦੀ ਪ੍ਰਗਤੀ ਦੇ ਮੁਲਾਂਕਣ ਨੂੰ ਲੈ ਕੇ ਸੋਮਵਾਰ ਨੂੰ ਸਮੀਖਿਆ ਮੀਟਿੰਗ ਦੀ ਅਗਵਾਈ ਕੀਤੀ। ਮੀਟਿੰਗ ਵਿੱਚ ਹਰਿਆਣਾ ਮੈਡੀਕਲ ਸਰਵਿਸੇਜ ਕਾਰਪੋਰੇਸ਼ਨ ਲਿਮੀਏਡ ਤੋਂ ਆਡਿਟ ਅਤੇ ਕਲੇਮ ਪ੍ਰਕ੍ਰਿਆ ਲਈ ਥਰਡ ਪਾਰਟੀ ਏਡਮਿਨਿਸਟ੍ਰੇਟਰ ਨੂੰ ਸਖਤ ਨਿਰਦੇਸ਼ ਦਿੱਤੇ ਗਏ। ਨਾਲ ਹੀ, ਸਕੀਮ ਤਹਿਤ ਸਰਕਾਰੀ ਮੈਡੀਕਲ ਕਾਲਜਾਂ ਅਤੇ ਪਬਲਿਕ ਸਿਹਤ ਸੰਸਥਾਨ ਤੋਂ ਕਲੇਮ ਵਧਾਉਣ ਲਈ ਇੱਕ ਰਣਨੀਤੀ ਬਨਾਉਣ ਦਾ ਆਦੇਸ਼ ਦਿੱਤਾ ਗਿਆ।

ਡਾ. ਸੁਮਿਤਾ ਮਿਸ਼ਰਾ ਨੇ ਕਿਹਾ ਕਿ ਯੋਜਨਾ ਦੇ ਕੰਮਕਾਜ ਵਿੱਚ ਥਰਡ-ਪਾਰਟੀ ਆਡਿਟ ਜਰੂਰੀ ਕੀਤਾ ਜਾਵੇਗਾ, ਤਾਂ ਜੋ ਇਹ ਯਕੀਨੀ ਕੀਤੀ ਜਾ ਸਕੇ ਕਿ ਆਯੂਸ਼ਮਾਨ ਭਾਰਤ ਪ੍ਰਕ੍ਰਿਆ ਵਿੱਚ ਕੋਈ ਧੋਖਾਧੜੀ ਨਾ ਹੋਵੇ। ਉਨ੍ਹਾਂ ਨੇ ਨਿਰਦੇਸ਼ ਦਿੱਤਾ ਕਿ ਆਯੂਸ਼ਮਾਨ ਭਾਰਤ ਤਹਿਤ ਸਰਕਾਰੀ ਕਾਲਜਾਂ ਅਤੇ ਮੈਡੀਕਲ ਅਦਾਰਿਆਂ ਤੋਂ ਕਲੇਮ ਨੂੰ ਕਿਵੇਂ ਕਾਫੀ ਵਧਾਇਆ ਜਾ ਸਕਦਾ ਹੈ, ਇਸ ਦੀ ਜਾਂਚ ਲਈ ਰਣਨੀਤੀ ਬਣਾਈ ਜਾਵੇ।

ਉਨ੍ਹਾਂ ਨੇ ਕਿਹਾ ਕਿ ਕਿਡਨੀ ਦੇ ਮਰੀਜਾਂ ਲਈ ਕ੍ਰੋਨਿਕ ਹੀਮੋਡਾਇਲਿਸਿਸ, ਜੋ ਇੱਕ ਜਰੂਰੀ ਅਤੇ ਵਾਰ-ਵਾਰ ਹੋਣ ਵਾਲਾ ਇਲਾਜ ਹੈ, ਉਸ ਦੇ ਲਈ ਆਯੂਸ਼ਮਾਨ ਭਾਰਤ ਸਕੀਮ ਤਹਿਤ ਸਰਗਰਮ ਦਾਵਾ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਇਹ ਪੱਕਾ ਹੋ ਸਕੇ ਕਿ ਰੈਗੂਲਰ ਡਾਇਲਿਸਿਸ ਦੀ ਜਰੂਰਤ ਵਾਲੇ ਮਰੀਜਾਂ ਨੂੰ ਬਿਨ੍ਹਾਂ ਕਿਸੇ ਪੈਸੇ ਦੀ ਪਰੇਸ਼ਾਨੀ ਦੇ ਪੂਰਾ ਕਵਰੇ੧ ਮਿਲੇ। ਸਮੀਖਿਆ ਵਿੱਚ ਦਸਿਆ ਗਿਆ ਕਿ ਹਰਿਆਣਾ ਨੇ ਆਯੂਸ਼ਮਾਨ ਭਾਰਤ ਅਤੇ ਚਿਰਾਯੂ ਸਕੀਮ ਤਹਿਤ ਲਗਭਗ 28 ਲੱਖ ਕਲੇਮ ਨਿਪਟਾਏ ਹਨ ਅਤੇ ਪੂਰੇ ਸੂਬੇ ਵਿੱਚ ਲਾਭਕਾਰਾਂ ਨੂੰ 3900 ਕਰੋੜ ਰੁਪਏ ਤੋਂ ਵੱਧ ਦੀ ਆਰਥਕ ਸਹਾਇਤਾ ਦਿੱਤੀ ਗਈ ਹੈ। ਸੂਬੇ ਵਿੱਚ ਮਾਲੀ ਸਾਲ 2025-26 ਲਈ ਕਲੇਮ 1500 ਕਰੋੜ ਰੁਪਏ ਤੋਂ ਵੱਧ ਹੋ ਗਏ ਹਨ, ਜੋ ਲੋਕਾਂ ਵਿੱਚ ਸਕੀਮ ਦੇ ਬਾਰੇ ਵਿੱਚ ਵੱਧਦੀ ਜਾਗਰੁਕਤਾ ਅਤੇ ਵਰਤੋ ਨੂੰ ਦਿਖਾਉਣਾ ਹੈ।

ਰਾਜ ਵਿੱਚ 1364 ਪੈਨ ਵਾਲੇ ਹਸਪਤਾਲਾਂ (ਪ੍ਰਾਈਵੇਟ -777, ਪਬਲਿਕ -586) ਦਾ ਨੈਟਵਰਕ ਹੈ, ਜਿਸ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਦੋਨੋਂ ਤਰ੍ਹਾ ਦੇ ਅਦਾਰੇ ਸ਼ਾਮਿਲ ਹਨ, ਜਿਸ ਨਾਲ ਪੂਰੇ ਹਰਿਆਣਾ ਵਿੱਚ ਲਾਭਕਾਰਾਂ ਨੂੰ ਕੈਸ਼ਲੈਸ ਇਲਾਜ ਮਿਲ ਸਕੇ।

ਹਰਿਆਣਾ ਨੇ ਚਿਰਾਯੂ ਯੋਜਨਾ ਅਤੇ ਇਸ ਦੇ ਐਕਸਟੇਂਸ਼ਨ ਨੂੰ ਲਾਗੂ ਕਰ ਕੇ ਰਾਸ਼ਟਰੀ ਆਯੂਸ਼ਮਾਨ ਭਾਰਤ ਪੀਐਮ-ਜੇਏਵਾਈ ਰੂਪਰੇਖਾ ਨਾਲ ਅੱਗੇ ਵੱਧ ਕੇ ਕੰਮ ਕੀਤਾ ਹੈ। ਇਸ ਵਿੱਚ 3 ਲੱਖ ਰੁਪਏ ਤੱਕ ਦੀ ਸਾਲਾਨਾ ਇੰਕਮ ਵਾਲੇ ਪਰਿਵਾਰ ਸ਼ਾਮਿਲ ਹਨ। ਇਸ ਨਾਲ ਕੌਮੀ ਯੋਗਤਾ ਮਾਨਦੰਡਾਂ 'ਤੇ ਸਿਹਤ ਸੇਵਾ ਸੁਰੱਖਿਆ ਨੈਟ ਤੋਂ ਵੀ ਜਿਆਦਾ ਵੱਧ ਗਿਆ ਹੈ ਅਤੇ ਸੂਬੇ ਦੀ ਆਬਾਦੀ ਦਾ ਇੱਕ ਵੱਡਾ ਹਿੱਸਾ ਯਕੀਨੀ ਸਿਹਤ ਕਵਰੇਜ ਦੇ ਤਹਿਤ ਆ ਗਿਆ ਹੈ। ਯੋਗ ਲਾਭਕਾਰਾਂ ਦੇ ਲਗਭਗ 1.38 ਕਰੋੜ ਕਾਰਡ ਬਣਾਏ ਗਏ ਹਨ।

# ਮੁੱਖ ਸਕੱਤਰ ਨੇ ਪੂਰੀ ਕੀਤੀ ਜਨਗਣਨਾ 2027 ਲਈ ਸਵੈ-ਗਣਨਾ ਪ੍ਰਕ੍ਰਿਆ



**ਚੰਡੀਗੜ੍ਹ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਨੇ ਜਨਗਣਨਾ 2027 ਲਈ ਡਿਜੀਟਲ ਭਾਗੀਦਾਰੀ ਨੂੰ ਪ੍ਰੋਤਸਾਹਨ ਦਿੰਦੇ ਹੋਏ ਅੱਜ ਇੱਥੇ ਆਨਲਾਇਨ ਜਨਗਣਨਾ ਪੋਰਅਲ ਰਾਹੀਂ ਸਫਲਤਾਪੂਰਵਕ ਸਵੈ -ਗਣਨਾ (ਸੈਲਫ-ਏਨਿਯੂਮਰੇਸ਼ਨ) ਪ੍ਰਕ੍ਰਿਆ ਪੂਰੀ ਕੀਤੀ। ਇਸ ਮੌਕੇ 'ਤੇ ਮੁੱਖ ਸਕੱਤਰ ਨੇ ਦਸਿਆ ਕਿ ਇਹ ਸਹੂਲਤ ਵਰਤੋਂਕਰਤਾ-ਅਨੁਕੂਲ, ਸੁਰੱਖਿਅਤ ਅਤੇ ਸਹੂਲਤਜਨਕ ਹੈ। ਨਾਗਰਿਕ ਆਪਣੇ ਸਮੇਂ ਅਤੇ ਸਹੂਲਤ ਅਨੁਸਾਰ ਆਨਲਾਇਨ ਪੋਰਟਲ 'ਤੇ ਜਨਗਣਨਾ ਸਬੰਧੀ ਆਪਣੀ ਜਾਣਕਾਰੀ ਖੁਦ ਭਰ ਸਕੇਦ ਹਨ। ਇਸ ਗਿਣਤੀ ਕਰਨ ਵਾਲੇ ਦੇ ਘਰ ਆਉਣ 'ਤੇ ਉਸ ਦੇ ਨਾਲ ਸਾਂਝਾ ਕਰਨਾ ਹੋਵੇਗਾ, ਜਿਸ ਨਾਲ ਨਾਗਰਿਕਾਂ ਦਾ ਸਮੇਂ ਬਚੇਗਾ ਅਤੇ ਜਨਗਣਨਾ ਕੰਮ ਵੱਧ ਸਟੀਕ ਅਤੇ ਪਾਰਦਰਸ਼ੀ ਹੋਵੇਗਾ।

ਇਸ ਮੌਕੇ 'ਤੇ ਸ੍ਰੀ ਅਨੁਰਾਗ ਰਸਤੋਗੀ ਨੇ ਪ੍ਰਭਾਵੀ ਨੀਤੀ ਨਿਰਮਾਣ, ਵਿਕਾਸ ਯੋਜਨਾਵਾਂ ਦੀ ਬਿਹਤਰ ਯੋਜਨਾ ਅਤੇ ਸਰੋਤਾਂ ਦੇ ਸਹੀ ਵੰਡ ਲਈ ਸਟੀਕ ਅਤੇ ਸਮੇਂ 'ਤੇ ਅੰਕੜਿਆਂ ਦੇ ਮਹਤੱਵ 'ਤੇ ਵੀ ਜੋਰ ਦਿੱਤਾ। ਉਨ੍ਹਾਂ ਨੇ ਸੂਬੇ ਦੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਆਨਲਾਇਨ ਸਵੈ-ਗਣਨਾ ਸਹੂਲਤ ਦਾ ਵੱਧ ਤੋਂ ਵੱਧ ਲਾਭ ਚੁੱਕਣ।

ਇਸ ਮੌਕੇ 'ਤੇ ਹਰਿਆਣਾ ਦੇ ਜਨਗਣਨਾ ਸੰਚਾਲਨ ਨਿਦੇਸ਼ਕ ਸ੍ਰੀ ਲਲਿਤ ਜੈਨ ਅਤੇ ਮਾਲ ਅਤੇ ਆਪਦਾ ਪ੍ਰਬੰਧਨ ਵਿਭਾਗ ਦੀ ਸਕੱਤਰ ਸ੍ਰੀਮਤੀ ਹੇਮਾ ਸ਼ਰਮਾ ਵੀ ਮੌਜੂਦ ਰਹੀ।

# ਰਣਬੀਰ ਗੰਗਵਾ ਨੇ ਹਿਸਾਰ ਖਾਨਕ ਰੋਡ ਦੀ ਵਿਸ਼ੇਸ਼ ਮੁਰੰਮਤ ਕਰਵਾਏ ਜਾਣ ਦੇ ਦਿੱਤੇ ਨਿਰਦੇਸ਼



**ਚੰਡੀਗੜ੍ਹ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਲੋਕ ਨਿਰਮਾਣ ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਅਧਿਕਾਰੀਆਂ ਨੂੰ ਹਿਸਾਰ ਖਾਨਕ ਰੋਡ ਦੀ ਵਿਸ਼ੇਸ਼ ਮੁਰੰਮਤ ਕਰਵਾਏ ਜਾਣ ਦੇ ਨਿਰਦੇਸ਼ ਦਿੱਤੇ ਹਨ। ਇਹ ਸੜਕ ਮਾਰਗ ਵੱਧ ਜਲਭਰਾਵ ਦੇ ਕਾਰਨ ਨਾਲ ਹਿਸਾਰ ਦੀ ਸੀਮਾ ਵਿੱਚ ਕਈ ਥਾਂਵਾਂ ਤੋਂ ਨੁਕਸਾਨ ਹੋ ਗਿਆ ਸੀ। ਸੜਕ ਦੀ ਵਿਸ਼ੇਸ਼ ਮੁਰੰਮਤ ਲਈ ਇੱਕ ਕਰੋੜ 15 ਲੱਖ 22 ਹਜਾਰ ਰੁਪਏ ਦੀ ਰਕਮ ਦਾ ਪ੍ਰਸਤਾਵ ਵੀ ਤਿਆਰ ਕੀਤਾ ਗਿਆ ਹੈ, ਜਿਸ ਨੂੰ ਜਲਦੀ ਹੀ ਸਰਕਾਰ ਤੋਂ ਮੰਜੂਰੀ ਮਿਲ ਜਾਵੇਗੀ।

ਇਸ ਦੇ ਬਾਅਦ ਹਿਸਾਰ ਸੀਮਾ ਵਿੱਓ ਖਾਨਕ ਰੋਡ ਦੀ ਵਿਸ਼ੇਸ਼ ਮੁਰੰਮਤ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਇਸੀ ਤਰ੍ਹਾ ਨਾਲ ਪਾਤਨ ਤੋਂ ਮੁਕਲਾਨ-ਰਾਵਲਵਾਸ ਸੜਕ ਮਾਰਗ ਦੀ ਵਿਸ਼ੇਸ਼ ਮੁਰੰਮਤ ਦੇ ਨਿਰਦੇਸ਼ ਵੀ ਮੰਤਰੀ ਸ੍ਰੀ ਰਣਬੀਰ ਗੰਗਵਾ ਵੱਲੋਂ ਦਿੱਤੇ ਗਏ ਹਨ। ਇਹ ਸੜਕ ਮਾਰਗ ਵੀ ਬਹੁਤ ਵੱਧ ਜਲਭਰਾਵ ਦੇ ਕਾਰਨ ਕਈ ਥਾਂਵਾਂ 'ਤੇ ਨੁਕਸਾਨ ਹੋ ਗਿਆ ਸੀ। ਕੈਬਨਿਟ ਮੰਤਰੀ ਦੇ ਨਿਰਦੇਸ਼ਾਂ 'ਤੇ 69 ਲੱਖ 87 ਹਜਾਰ ਰੁਪਏ ਦਾ ਪ੍ਰਸਤਾਵ ਤਿਆਰ ਕੀਤਾ ਗਿਆ ਹੈ, ਜਿਸ ਨੂੰ ਵੀ ਸਰਕਾਰ ਦੀ ਮੰਜੂਰੀ ਤਹਿਤ ਭੇਜ ਦਿੱਤਾ ਗਿਆ ਹੈ। ਕੈਬਨਿਟ ਮੰਤਰੀ ਰਣਬੀਰਗ ਗੰਗਵਾ ਨੇ ਦਸਿਆ ਕਿ ਖੇਤਰ ਵਿੱਚ ਬਹੁਤ ਵੱਧ ਬਰਸਾਤ ਦੇ ਬਾਅਦ ਹੋਏ ਜਲਭਰਾਵ ਦੇ ਕਾਰਨ ਨਾਲ ਕਹੀ ਸੜਕ ਮਾਰਗ ਨੂੰ ਨੁਕਸਾਨ ਹੋਇਆ ਸੀ, ਜਿਨ੍ਹਾਂ ਨੂੰ ਨਿਯਮਾਂ ਵਿੱਚ ਢਿੱਲ ਦੇ ਕੇ ਪੜਾਅਵਾਰ ਢੰਗ ਨਾਲ ਠੀਕ ਕਰਵਾਇਆ ਜਾ ਰਿਹਾ ਹੈ।

# ਆਉਣ ਵਾਲੇ ਮਾਨਸੂਨ ਤੋਂ ਪਹਿਲਾਂ ਹੜ੍ਹ ਪ੍ਰਬੰਧਨ ਨੂੰ ਲੈ ਕੇ ਸਰਕਾਰ ਚੌਕਸ : ਸ਼ਰੂਤੀ ਚੌਧਰੀ



**ਚੰਡੀਗੜ੍ਹ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੀ ਸਿੰਚਾਈ ਅਤੇ ਜਲ੍ਹ ਸਰੋਤ ਮੰਤਰੀ ਸ੍ਰੀਮਤੀ ਸ਼ਰੂਤੀ ਚੌਧਰੀ ਨੇ ਆਉਣ ਵਾਲੇ ਮਾਨਸੂਨ ਸੀਜ਼ਨ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਭਾਗ ਦੇ ਅਧਿਕਾਰੀਆਂ ਦੇ ਨਾਲ ਹੜ੍ਹ ਪ੍ਰਬੰਧਨ ਨੂੰ ਲੈ ਕੇ ਇੱਕ ਉੱਚ ਪੱਧਰੀ ਸਮੀਖਿਆ ਮੀਟਿੰਗ ਕੀਤੀ। ਮੀਟਿੰਗ ਵਿੱਚ ਸੰਭਾਵਿਤ ਹੜ੍ਹ ਦੇ ਹਾਲਾਤ ਨਾਲ ਨਜਿਠਣ ਲਈ ਸਮੇਂ ਰਹਿੰਦੇ ਸਾਰੇ ਜਰੂਰੀ ਤਿਆਰੀਆਂ ਯਕੀਨੀ ਕਰਨ ਦੇ ਨਿਰਦੇਸ਼ ਦਿੱਤੇ ਗਏ।

ਉਨ੍ਹਾਂ ਨੇ ਨਿਰਦੇਸ਼ ਦਿੱਤੇ ਕਿ ਹੜ੍ਹ ਸਬੰਧੀ ਸਾਰੇ ਕੰਮਾਂ ਲਈ ਇਸ ਹਫਤੇ ਦੇ ਅੰਦਰ ਟੈਂਡਰ ਮੰਗੇ ਜਾਣ, ਤਾਂ ਜੋ ਕੰਮਾਂ ਵਿੱਚ ਕਿਸੇ ਤਰ੍ਹਾ ਦੀ ਦੇਰੀ ਨਾ ਹੋਵੇ। ਉਨ੍ਹਾਂ ਨੇ ਕਿਹਾ ਕਿ ਕਿਸੇ ਵੀ ਕੰਮ ਦਾ ਭੁਗਤਾਨ ਐਸਈ, ਐਕਸਈਐਨ, ਜੇਈ ਅਤੇ ਸਬੰਧਿਤ ਸਰਪੰਚਾਂ ਵੱਲੋਂ ਤਸਦੀਕ ਦੇ ਬਾਅਦ ਕੀਤਾ ਜਾਵੇਗਾ, ਜਿਸ ਨਾਲ ਪਾਰਦਰਸ਼ਿਤਾ ਅਤੇ ਗੁਣਵੱਤਾ ਯਕੀਨੀ ਹੋ ਸਕੇ।

ਸ੍ਰੀਮਤੀ ਸ਼ਰੂਤੀ ਚੌਧਰੀ ਨੇ ਕਿਹਾ ਕਿ ਗਾਦ ਕੱਢਣ ਦੇ ਕੰਮਾਂ ਵਿੱਚ ਲਾਪ੍ਰਵਾਹੀ ਨਾ ਹੋਵੇ, ਇਸ ਦੇ ਲਈ ਮੁੱਖ ਦਫਤਰ ਪੱਧਰ ਤੋਂ ਇੱਕ ਵਿਸ਼ੇਸ਼ ਟੀਮ ਦਾ ਗਠਨ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ ਹਨ। ਇਹ ਟੀਮ ਵੱਖ-ਵੱਖ ਖੇਤਰਾਂ ਵਿੱਚ ਚੱਲ ਰਹੇ ਕੰਮਾਂ ਦਾ ਨਿਰੀਖਣ ਕਰੇਗੀ ਅਤੇ ਸਮੇਂ-ਸਮੇਂ 'ਤੇ ਆਪਣੀ ਰਿਪੋਰਟ ਪੇਸ਼ ਕਰੇਗੀ।

ਸਿੰਚਾਈ ਅਤੇ ਜਲ੍ਹ ਸਰੋਤ ਮੰਤਰੀ ਨੇ ਪਾਇਪ, ਪੰਪ, ਰੇਤ ਦੀ ਬੋਰੀਆਂ ਅਤੇ ਹੋਰ ਜਰੂਰੀ ਸਮੱਗਰੀ ਦੀ ਖਰੀਦ ਵਿੱਚ ਗੁਣਵੱਤਾ ਨਾਲ ਕਿਸੇ ਵੀ ਤਰ੍ਹਾ ਦਾ ਸਮਝੌਤਾ ਨਾ ਕਰਨ ਦੇ ਸਖਤ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਕਿਹਾ ਕਿ ਜੇਕਰ ਕਿਸੇ ਵੀ ਪੱਧਰ 'ਤੇ ਗੁਣਵੱਤਾ ਵਿੱਚ ਕਮੀ ਪਾਈ ਗਈ, ਤਾਂ ਸਬੰਧਿਤ ਅਧਿਕਾਰੀਆਂ ਦੇ ਖਿਲਾਫ ਸਖਤ ਅਨੁਸ਼ਾਸ਼ਾਨਤਮਕ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤਾ ਕਿ ਉਹ ਮਾਨਸੂਨ ਤੋਂ ਪਹਿਲਾਂ ਸਾਰੀ ਨਹਿਰਾਂ, ਡ੍ਰੇਨਾਂ ਅਤੇ ਜਲ੍ਹ ਨਿਕਾਸੀ ਪ੍ਰਣਾਲੀਆਂ ਦੀ ਸਫਾਈ ਅਤੇ ਮੁਰੰਮਤ ਕੰਮ ਪ੍ਰਾਥਮਿਕਤਾ ਆਧਾਰ 'ਤੇ ਪੂਰੇ ਕਰਨ, ਤਾਂ ਜੋ ਹੜ੍ਹ ਦੇ ਹਾਲਾਤ ਨਾਲ ਪ੍ਰਭਾਵੀ ਢੰਗ ਨਾਲ ਨਜਿਠਿਆ ਜਾ ਸਕੇ।

# ਮੀਡੀਆ ਕਵਰੇਜ ਲਈ ਦਿਸ਼ਾ-ਨਿਰਦੇਸ਼ ਜਾਰੀ, ਸਿਰਫ ਅਧਿਕਾਰਤ ਪੱਤਰਕਾਰਾਂ ਨੂੰ ਹੀ ਮਿਲੇਗੀ ਇਜ਼ਾਜਤ

**ਚੰਡੀਗੜ੍ਹ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਚੌਣ ਅਧਿਕਾਰੀ ਸ੍ਰੀ ਏ. ਸ੍ਰੀਨਿਵਾਸ ਨੇ ਕਿਹਾ ਕਿ ਭਾਰਤ ਚੌਣ ਕਮੀਸ਼ਨ ਵੱਲੋਂ ਅਸਮ, ਕੇਰਲ, ਪਾਂਡੁਚੇਰੀ, ਤਮਿਲਨਾਡੂ ਅਤੇ ਪੱਛਮ ਬੰਗਾਲ ਵਿਧਾਨਸਭਾ ਦੇ ਆਮ ਚੌਣਾਂ ਅਤੇ ਵੱਖ ਵੱਖ ਰਾਜਿਆਂ ਦੇ ਉਪਚੌਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਮੀਡੀਆ ਕਰਮਿਆਂ ਲਈ ਚੌਣ ਕਵਰੇਜ ਸਬੰਧੀ ਵਿਸਥਾਰ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ।

ਉਨ੍ਹਾਂ ਨੇ ਦੱਸਿਆ ਕਿ ਇਹ ਦਿਸ਼ਾ-ਨਿਰਦੇਸ਼ ਚੌਣ ਨਿਯਮ 1961 ਦੇ ਪ੍ਰਾਵਧਾਨਾਂ ਅਨੁਸਾਰ ਹਨ। ਰਾਜ ਦੇ ਸੂਚਨਾ, ਜਨਸੰਪਰਕ ਵਿਭਾਗ ਰਾਹੀਂ ਮੁੱਖ ਚੌਣ ਅਧਿਕਾਰੀ ਵੱਲੋਂ ਸਬੰਧਿਤ ਮੀਡੀਆ ਕਰਮਿਆਂ ਨੂੰ ਅਧਿਕਾਰਤ ਅਥਾਰਿਟੀ ਪੱਤਰ ਜਾਰੀ ਕੀਤੇ ਜਾਣਗੇ, ਜਿਸ ਦੇ ਲਈ ਮੀਡੀਆ ਹਾਉਸਾਂ ਦੀ ਵਿਧੀਵਤ ਸਮੀਖਿਆ ਕੀਤੀ ਜਾਵੇਗੀ।ਸ੍ਰੀ ਏ. ਸ੍ਰੀਨਿਵਾਸ ਨੇ ਸਪਸ਼ਟ ਕੀਤਾ ਕਿ ਜਾਰੀ ਕੀਤੇ ਗਏ ਅਧਿਕਾਰਤ ਪੱਤਰਾਂ ਦਾ ਕਿਸੇ ਵੀ ਤਰ੍ਹਾਂ ਦਾ ਦੁਰੂਪ੍ਰਯੋਗ ਸਖ਼ਤ ਰੂਪ ਨਾਲ ਪ੍ਰਤੀਬੰਧਿਤ ਰਵੇਗਾ।

ਵੋਟਿੰਗ ਪ੍ਰਕਿਰਿਆ ਨੂੰ ਗੁਪਤ ਬਣਾਏ ਰੱਖਣ ਲਈ ਵੋਟਿੰਗ ਰੂਮ ਦੇ ਅੰਦਰ ਫੋਟੋਗ੍ਰਾਫੀ ਅਤੇ ਵੀਡੀਓ ਰਿਕਾਰਡਿੰਗ ਪੂਰੀ ਤਰ੍ਹਾਂ ਨਾਲ ਵਰਜਿਤ ਹੋਵੇਗੀ।

ਉਨ੍ਹਾਂ ਨੇ ਕਿਹਾ ਕਿ ਚੌਣ ਕਮੀਸ਼ਨ ਵੱਲੋਂ ਅਪਨਾਈ ਗਈ ਬਹੁਪੱਧਰੀ ਵੈਰੀਫਿਕੇਸ਼ਨ ਪ੍ਰਕਿਰਿਆ ਦਾ ਉਦੇਸ਼ ਇਹ ਯਕੀਨੀ ਕਰਨਾ ਹੈ ਕਿ ਸਿਰਫ ਵੈਰੀਫਿਕੇਸ਼ਨ ਅਤੇ ਅਧਿਕਾਰਤ ਮੀਡੀਆ ਕਰਮਿਆਂ ਨੂੰ ਹੀ ਵੋਟਿੰਗ ਕੇਂਦਰਾਂ ਅਤੇ ਵੋਟਗਣਨਾ ਕੇਂਦਰਾ ਵਿੱਚ ਪ੍ਰਵੇਸ਼ ਦਿੱਤਾ ਜਾਵੇਗਾ। ਇਸ ਨਾਲ ਚੌਣ ਪ੍ਰਕਿਰਿਆ ਦੀ ਪਾਰਦਰਸ਼ਿਤਾ, ਸੁਰੱਖਿਆ ਅਤੇ ਸੁਚਾਰੂ ਸੰਚਾਲਨ ਯਕੀਨੀ ਕੀਤਾ ਜਾ ਸਕੇਗਾ।

# ਅਨੁਸੂਚਿਤ ਜਾਤੀ ਕਰਮਚਾਰੀਆਂ ਨੂੰ ਪਦੋਓਨਤੀ ਵਿੱਚ ਰਾਖਵਾਂ

**ਚੰਡੀਗੜ੍ਹ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਆਪਣੀ ਯੋਗਤਾ (ਮੈਰਿਟ) ਦੇ ਆਧਾਰ 'ਤੇ ਪਦੋਓਨਤ ਹੋਣ ਵਾਲੇ ਅਨੁਸੂਚਿਤ ਜਾਤੀ ਦੇ ਕਰਮਚਾਰੀਆਂ ਲਈ ਪਦੋਓਨਤੀ ਵਿੱਚ ਰਾਖਵਾਂ ਸਬੰਧੀ ਮੌਜੂਦਾ ਨਿਰਦੇਸ਼ਾਂ ਵਿੱਚ ਸੋਧ ਕੀਤਾ ਹੈ।

ਇਸ ਸਬੰਧ ਵਿੱਚ ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਜਾਰੀ ਨਿਰਦੇਸ਼ਾਂ ਅਨੁਸਾਰ, ਜੇਕਰ ਕਿਸੇ ਪ੍ਰਮੋਸ਼ਨਲ ਕੈਡਰ ਵਿੱਚ ਅਨੁਸੂਚਿਤ ੧ਾਤੀ ਵਰਗ ਦਾ ਮੌਜੂਦਾ ਪ੍ਰਤੀਨਿਧੀਤਵ 20 ਫੀਸਦੀ ਤੋਂ ਘੱਟ ਹੈ, ਤਾਂ ਅਜਿਹੀ ਸਥਿਤੀ ਵਿੱਚ ਪਦੋਓਨਤੀ ਕੋਟੇ ਦੇ ਖਾਲੀ ਅਹੁਦਿਆਂ 'ਤੇ ਸੱਭ ਤੋਂ ਪਹਿਲਾਂ ਫੀਡਰ ਅਹੁਦੇ 'ਤੇ ਕੰਮ ਕਰ ਰਹੇ ਯੋਗ ਅਨੁਸੂਚਿਤ ਜਾਤੀ ਦੇ ਕਰਮਚਾਰੀਆਂ ਦੇ ਨਾਮਾਂ 'ਤੇ ਵਿਚਾਰ ਕੀਤਾ ਜਾਵੇਗਾ। ਇਹ ਪ੍ਰਕ੍ਰਿਆ ਉਦੋਂ ਤੱਕ ਆਪਣਾਈ ਜਾਵੇਗੀ ਜਦੋਂ ਤੱਕ ਦੇ ਖਾਲੀ ਅਹੁਦਿਆਂ ਰਾਹੀਂ ਪ੍ਰਤੀਨਿਧੀਤਵ ਵਿੱਚ ਆਈ ਕਮੀ (ਸ਼ਾਰਟਕਾਲ) ਨੂੰ ਪੂਰਾ ਨਹੀਂ ਕਰ ਲਿਆ ਜਾਂਦਾ।

ਉੱਥੇ ਹੀ ਜਿਨ੍ਹਾਂ ਵਿਭਾਗਾਂ ਜਾਂ ਕੈਡਰ ਵਿੱਚ ਅਨੁਸੂਚਿਤ ਜਾਤੀ ਵਰਗ ਦਾ ਪ੍ਰਤੀਨਿਧੀਤਵ ਪਹਿਲਾਂ ਤੋਂ ਹੀ 20 ਫੀਸਦੀ ਜਾਂ ਉਸ ਤੋਂ ਵੱਧ ਹੈ, ਉੱਥੇ ਫੀਡਰ ਅਹੁਦੇ 'ਤੇ ਕੰਮ ਕਰ ਰਹੇ ਯੋਗ ਕਰਮਚਾਰੀਆਂ ਦੀ ਪਦੋਓਨਤੀ ਲਾਗੂ ਸੇਵਾ ਨਿਯਮਾਂ ਅਨੁਸਾਰ ਆਮ ਪ੍ਰਕ੍ਰਿਆ ਤਹਿਤ ਕੀਤੀ ਜਾਵੇਗੀ।

ਸਰਕਾਰ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਪ੍ਰਮੋਸ਼ਨਲ ਕੈਡਰ ਵਿੱਚ 20 ਫੀਸਦੀ ਪ੍ਰਤੀਨਿਧੀਤਵ ਦੀ ਗਿਣਤੀ ਕਰਦੇ ਸਮੇਂ ਉਨ੍ਹਾਂ ਸਾਰੇ ਕਰਮਚਾਰੀਆਂ ਨੂੰ ਸ਼ਾਮਿਲ ਕੀਤਾ ਜਾਵੇਗਾ ਜੋ ਸਿਨਓਰਿਟੀ-ਕਮ-ਯੋਗਤਾ ਦੇ ਆਧਾਰ 'ਤੇ ਪਦੋਓਨਤ ਹੋਏ ਹਨ, ਚਾਹੇ ਉਨ੍ਹਾਂ ਨੇ ਰਾਖਵਾਂ ਦਾ ਲਾਭ ਲਿਆ ਹੈ ਜਾਂ ਉਹ ਆਪਣੀ ਮੈਰਿਟ ਦੇ ਆਧਾਰ 'ਤੇ ਪਦੋਓਨਤ ਹੋਏ ਹਨ।

# ਸਿਹਤ ਵਿਭਾਗ ਵੱਲੋਂ ਗਰਮੀ ਅਤੇ ਲੂ ਤੋਂ ਬਚਣ ਲਈ ਐਡਵਾਈਜ਼ਰੀ ਜਾਰੀ



**ਤਰਨਤਾਰਨ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੇ ਦਿਸ਼ਾ- ਨਿਰਦੇਸ਼ਾਂ ਤਹਿਤ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਨੇ ਆਉਣ ਵਾਲੇ ਦਿਨਾਂ ਵਿਚ ਵਧ ਰਹੇ ਤਾਪਮਾਨ ਦੇ ਮੱਦੇਨਜ਼ਰ ਸਿਹਤ ਵਿਭਾਗ ਵੱਲੋਂ ਐਡਵਾਈਜ਼ਰੀ ਕਰਦਿਆਂ ਦੱਸਿਆ ਕਿ ਅੱਤ ਦੀ ਗਰਮੀ ਮਨੁੱਖੀ ਸਿਹਤ ਲਈ ਮਾਰੂ ਸਾਬਿਤ ਹੋ ਸਕਦੀ ਹੈ। ਉਨ੍ਹਾਂ ਦੱਸਿਆ ਕਿ ਗਰਮੀ ਦੌਰਾਨ ਜ਼ਿਲ੍ਹਾ ਵਾਸੀ ਦੁਪਹਿਰ ਦੇ ਸਮੇਂ ਬਾਹਰ ਨਿਕਲਣ ਤੋਂ ਗੁਰੇਜ਼ ਕਰਨ। ਡਾ. ਰਾਏ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਜਾਰੀ ਸਲਾਹ ਅਨੁਸਾਰ ਨਵ ਜਨਮੇ ਬੱਚੇ, ਛੋਟੇ ਬੱਚੇ, ਗਰਭਵਤੀ ਔਰਤਾਂ, 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ, ਮਜ਼ਦੂਰਾਂ, ਮੋਟਾਪੇ ਨਾਲ ਪੀੜਤ ਲੋਕਾਂ, ਮਾਨਸਿਕ ਤੌਰ 'ਤੇ ਬਿਮਾਰ ਲੋਕਾਂ, ਦਿਲ ਦੀਆਂ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ, ਹਾਈ ਬਲੱਡ ਪ੍ਰੈਸ਼ਰ ਆਦਿ ਮਰੀਜ਼ਾਂ ਨੂੰ ਵਧੇਰੇ ਤਾਪਮਾਨ ਤੋਂ ਬਚਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬਾਹਰ ਕੰਮ ਕਰਨ ਵੇਲੇ ਹਲਕੇ ਰੰਗ ਦੇ ਪੂਰੇ ਸਰੀਰ ਨੂੰ ਢਕਣ ਵਾਲੇ ਸੂਤੀ ਕੱਪੜੇ ਹੀ ਪਾਉਣੇ ਚਾਹੀਦੇ ਹਨ। ਆਪਣੇ ਸਿਰ ਨੂੰ ਸਿੱਧੀ ਧੁੱਪ ਤੋਂ ਢਕਣ ਲਈ ਛੱਤਰੀ, ਟੋਪੀ, ਤੌਲੀਏ, ਪੱਗ ਜਾਂ ਦੁਪੱਟੇ ਦੀ ਵਰਤੋਂ ਕੀਤੀ ਜਾਵੇ ਅਤੇ ਨੰਗੇ ਪੈਰ ਧੁੱਪ ਵਿਚ ਨਾ ਜਾਇਆ ਜਾਵੇ। ਜ਼ੋ ਲੋਕ ਧੁੱਪ ਵਿਚ ਕੰਮ ਕਰਦੇ ਹਨ, ਉਹ ਸਰੀਰ ਦਾ ਤਾਪਮਾਨ ਘੱਟ ਰੱਖਣ ਲਈ ਥੋੜ੍ਹੀ ਦੇਰ ਬਾਅਦ ਛਾਂ ਵਿਚ ਆਰਾਮ ਕਰਨ ਜਾਂ ਸਿਰ 'ਤੇ ਗਿੱਲਾ ਤੌਲੀਆ ਜਾਂ ਕੱਪੜਾ ਜ਼ਰੂਰ ਰੱਖਣ, ਧੁੱਪ ਵਿਚ ਜਾਣ ਵੇਲੇ ਹਮੇਸ਼ਾਂ ਪਾਣੀ ਨਾਲ ਲੈ ਕੇ ਜਾਓ। ਉਨ੍ਹਾਂ ਕਿਹਾ ਕਿ ਜ਼ਰੂਰਤ ਪੈਣ 'ਤੇ ਮੁਫਤ ਐਂਬੂਲੈਂਸ ਸੇਵਾ ਲਈ ਟੋਲ ਫਰੀ ਨੰਬਰ 108 ਅਤੇ ਸਿਹਤ ਸਬੰਧੀ ਵਧੇਰੇ ਜਾਣਕਾਰੀ ਲੈਣ ਲਈ ਟੋਲ ਫਰੀ ਨੰਬਰ 104 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਇਸ ਮੌਕੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਰਾਘਵ ਗੁਪਤਾ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੌਸਮੀ ਫਲ ਅਤੇ ਸਬਜ਼ੀਆਂ, ਜਿਵੇਂ ਕਿ ਤਰਬੂਜ਼, ਖਰਬੂਜ਼ਾ, ਅੰਗੂਰ, ਖੀਰੇ, ਟਮਾਟਰ, ਘੀਆ ਤੇ ਤੋਰੀਆਂ ਦੀ ਵਰਤੋਂ ਵਧੇਰੇ ਕੀਤੀ ਜਾਵੇ, ਕਿਉਂਕਿ ਇਨ੍ਹਾਂ ਵਿਚ ਪਾਣੀ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਮੌਸਮ ਵਿਚ ਓ.ਆਰ.ਐਸ, ਨਿੰਬੂ ਪਾਣੀ, ਲੱਸੀ, ਨਾਰੀਅਲ ਦਾ ਪਾਣੀ ਅਤੇ ਹੋਰ ਤਰਲ ਪਦਾਰਥਾਂ ਦਾ ਸੇਵਨ ਵੱਧ ਤੋਂ ਵੱਧ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਗਰਮੀ ਦੇ ਸਿਖਰ ਦੇ ਘੰਟਿਆਂ ਦੌਰਾਨ ਖਾਣਾ ਬਣਾਉਣ ਤੋਂ ਪਰਹੇਜ਼ ਕਰੋ, ਰਸੋਈ ਦੇ ਖੇਤਰ ਨੂੰ ਚੰਗੀ ਤਰ੍ਹਾਂ ਹਵਾਦਾਰ ਕਰਨ ਲਈ ਦਰਵਾਜ਼ੇ ਅਤੇ ਖਿੜਕੀਆਂ ਖੁੱਲ੍ਹੀਆਂ ਰੱਖੋ। ਚਾਹ, ਕੌਫੀ ਦੀ ਵਰਤੋਂ ਘੱਟ ਤੋਂ ਘੱਟ ਕੀਤੀ ਜਾਵੇ, ਤਲੇ ਅਤੇ ਬਾਜ਼ਾਰੀ ਖਾਣੇ ਤੋਂ ਪਰਹੇਜ਼ ਕੀਤਾ ਜਾਵੇ।

# ਪੰਜਾਬ ਟਰੇਡਰਜ਼ ਕਮਿਸ਼ਨ ਧੂਰੀ ਦੇ ਚੇਅਰਮੈਨ ਪੁਸ਼ਪਿੰਦਰ ਸ਼ਰਮਾ ਨੇ ਵਪਾਰੀਆਂ ਦੇ ਮਸਲੇ ਡਿਪਟੀ ਕਮਿਸ਼ਨਰ ਸਾਹਮਣੇ ਰੱਖੇ




**ਧੂਰੀ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਟਰੇਡਰਜ਼ ਕਮਿਸ਼ਨ ਧੂਰੀ ਦੇ ਚੇਅਰਮੈਨ ਪੁਸ਼ਪਿੰਦਰ ਸ਼ਰਮਾ ਨੇ ਅੱਜ ਡਿਪਟੀ ਕਮਿਸ਼ਨਰ ਸੰਗਰੂਰ ਰਾਹੁਲ ਚਾਬਾ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ ਧੂਰੀ ਹਲਕੇ ਦੇ ਵਪਾਰੀਆਂ ਦੀਆਂ ਸਮੱਸਿਆਵਾਂ ਤੋਂ ਅਧਿਕਾਰੀਆਂ ਨੂੰ ਜਾਣੂ ਕਰਵਾਇਆ।

ਇਸ ਮੀਟਿੰਗ ਵਿੱਚ ਜ਼ਿਲ੍ਹਾ ਟਰੇਡਰਜ਼ ਕਮਿਸ਼ਨ ਦੇ ਚੇਅਰਮੈਨ ਅਤੇ ਮੈਂਬਰਾਂ ਦੇ ਨਾਲ-ਨਾਲ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

ਚੇਅਰਮੈਨ ਪੁਸ਼ਪਿੰਦਰ ਸ਼ਰਮਾ ਨੇ ਦੱਸਿਆ ਕਿ ਹਾਲ ਹੀ ਵਿੱਚ ਧੂਰੀ ਖੇਤਰ ਵਿੱਚ ਵਪਾਰੀਆਂ ਨਾਲ ਕੀਤੀਆਂ ਗਈਆਂ ਲਗਾਤਾਰ ਮੀਟਿੰਗਾਂ ਦੌਰਾਨ ਉਨ੍ਹਾਂ ਵੱਲੋਂ ਦਰਪੇਸ਼ ਸਮੱਸਿਆਵਾਂ ਨੂੰ ਇਕੱਠਾ ਕਰਕੇ ਸੰਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਸਾਹਮਣੇ ਰੱਖਿਆ ਗਿਆ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹਨਾਂ ਸਮੱਸਿਆਵਾਂ ਦਾ ਨਿਪਟਾਰਾ ਤਰਜੀਹ ਦੇ ਅਧਾਰ 'ਤੇ ਅਤੇ ਨਿਰਧਾਰਿਤ ਸਮਾਂ ਸੀਮਾ ਅੰਦਰ ਕੀਤਾ ਜਾਣਾ ਲਾਜ਼ਮੀ ਹੈ, ਤਾਂ ਜੋ ਵਪਾਰੀਆਂ ਨੂੰ ਰੋਜ਼ਾਨਾ ਦੇ ਕੰਮਕਾਜ ਵਿੱਚ ਕਿਸੇ ਵੀ ਕਿਸਮ ਦੀ ਰੁਕਾਵਟ ਦਾ ਸਾਹਮਣਾ ਨਾ ਕਰਨਾ ਪਵੇ।

ਉਨ੍ਹਾਂ ਕਿਹਾ ਕਿ ਵਪਾਰੀਆਂ ਦੀਆਂ ਜ਼ਿਆਦਾਤਰ ਸਮੱਸਿਆਵਾਂ ਨਗਰ ਕੌਂਸਲ, ਪੁਲਿਸ ਵਿਭਾਗ, ਬਿਜਲੀ ਵਿਭਾਗ, ਡੀ.ਐੱਫ.ਐੱਸ.ਸੀ. ਅਤੇ ਡੀ.ਐੱਮ.ਓ. ਵਿਭਾਗਾਂ ਨਾਲ ਸੰਬੰਧਿਤ ਹਨ। ਉਨ੍ਹਾਂ ਸੰਬੰਧਿਤ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਆਪਸੀ ਸਹਿਯੋਗ ਨਾਲ ਇਹਨਾਂ ਮਸਲਿਆਂ ਦਾ ਜਲਦ ਤੋਂ ਜਲਦ ਹੱਲ ਯਕੀਨੀ ਬਣਾਉਣ।

ਚੇਅਰਮੈਨ ਪੁਸ਼ਪਿੰਦਰ ਸ਼ਰਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਵਪਾਰੀਆਂ ਨੂੰ ਸਾਜ਼ਗਾਰ ਮਾਹੌਲ ਪ੍ਰਦਾਨ ਕਰਨ ਲਈ ਪੰਜਾਬ ਟਰੇਡਰਜ਼ ਕਮਿਸ਼ਨ ਦਾ ਗਠਨ ਕੀਤਾ ਗਿਆ ਹੈ।

ਇਸ ਕਮਿਸ਼ਨ ਦਾ ਮੁੱਖ ਉਦੇਸ਼ ਵਪਾਰੀਆਂ ਅਤੇ ਸਰਕਾਰ ਵਿਚਕਾਰ ਸਾਂਝ ਪੈਦਾ ਕਰਨਾ, ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਉਚਿਤ ਮੰਚ ਤੱਕ ਪਹੁੰਚਾਉਣਾ ਅਤੇ ਉਨ੍ਹਾਂ ਦਾ ਤੁਰੰਤ ਤੇ ਪ੍ਰਭਾਵਸ਼ਾਲੀ ਹੱਲ ਕਰਵਾਉਣਾ ਹੈ।

ਉਨ੍ਹਾਂ ਭਰੋਸਾ ਦਿਵਾਇਆ ਕਿ ਧੂਰੀ ਖੇਤਰ ਦੇ ਵਪਾਰੀਆਂ ਦੀ ਹਰ ਵਾਜਬ ਮੰਗ ਨੂੰ ਪ੍ਰਸ਼ਾਸਨ ਤੱਕ ਪਹੁੰਚਾ ਕੇ ਉਸਦਾ ਹੱਲ ਕਰਵਾਇਆ ਜਾਵੇਗਾ ਅਤੇ ਕਿਸੇ ਵੀ ਵਪਾਰੀ ਨੂੰ ਅਣਸੁਣਿਆ ਨਹੀਂ ਛੱਡਿਆ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਮੀਟਿੰਗਾਂ ਲਗਾਤਾਰ ਕਰਵਾਈਆਂ ਜਾਣਗੀਆਂ ਤਾਂ ਜੋ ਵਪਾਰੀਆਂ ਨਾਲ ਸਿੱਧਾ ਸੰਪਰਕ ਬਣਾਇਆ ਰੱਖਿਆ ਜਾ ਸਕੇ ਅਤੇ ਮਸਲਿਆਂ ਦਾ ਤੁਰੰਤ ਨਿਪਟਾਰਾ ਕੀਤਾ ਜਾ ਸਕੇ।

ਮੀਟਿੰਗ ਦੌਰਾਨ ਐਸ.ਪੀ. ਰਾਜੇਸ਼ ਛਿੱਬਰ, ਸਹਾਇਕ ਕਮਿਸ਼ਨਰ ਰਾਜਬੀਰ ਸਿੰਘ ਭੁੱਲਰ, ਜ਼ਿਲ੍ਹਾ ਟਰੇਡਰਜ਼ ਕਮਿਸ਼ਨ ਦੇ ਚੇਅਰਮੈਨ ਅਰੁਣ ਕੁਮਾਰ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਜ਼ਿਲ੍ਹਾ ਟਰੇਡਰਜ਼ ਕਮਿਸ਼ਨ ਦੇ ਮੈਂਬਰ ਮੌਜੂਦ ਸਨ।

# ਚੇਅਰਮੈਨ ਰਣਜੀਤ ਸਿੰਘ ਚੀਮਾ ਨੇ ਹਲਕਾ ਪੱਟੀ ਵਿਖੇ ਨਹਿਰੀ ਨਵੀਨੀਕਰਨ ਪ੍ਰੋਜੈਕਟ ਦਾ ਲਿਆ ਜਾਇਜ਼ਾ



**ਤਰਨਤਾਰਨ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਜਲ ਸਰੋਤ ਪ੍ਰਬੰਧਨ ਤੇ ਵਿਕਾਸ ਨਿਗਮ ਦੇ ਚੇਅਰਮੈਨ ਰਣਜੀਤ ਸਿੰਘ ਚੀਮਾ ਨੇ ਅੱਜ ਹਲਕਾ ਪੱਟੀ ਵਿਖੇ ਨਹਿਰੀ ਨਵੀਨੀਕਰਨ ਦੇ ਚੱਲ ਰਹੇ ਪ੍ਰੋਜੈਕਟ ਦਾ ਜਾਇਜ਼ਾ ਲਿਆ।

ਇਸ ਮੌਕੇ ਉਨ੍ਹਾਂ ਦੱਸਿਆ ਕਿ ਰਸੂਲਪੁਰ ਡਿਸਟ੍ਰੀਬਿਊਟਰੀ ਦੇ ਆਰ.ਡੀ. 0 ਤੋਂ 97884 (ਲੱਗਭਗ 30 ਕਿਲੋਮੀਟਰ) ਤੱਕ ਲਾਈਨਿੰਗ ਦਾ 15 ਕਰੋੜ ਦੀ ਲਾਗਤ ਨਾਲ ਮਹੱਤਵਪੂਰਨ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ।

ਜੋ ਕਿ ਹਲਕਾ ਪੱਟੀ ਅਤੇ ਹਲਕਾ ਖੇਮਕਰਨ ਦੇ ਦੇ ਕਿਸਾਨਾਂ ਲਈ ਵਰਦਾਨ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਦਾ ਮੁੱਖ ਉਦੇਸ਼ ਪਾਣੀ ਦੀ ਬੱਚਤ ਕਰਨਾ, ਰਿਸਾਅ ਨੂੰ ਘਟਾਉਣਾ ਅਤੇ ਸਿੰਚਾਈ ਪ੍ਰਣਾਲੀ ਨੂੰ ਹੋਰ ਕੁਸ਼ਲ ਬਣਾਉਣਾ ਹੈ।

ਉਨ੍ਹਾਂ ਦੱਸਿਆ ਕਿ ਇਸ ਲਾਈਨਿੰਗ ਕਾਰਜ ਨਾਲ ਲੱਗਭਗ 45,000 ਏਕੜ ਖੇਤੀਬਾੜੀ ਜ਼ਮੀਨ ਨੂੰ ਸਿੱਧਾ ਲਾਭ ਪ੍ਰਾਪਤ ਹੋਵੇਗਾ। ਉਨ੍ਹਾਂ ਕਿਹਾ ਕਿ ਪਾਣੀ ਦੀ ਸਮੇਂ ਸਿਰ ਅਤੇ ਬਰਾਬਰ ਵੰਡ ਨਾਲ ਕਿਸਾਨਾਂ ਦੀ ਉਤਪਾਦਕਤਾ ਵਿਚ ਵਾਧਾ ਹੋਵੇਗਾ ਅਤੇ ਫ਼ਸਲਾਂ ਦੀ ਗੁਣਵੱਤਾ ਵੀ ਸੁਧਰੇਗੀ।

ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਦੇ ਅਧੀਨ ਰਸੂਲਪੁਰ ਡਿਸਟ੍ਰੀਬਿਊਟਰੀ ਨਾਲ ਜੁੜੇ ਕਈ ਪਿੰਡਾਂ ਨੂੰ ਲਾਭ ਮਿਲੇਗਾ, ਜਿਨ੍ਹਾਂ ਵਿਚ ਪੱਟੀ ਹਲਕੇ ਦੇ ਲੌਹੁਕਾ, ਕੈਰੋਂ ,ਬਾਹਮਣੀ ਵਾਲਾ,ਪੱਟੀ ਸ਼ਹਿਰ ਦਾ ਰਕਬਾ, ਠੱਕਰਪੁਰਾ, ਚੂਸਲੇਵੜ੍ਹ, ਧਾਰੀਵਾਲ, ਭੱਗੂਪੁਰ, ਚੀਮਾ ਕਲਾਂ, ਸੈਦੋ, ਬਰਵਾਲਾ, ਜੌੜ ਸਿੰਘ ਵਾਲਾ, ਦੁੱਬਲੀ, ਕਾਲੇਕੇ ਅਤੇ ਹਲਕਾ ਵਲਟੋਹਾ ਦੇ ਬਹੁਤ ਸਾਰੇ ਪਿੰਡ ਸ਼ਾਮਿਲ ਹਨ, ਜਿੱਥੋਂ ਦੇ ਕਿਸਾਨਾਂ ਨੂੰ ਪਾਣੀ ਦੀ ਉਪਲਬੱਧਤਾ ਵਿਚ ਸੁਧਾਰ ਦੇ ਨਾਲ- ਨਾਲ ਖੇਤੀ ਦੀ ਉਨ੍ਹਾਂ ਕਿਹਾ ਕਿ ਪਾਣੀ ਦੀ ਸਮੇਂ ਸਿਰ ਅਤੇ ਬਰਾਬਰ ਵੰਡ ਨਾਲ ਕਿਸਾਨਾਂ ਦੀ ਉਤਪਾਦਕਤਾ ਵਿਚ ਵਾਧਾ ਹੋਵੇਗਾ ਅਤੇ ਫ਼ਸਲਾਂ ਦੀ ਗੁਣਵੱਤਾ ਵੀ ਸੁਧਰੇਗੀ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਦੇ ਅਧੀਨ ਰਸੂਲਪੁਰ ਡਿਸਟ੍ਰੀਬਿਊਟਰੀ ਨਾਲ ਜੁੜੇ ਕਈ ਪਿੰਡਾਂ ਨੂੰ ਲਾਭ ਮਿਲੇਗਾ, ਜਿਨ੍ਹਾਂ ਵਿਚ ਪੱਟੀ ਹਲਕੇ ਦੇ ਲੌਹੁਕਾ, ਕੈਰੋਂ ,ਬਾਹਮਣੀ ਵਾਲਾ,ਪੱਟੀ ਸ਼ਹਿਰ ਦਾ ਰਕਬਾ, ਠੱਕਰਪੁਰਾ, ਚੂਸਲੇਵੜ੍ਹ, ਧਾਰੀਵਾਲ, ਭੱਗੂਪੁਰ, ਚੀਮਾ ਕਲਾਂ, ਸੈਦੋ, ਬਰਵਾਲਾ, ਲਾਗਤ ਘਟਣ ਅਤੇ ਆਮਦਨ ਵਿਚ ਵਾਧਾ ਹੋਣ ਦੀ ਉਮੀਦ ਹੈ। ਇਸ ਮੌਕੇ ਐਕਸੀਅਨ ਦਿਲਪ੍ਰੀਤ ਸਿੰਘ, ਐਸ.ਡੀ.ਓ ਮੁਕੇਸ਼ ਅਤੇ ਹੋਰ ਹਾਜ਼ਰ ਸਨ।

# ਗੁਰਦਾਸਪੁਰ ਬੱਸ ਸਟੈਂਡ ਦੇ ਨੇੜੇ ਖੁੱਲ੍ਹੇਗਾ ਨਵਾਂ ਪੈਟਰੋਲ ਪੰਪ




**ਗੁਰਦਾਸਪੁਰ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਦੇ ਵਿਕਾਸ ਅਤੇ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ, ਇੰਪਰੂਵਮੈਂਟ ਟਰੱਸਟ ਗੁਰਦਾਸਪੁਰ ਵੱਲੋਂ ਇੱਕ ਅਹਿਮ ਫੈਸਲਾ ਲਿਆ ਗਿਆ ਹੈ।ਰਾਜੀਵ ਸ਼ਰਮਾ,ਚੇਅਰਮੈਨ ਇੰਪਰੂਵਮੈਂਟ ਟਰੱਸਟ ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਟ੍ਰਸਟ ਵੱਲੋਂ ਹੁਣ ਸਥਾਨਕ ਬੱਸ ਸਟੈਂਡ ਦੇ ਬਿਲਕੁਲ ਨਜ਼ਦੀਕ ਹਿੰਦੁਸਤਾਨ ਪੈਟਰੋਲੀਅਮ ਦਾ ਇੱਕ ਨਵਾਂ ਪੈਟਰੋਲ ਪੰਪ ਸਥਾਪਿਤ ਕੀਤਾ ਜਾ ਰਿਹਾ ਹੈ।ਚੇਅਰਮੈਨ ਰਾਜੀਵ ਸ਼ਰਮਾ ਨੇ ਦੱਸਿਆ ਕਿ ਬੱਸ ਸਟੈਂਡ ਦੇ ਨੇੜੇ ਪੰਪ ਲੱਗਣ ਨਾਲ ਰਾਹਗੀਰਾਂ ਅਤੇ ਸਥਾਨਕ ਨਿਵਾਸੀਆਂ ਨੂੰ ਤੇਲ ਭਰਵਾਉਣ ਲਈ ਦੂਰ ਨਹੀਂ ਜਾਣਾ ਪਵੇਗਾਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਨਾਲ ਇੰਪਰੂਵਮੈਂਟ ਟਰੱਸਟ ਨੂੰ ਹਰ ਮਹੀਨੇ ਲਗਭਗ 7 ਲੱਖ ਰੁਪਏ ਦੀ ਸਿੱਧੀ ਆਮਦਨ ਹੋਣ ਦਾ ਅਨੁਮਾਨ ਹੈ। ਇਸ ਆਮਦਨ ਦੀ ਵਰਤੋਂ ਗੁਰਦਾਸਪੁਰ ਦੇ ਬੁਨਿਆਦੀ ਢਾਂਚੇ ਅਤੇ ਹੋਰ ਜਨਤਕ ਸਹੂਲਤਾਂ ਨੂੰ ਬਿਹਤਰ ਬਣਾਉਣ ਲਈ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਇਹ ਕਦਮ ਨਾ ਸਿਰਫ ਟਰੱਸਟ ਨੂੰ ਆਰਥਿਕ ਤੌਰ ਤੇ ਮਜ਼ਬੂਤ ਕਰੇਗਾ, ਬਲਕਿ ਸ਼ਹਿਰ ਦੇ ਵਿਕਾਸ ਮਾਡਲ ਵਿੱਚ ਇੱਕ ਮੀਲ ਪੱਥਰ ਸਾਬਤ ਹੋਵੇਗਾ।

ਟਰੱਸਟ ਦੇ ਚੇਅਰਮੈਨ ਸ੍ਰੀ ਰਾਜੀਵ ਸ਼ਰਮਾ ਅਨੁਸਾਰ, ਇਸ ਪ੍ਰੋਜੈਕਟ ਤੇ ਕੰਮ ਜਲਦ ਹੀ ਸ਼ੁਰੂ ਹੋ ਜਾਵੇਗਾ ਤਾਂ ਜੋ ਜਨਤਾ ਨੂੰ ਇਸ ਦਾ ਲਾਭ ਮਿਲ ਸਕੇ।

## ਸੰਪਾਦਕੀ

### ਮਨੀਪੁਰ ਦੀਆਂ ਵੱਧਦੀਆਂ ਮੁਸੀਬਤਾਂ

ਮਨੀਪੁਰ ਵਿੱਚ ਚੁਣੀ ਗਈ ਸਰਕਾਰ ਦੀ ਬਹਾਲੀ ਤੋਂ ਮਹਿਜ਼ ਦੋ ਮਹੀਨਿਆਂ ਬਾਅਦ ਮੁੜ ਹਿੰਸਾ ਭੜਕਣਾ ਚਿੰਤਾਜਨਕ ਸੰਕੇਤ ਹੈ, ਜੋ ਇਹ ਦਰਸਾਉਂਦਾ ਹੈ ਕਿ ਉੱਤਰ-ਪੂਰਬੀ ਸੂਬੇ ਵਿੱਚ ਅਮਨ-ਸ਼ਾਂਤੀ ਬਣਾਈ ਰੱਖਣ ਦਾ ਕੰਮ ਕੋਈ ਖਾਲਾ ਜੀ ਦਾ ਵਾੜਾ ਨਹੀਂ। ਸ਼ਨਿਚਰਵਾਰ ਨੂੰ ਉਖਰੁਲ ਜ਼ਿਲ੍ਹੇ ਵਿੱਚ ਇੱਕ ਸਾਬਕਾ ਸੈਨਿਕ ਸਣੇ ਦੋ ਵਿਅਕਤੀਆਂ ਨੂੰ ਗੋਲੀ ਮਾਰ ਕੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਗਈ, ਜਦੋਂਕਿ 7 ਅਪਰੈਲ ਨੂੰ ਬਿਸ਼ਨੂਪੁਰ ਜ਼ਿਲ੍ਹੇ ਦੇ ਟ੍ਰੋਂਗਲਾਓਬੀ ਵਿੱਚ ਇੱਕ ਬੰਬ ਹਮਲੇ ਵਿੱਚ ਦੋ ਬੱਚੇ ਮਾਰੇ ਗਏ ਸਨ। ਦੋਸ਼ੀਆਂ ਦੀ ਗ੍ਰਿਫ਼ਤਾਰੀ ਦੀ ਮੰਗ ਕਰ ਰਹੇ ਪ੍ਰਦਰਸ਼ਨਕਾਰੀਆਂ ਅਤੇ ਸੁਰੱਖਿਆ ਬਲਾਂ ਵਿਚਕਾਰ ਝੜਪਾਂ ਨੇ ਇੰਫਾਲ ਘਾਟੀ ਦੇ ਜ਼ਿਲ੍ਹਿਆਂ ਨੂੰ ਮੁੜ ਦਹਿਲਾ ਦਿੱਤਾ ਹੈ। ਇਹ ਹਮਲਾ ਗੱਲਬਾਤ ਅਤੇ ਸੁਲਾਹ-ਸਫ਼ਾਈ ਦੀਆਂ ਅਪੀਲਾਂ ਦਰਮਿਆਨ ਹੋਇਆ ਹੈ। ਅਮਨ ਬਹਾਲੀ ਲਈ ਵਾਰ ਵਾਰ ਕੀਤੀਆਂ ਜਾ ਰਹੀਆਂ ਅਪੀਲਾਂ ਨੂੰ ਨਜ਼ਰਅੰਦਾਜ਼ ਕੀਤਾ ਜਾਣਾ ਡੂੰਘੀ ਬੇਭਰੋਸਗੀ ਅਤੇ ਗੜਬੜ ਵਾਲੀ ਸਥਿਤੀ ਨੂੰ ਦਰਸਾਉਂਦਾ ਹੈ। ਸੂਬਾ ਸਰਕਾਰ ਵੱਲੋਂ ਉਖਰੁਲ ਅਤੇ ਬਿਸ਼ਨੂਪੁਰ ਮਾਮਲੇ ਕੌਮੀ ਜਾਂਚ ਏਜੰਸੀ ਨੂੰ ਸੌਂਪਣ ਦਾ ਫੌਰੀ ਫ਼ੈਸਲਾ ਇਸ ਮਾਮਲੇ ਦੀ ਗੰਭੀਰਤਾ ਨੂੰ ਦਰਸਾਉਂਦਾ ਹੈ, ਪਰ ਇਹ ਆਪਣੇ ਆਪ ਵਿੱਚ ਕੋਈ ਹੱਲ ਨਹੀਂ ਹੈ। ਮੁੜ ਮੁੜ ਹਿੰਸਾ ਨੂੰ ਭੜਕਾਉਣ ਵਾਲੇ ਮੂਲ ਕਾਰਨਾਂ ਨੂੰ ਦੂਰ ਕਰਨ ਦੀ ਸਖ਼ਤ ਲੋੜ ਹੈ। ਵਿਰੋਧੀ ਵਿਚਾਰਧਾਰਾਵਾਂ, ਭਾਈਚਾਰਿਆਂ ਵਿਚਾਲੇ ਆਪਸੀ ਸ਼ੱਕ ਅਤੇ ਤੇਜ਼ੀ ਨਾਲ ਗ਼ਲਤ ਜਾਣਕਾਰੀ ਫੈਲਣ ਨਾਲ ਇੱਕ ਅਜਿਹਾ ਮਾਹੌਲ ਬਣ ਗਿਆ ਹੈ, ਜਿਥੇ ਇੱਕਾ-ਦੁੱਕਾ ਘਟਨਾਵਾਂ ਵੀ ਵੱਡੇ ਪੱਧਰ ’ਤੇ ਗੜਬੜ ਪੈਦਾ ਕਰ ਸਕਦੀਆਂ ਹਨ। ਲੋਕਾਂ ਦਾ ਗੁੱਸਾ ਪ੍ਰਤੱਖ ਹੈ, ਪਰ ਅਫਵਾਹਾਂ ਅਤੇ ਭੜਕਾਊ ਬਿਆਨਬਾਜ਼ੀ ਨਾਲ ਇਹ ਹੋਰ ਵਧ ਰਿਹਾ ਹੈ। ਸਰਕਾਰ ਦਾ ਇਹ ਦਾਅਵਾ ਕਿ ਕਾਨੂੰਨ ਵਿਵਸਥਾ ਦੀ ਸਥਿਤੀ ‘ਸੰਵੇਦਨਸ਼ੀਲ ਹੈ, ਪਰ ਕਾਬੂ ਹੇਠ ਹੈ’, ਅਸਲੀਅਤ ਨਾਲ ਮੇਲ ਨਹੀਂ ਖਾਂਦਾ। ਮਨੀਪੁਰ ਦਾ ਭਵਿੱਖ ਨਿਰੰਤਰ ਗੱਲਬਾਤ, ਜਵਾਬਦੇਹੀ ਅਤੇ ਭਾਈਚਾਰਿਆਂ ’ਚ ਆਪਸੀ ਸਹਿਯੋਗ ਤੇ ਤਾਲਮੇਲ ’ਤੇ ਨਿਰਭਰ ਕਰੇਗਾ। ਸੂਬੇ ਨੂੰ ਦਰਪੇਸ਼ ਖ਼ਤਰਿਆਂ ਨਾਲ ਸਿੱਝਣ ਲਈ ਸੁਰੱਖਿਆ ਕਾਰਵਾਈਆਂ ਜ਼ਰੂਰੀ ਹਨ, ਪਰ ਇਨ੍ਹਾਂ ਦੇ ਨਾਲ ਨਾਲ ਭਰੋਸਾ ਬਹਾਲੀ ਅਤੇ ਸ਼ਿਕਵੇ-ਸ਼ਿਕਾਇਤਾਂ ਦੂਰ ਕਰਨ ਦੇ ਯਤਨ ਵੀ ਕੀਤੇ ਜਾਣੇ ਚਾਹੀਦੇ ਹਨ। ਅਮਨ ਕਿਸੇ ’ਤੇ ਥੋਪਿਆ ਨਹੀਂ ਜਾ ਸਕਦਾ। ਇਹ ਸਾਰੇ ਭਾਈਵਾਲਾਂ ਵਿਚਾਲੇ ਗੱਲਬਾਤ ਰਾਹੀਂ ਕਾਇਮ ਕੀਤਾ ਜਾਣਾ ਚਾਹੀਦਾ ਹੈ। ਸਾਰੀਆਂ ਧਿਰਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਸਨੂੰ ਸੁਰੱਖਿਅਤ ਰੱਖਣ। ਹਿੰਸਾ ਦੀ ਹਰ ਨਵੀਂ ਘਟਨਾ ਵਾਰ ਵਾਰ ਉਮੀਦ ਨੂੰ ਤੋੜਦੀ ਅਤੇ ਸੂਬੇ ਨੂੰ ਸਥਾਈ ਸਥਿਰਤਾ ਤੋਂ ਹੋਰ ਦੂਰ ਧੱਕਦੀ ਰਹੇਗੀ। ਮਨੀਪੁਰ ਵਾਸੀਆਂ ਨੇ ਪਿਛਲੇ ਤਿੰਨ ਸਾਲਾਂ ਦੌਰਾਨ ਬਹੁਤ ਦੁੱਖ ਝੱਲੇ ਹਨ। ਹੁਣ ‘ਡਬਲ ਇੰਜਣ’ ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਲੋਕਾਂ ਦੇ ਜ਼ਖ਼ਮਾਂ ’ਤੇ ਮੱਲ੍ਹਮ ਲਾਉਣ ਦਾ ਕੰਮ ਕਰੇ।

## ਸੀ.ਐਮ. ਦੀ ਯੋਗਸ਼ਾਲਾ ਨਾਲ ਪਿੰਡਾਂ ਵਿੱਚ ਸਿਹਤਮੰਦ ਜੀਵਨਸ਼ੈਲੀ ਵੱਲ ਵਧਦਾ ਰੁਝਾਨ

**ਮਲੇਰਕੋਟਲਾ, 24 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਸਿਹਤ ਨੂੰ ਮਜ਼ਬੂਤ ਬਣਾਉਣ ਲਈ ਚਲਾਈ ਜਾ ਰਹੀ ਸੀ.ਐਮ. ਦੀ ਯੋਗਸ਼ਾਲਾ ਯੋਜਨਾ ਜ਼ਿਲ੍ਹੇ ਦੇ ਲੋਕਾਂ ਲਈ ਵਰਦਾਨ ਸਾਬਤ ਹੋ ਰਹੀ ਹੈ। ਇਸ ਮੁਹਿੰਮ ਰਾਹੀਂ ਲੋਕਾਂ ਵਿੱਚ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਦਾ ਰੁਝਾਨ ਵਧ ਰਿਹਾ ਹੈ ਅਤੇ ਉਹ ਨਿਯਮਿਤ ਯੋਗ ਅਭਿਆਸ ਨਾਲ ਆਪਣੇ ਸਰੀਰਕ ਤੇ ਮਾਨਸਿਕ ਸਿਹਤ ਵਿੱਚ ਸਕਾਰਾਤਮਕ ਬਦਲਾਅ ਮਹਿਸੂਸ ਕਰ ਰਹੇ ਹਨ।

ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਿੰਪੀ ਗਰਗ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹੇ ਵਿੱਚ ਯੋਗ ਗਤੀਵਿਧੀਆਂ ਨੂੰ ਵਿਸ਼ੇਸ਼ ਤੌਰ ’ਤੇ ਪਿੰਡਾਂ ਤੱਕ ਵਿਸਥਾਰ ਦਿੱਤਾ ਗਿਆ ਹੈ, ਜਿਸ ਨਾਲ ਵੱਡੀ ਗਿਣਤੀ ਵਿੱਚ ਲੋਕ ਲਾਭ ਪ੍ਰਾਪਤ ਕਰ ਰਹੇ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਕੋਆਰਡੀਨੇਟਰ ਮਲਕੀਤ ਕੌਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਕੁੱਲ 65 ਯੋਗ ਟ੍ਰੇਨਰ ਕੰਮ ਕਰ ਰਹੇ ਹਨ। ਜੋ ਪਿੰਡਾਂ ਅਤੇ ਸ਼ਹਿਰੀ ਇਲਾਕਿਆਂ ਵਿੱਚ ਨਿਯਮਿਤ ਤੌਰ ’ਤੇ ਸਵੇਰੇ ਅਤੇ ਸ਼ਾਮ ਮੁਫ਼ਤ ਯੋਗ ਕਲਾਸਾਂ ਲਗਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਕਲਾਸਾਂ ਰਾਹੀਂ ਲੋਕਾਂ ਵਿੱਚ ਸਿਹਤ ਪ੍ਰਤੀ ਜਾਗਰੂਕਤਾ ਵਧੀ ਹੈ ਅਤੇ ਬੱਚੇ, ਨੌਜਵਾਨ, ਮਹਿਲਾਵਾਂ ਅਤੇ ਬਜ਼ੁਰਗ ਹਰ ਵਰਗ ਦੇ ਲੋਕ ਇਸ ਨਾਲ ਜੁੜ ਕੇ ਲਾਭ ਪ੍ਰਾਪਤ ਕਰ ਰਹੇ ਹਨ।

ਉਨ੍ਹਾਂ ਦੱਸਿਆ ਕਿ ਯੋਗ ਟਰੇਨਰਾਂ ਵੱਲੋਂ ਯੋਗ ਅਭਿਆਸ ਦੇ ਨਾਲ-ਨਾਲ ਸੰਤੁਲਿਤ ਖੁਰਾਕ, ਰੋਜ਼ਾਨਾ ਜੀਵਨ ਵਿੱਚ ਅਨੁਸ਼ਾਸਨ ਅਤੇ ਤੰਦਰੁਸਤ ਰਹਿਣ ਦੇ ਤਰੀਕਿਆਂ ਬਾਰੇ ਵੀ ਜਾਣਕਾਰੀ ਦਿੱਤੀ ਜਾਂਦੀ ਹੈ, ਜਿਸ ਨਾਲ ਲੋਕਾਂ ਦੀ ਜੀਵਨ ਗੁਣਵੱਤਾ ਵਿੱਚ ਸੁਧਾਰ ਆ ਰਿਹਾ ਹੈ।

ਜ਼ਿਲ੍ਹਾ ਕੋਆਰਡੀਨੇਟਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਨੇੜਲੇ ਪਿੰਡ ਜਾਂ ਇਲਾਕੇ ਵਿੱਚ ਲੱਗ ਰਹੀਆਂ ਮੁਫ਼ਤ ਯੋਗ ਕਲਾਸਾਂ ਦਾ ਵੱਧ ਤੋਂ ਵੱਧ ਲਾਭ ਲੈਣ ਅਤੇ ਇਸ ਸਿਹਤਮੰਦ ਮੁਹਿੰਮ ਨਾਲ ਜੁੜ ਕੇ ਨਿਰੋਗੀ ਜੀਵਨ ਵੱਲ ਕਦਮ ਵਧਾਉਣ। ਨਾਲ ਹੀ ਉਨ੍ਹਾਂ ਕਿਹਾ ਕਿ ਜੇਕਰ ਕਿਸੇ ਪਿੰਡ ਜਾਂ ਮੁਹੱਲੇ ਵਿੱਚ ਯੋਗ ਕਲਾਸ ਸ਼ੁਰੂ ਕਰਵਾਉਣ ਦੀ ਇੱਛਾ ਹੋਵੇ ਤਾਂ ਸੰਬੰਧਿਤ ਵਿਭਾਗ ਦੇ ਅਧਿਕਾਰੀ ਦੇ ਮੋਬਾਇਲ ਨੰਬਰ 62390- 47157 ਜਾਂ ਟੋਲ ਫਰੀ ਨੰਬਰ 8591925814 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਜ਼ਿਲੇ ਦੇ ਸਮੂਹ 545 ਆਂਗਣਵਾੜੀ ਸੈਂਟਰਾਂ ਵਿੱਚ ਪੋਸ਼ਣ ਪਖਵਾੜਾ ਤਹਿਤ ਲਗਾਏ ਕੈਂਪ

**ਮਲੇਰਕੋਟਲਾ, 24 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਸੁਰੱਖਿਆ ਅਤੇ ਇਸਤਰੀ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ 9 ਅਪ੍ਰੈਲ ਤੋਂ 23 ਅਪ੍ਰੈਲ ਤੱਕ ਮਨਾਏ ਜਾ ਰਹੇ ਪੋਸ਼ਣ ਪਖਵਾੜਾ ਜਾਗਰੂਕਤਾ ਮੁਹਿੰਮ ਦੇ ਤਹਿਤ ਜ਼ਿਲ੍ਹਾ ਪ੍ਰੋਗਰਾਮ ਅਫਸਰ ਪਰਦੀਪ ਸਿੰਘ ਦੇ ਦਿਸ਼ਾ- ਨਿਰਦੇਸ਼ਾਂ ਅਧੀਨ ਜ਼ਿਲ੍ਹੇ ਵਿੱਚ ਵੱਖ- ਵੱਖ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਗਈਆਂ।

ਜ਼ਿਲ੍ਹੇ ਦੇ 545 ਆਂਗਣਵਾੜੀ ਸੈਂਟਰਾਂ ਵਿੱਚ ਇਸ ਮੁਹਿੰਮ ਨੂੰ ਉਤਸ਼ਾਹ ਨਾਲ ਮਨਾਇਆ ਗਿਆ, ਜਿਸ ਦਾ ਮੁੱਖ ਉਦੇਸ਼ ਮਾਪਿਆਂ ਨੂੰ ਬੱਚਿਆਂ ਦੇ ਸਹੀ ਪੋਸ਼ਣ ਬਾਰੇ ਜਾਣਕਾਰੀ ਦੇਣਾ ਅਤੇ ਮਹਿਲਾਵਾਂ ਤੇ ਬੱਚਿਆਂ ਦੀ ਸਿਹਤ ਵਿੱਚ ਸੁਧਾਰ ਲਿਆਉਣਾ ਸੀ। ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਵੱਲੋਂ ਘਰ-ਘਰ ਜਾ ਕੇ ਮਾਤਾਵਾਂ ਨੂੰ ਸੰਤੁਲਿਤ ਆਹਾਰ, ਸਫਾਈ ਅਤੇ ਸਿਹਤ ਸਬੰਧੀ ਜ਼ਰੂਰੀ ਜਾਣਕਾਰੀ ਦਿੱਤੀ ਗਈ। ਗਰਭਵਤੀ ਮਹਿਲਾਵਾਂ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਨੂੰ ਪੋਸ਼ਣ ਯੁਕਤ ਖੁਰਾਕ ਦੇ ਮਹੱਤਵ ਬਾਰੇ ਜਾਗਰੂਕ ਕੀਤਾ ਗਿਆ।

ਇਸ ਮੁਹਿੰਮ ਦੌਰਾਨ ਪੋਸ਼ਣ ਰੈਲੀਆਂ, ਕੁਇਜ਼ ਮੁਕਾਬਲੇ, ਪੋਸਟਰ ਤਿਆਰ ਕਰਨ ਅਤੇ ਸਮੂਹ ਚਰਚਾਵਾਂ ਰਾਹੀਂ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਇਸ ਦੇ ਨਾਲ ਹੀ ਰੋਜ਼ਾਨਾ ਦੀਆਂ ਆਦਤਾਂ ਜਿਵੇਂ ਕਿ ਹੱਥ ਧੋਣਾਂ, ਸਮੁੱਚੇ ਘਰ ਅਤੇ ਆਲੇ- ਦੁਆਲੀ ਦੀ ਸਾਫ਼-ਸਫਾਈ ਅਤੇ ਐਨੀਮੀਆ ਤੋਂ ਬਚਾਅ ਵਰਗੇ ਮਹੱਤਵਪੂਰਨ ਵਿਸ਼ਿਆਂ ‘ਤੇ ਜਾਗਰੂਕ ਕੀਤਾ ਗਿਆ। ਆਂਗਣਵਾੜੀ ਸੈਂਟਰਾਂ ਵਿੱਚ ਪੋਸ਼ਣ ਥਾਲੀ ਦੇ ਮਾਡਲ ਪੇਸ਼ ਕਰ ਕੇ ਲੋਕਾਂ ਨੂੰ ਸੰਤੁਲਿਤ ਖੁਰਾਕ ਦੀ ਚੋਣ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਦੌਰਾਨ 0-6 ਸਾਲ ਦੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਇਸ ਉਪਰਾਲੇ ਨਾਲ ਸਮਾਜ ਵਿੱਚ ਪੋਸ਼ਣ ਪ੍ਰਤੀ ਜਾਗਰੂਕਤਾ ਵਿੱਚ ਵਾਧਾ ਹੋਣ ਦੇ ਨਾਲ- ਨਾਲ ਲੋਕਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਣਾ ਮਿਲੇਗੀ।

ਇਸ ਮੁਹਿੰਮ ਵਿੱਚ ਆਂਗਣਵਾੜੀ ਸੁਪਰਵਾਈਜ਼ਰ ਪਰਦੀਪ ਕੌਰ, ਅਮਨਦੀਪ ਕੌਰ ਅਤੇ ਤਬੱਸੁਮ ਸਮੇਤ ਆਂਗਣਵਾੜੀ ਵਰਕਰ ਹਰਜਿੰਦਰ ਕੌਰ, ਕਰਮਜੀਤ ਕੌਰ, ਜਸਪ੍ਰੀਤ ਕੌਰ, ਜਸਵਿੰਦਰ ਕੌਰ, ਗੁਰਦੀਪ ਕੌਰ, ਬਲਜਿੰਦਰ ਕੌਰ, ਬਲਜੀਤ ਕੌਰ, ਗੁਰਮੀਤ ਕੌਰ, ਸੁਰਿੰਦਰ ਕੌਰ, ਬਲਵੀਰ ਕੌਰ, ਨੀਸ਼ਾ ਗੁਪਤਾ, ਮਹਿਨਾਜ, ਅਕਬਰੀ ਬਾਨੋ, ਨਜ਼ਰਾਨਾ, ਤਹਿਰਾ ਪ੍ਰਵੀਨ, ਲਖਵੀਰ ਕੌਰ, ਜਸਵੀਰ ਕੌਰ ਅਤੇ ਵੀਰਪਾਲ ਕੌਰ ਆਦਿ ਵੱਲੋਂ ਸਰਗਰਮ ਭਾਗੀਦਾਰੀ ਨਿਭਾਈ ਗਈ।

## ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਫੈਸਲੇ ਲਏ ਜਾ ਰਹੇ ਹਨ : ਨਰਿੰਦਰ ਪਾਲ ਸਿੰਘ ਸਵਨਾ




**ਫਾਜ਼ਿਲਕਾ, 24 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਫੈਸਲੇ ਲਏ ਜਾ ਰਹੇ ਹਨ। ਪੰਜਾਬ ਦਾ ਸਿੱਖਿਆ ਢਾਂਚਾ ਤੇ ਸਰਕਾਰੀ ਸਕੂਲਾਂ ਦਾ ਬੁਨਿਆਦੀ ਵਿਕਾਸ ਕਰਵਾ ਕੇ ਹੁਣ ਸਰਕਾਰੀ ਸਕੂਲਾਂ ਨੂੰ ਮਾਡਲ ਤੇ ਕਾਨਵੈਂਟ ਸਕੂਲਾਂ ਦੇ ਮੁਕਾਬਲੇ ਵਾਲੇ ਸਕੂਲ ਬਣਾ ਕੇ ਵਿਦਿਆਰਥੀਆਂ ਨੂੰ ਮੁਕਾਬਲੇਬਾਜ਼ੀ ਦੇ ਦੌਰ ਵਿੱਚ ਸਮੇਂ ਦੇ ਹਾਣੀ ਬਣਾਇਆ ਗਿਆ ਹੈ।

ਇਹ ਪ੍ਰਗਟਾਵਾ ਫਾਜ਼ਿਲਕਾ ਦੇ ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਪੰਜਾਬ ਨੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ’ਪੰਜਾਬ ਸਿੱਖਿਆ ਕ੍ਰਾਂਤੀ’ ਪ੍ਰੋਗਰਾਮ ਤਹਿਤ ਹਲਕਾ ਫਾਜ਼ਿਲਕਾ ਦੇ ਪਿੰਡ ਝੰਗੜ ਭੈਣੀ ਅਤੇ ਰੇਤੇ ਵਾਲੀ ਭੈਣੀ ਦੇ ਸਰਕਾਰੀ ਸਕੂਲਾਂ ਵਿੱਚ 1.38 ਕਰੋੜ ਦੀ ਲਾਗਤ ਨਾਲ ਬੁਨਿਆਦੀ ਢਾਂਚੇ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕਰਨ ਮੌਕੇ ਕੀਤਾ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰ ਅੰਦੇਸ਼ੀ ਸੋਚ ਸਦਕਾ ਸੂਬੇ ਦੇ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਇਤਿਹਾਸਿਕ ਫੈਸਲੇ ਕੀਤੇ ਜਾ ਰਹੇ ਹਨ ਤਾਂ ਜੋ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਆਧੁਨਿਕ ਢੰਗ ਤਰੀਕਿਆਂ ਨਾਲ ਸਿੱਖਿਆ ਮੁਹੱਈਆ ਕਰਵਾਈ ਜਾ ਸਕੇ। ਉਹਨਾਂ ਕਿਹਾ ਕਿ ਮੌਜੂਦਾ ਸਰਕਾਰ ਨੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਪ੍ਰਾਈਵੇਟ ਸਕੂਲਾਂ ਦੀ ਤਰਜ਼ ’ਤੇ ਅਤਿ ਆਧੁਨਿਕ ਸਹੂਲਤਾਂ ਮੁਹਈਆ ਕਰਵਾਉਣੀਆਂ ਸ਼ੁਰੂ ਕੀਤੀਆਂ, ਜਿਨ੍ਹਾਂ ਸਦਕਾ ਅੱਜ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਵੱਖ-ਵੱਖ ਖੇਤਰਾਂ ਵਿੱਚ ਉੱਚੀਆਂ ਮੱਲਾਂ ਮਾਰ ਰਹੇ ਹਨ।

ਉਨ੍ਹਾਂ ਕਿਹਾ ਕਿ ਇਸ ਰਾਸ਼ੀ ਨਾਲ ਇਨ੍ਹਾਂ ਸਕੂਲਾਂ ਵਿੱਚ ਸਮਾਰਟ ਕਲਾਸਰੂਮ, ਚਾਰਦੀਵਾਰੀ, ਬਾਥਰੂਮ, ਸਕੂਲ ਰਿਪੇਅਰ ਤੇ ਇੰਟਰੈਕਟਿਵ ਪੈਨਲ ਲਗਾਏ ਗਏ ਹਨ!

ਉਹਨਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਇਹਨਾਂ ਸਕੂਲਾਂ ਦੀ ਹਰ ਜਰੂਰਤ ਨੂੰ ਤਰਜੀਹ ਦੇ ਆਧਾਰ ਉਤੇ ਪੂਰਾ ਕਰਵਾਇਆ ਜਾ ਰਿਹਾ ਹੈ।

ਇਸ ਮੌਕੇ ਸੁਰਿੰਦਰ ਕੰਬੋਜ ਸਿੱਖਿਆ ਹਲਕਾ ਕੋਆਰਡੀਨੇਟਰ, ਪਰਮਜੀਤ ਨੂਰ ਸ਼ਾਹ ਮਾਰਕੀਟ ਕਮੇਟੀ ਚੇਅਰਮੈਨ, ਸਰਪੰਚ ਬਲਵੰਤ ਸਿੰਘ ਝੰਗੜ ਭੈਣੀ, ਸਰਪੰਚ ਸੁਭਾਸ਼ ਸਿੰਘ ਰੇਤੇ ਵਾਲੀ, ਸਰਪੰਚ ਅਮਰਜੀਤ ਦੋਨਾਂ ਨਾਨਕਾ, ਸਕੂਲਾਂ ਦੇ ਪ੍ਰਿੰਸੀਪਲ, ਅਧਿਆਪਕ ਤੇ ਬੱਚੇ ਆਦਿ ਮੌਜੂਦ ਸਨ।

## ਡਿਪਟੀ ਕਮਿਸ਼ਨਰ ਨੇ ਸੁਣੀਆਂ ਵਪਾਰੀਆਂ ਦੀਆਂ ਸਮੱਸਿਆਵਾਂ

**ਬਠਿੰਡਾ, 24 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਰਾਜੇਸ਼ ਧੀਮਾਨ, ਡਿਪਟੀ ਕਮਿਸ਼ਨਰ ਬਠਿੰਡਾ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਵਪਾਰੀਆਂ ਨਾਲ ਬੈਠਕ ਕਰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ।



ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਿਰੰਤਰ ਵਪਾਰੀਆਂ ਨਾਲ ਬੈਠਕਾਂ ਕਰਕੇ ਉਨ੍ਹਾਂ ਨੂੰ ਦਰਪੇਸ਼ ਆਉਣ ਵਾਲਿਆਂ ਸਮੱਸਿਆਵਾਂ ਦਾ ਨਿਪਟਾਰਾ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਬੈਠਕ ਦੌਰਾਨ ਵਪਾਰੀਆਂ ਵੱਲੋਂ ਬਾਜ਼ਾਰਾਂ ਚ ਟ੍ਰੈਫਿਕ, ਸੜਕਾਂ, ਪਾਰਕਿੰਗ ਦੀ ਦਿੱਕਤ, ਬਾਜ਼ਾਰਾਂ ਚ ਟਾਇਲਟ ਸਬੰਧੀ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਮੌਕੇ ਤੇ ਕਈ ਸਮੱਸਿਆਵਾਂ ਦਾ ਹੱਲ ਕੀਤਾ ਗਿਆ। ਉਨ੍ਹਾਂ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇਨ੍ਹਾਂ ਸਮਸਿਆਵਾਂ ਨੂੰ ਤਰਜੀਹੀ ਤੌਰ ਤੇ ਹੱਲ ਕੀਤਾ ਜਾਵੇ।

ਇਸ ਮੌਕੇ ਉਪ ਮੰਡਲ ਮੈਜਿਸਟ੍ਰੇਟ ਬਠਿੰਡਾ ਸ. ਬਲਕਰਨ ਸਿੰਘ ਮਾਹਲ, ਉਪ ਮੰਡਲ ਮੈਜਿਸਟ੍ਰੇਟ ਰਾਮਪੁਰਾ ਵੀਰਪਾਲ ਕੌਰ, ਐਕਸਾਈਜ਼ ਐਂਡ ਟੈਕਸੇਸ਼ਨ ਬਠਿੰਡਾ ਦੇ ਚੇਅਰਮੈਨ ਸ੍ਰੀ ਬਿਕਰਮ ਲਵਲੀ ਤੋਂ ਇਲਾਵਾ ਵਪਾਰੀ, ਪੁਲਿਸ ਵਿਭਾਗ ਅਤੇ ਹੋਰਨਾਂ ਵਿਭਾਗਾਂ ਦੇ ਅਧਿਕਾਰੀ ਆਦਿ ਹਾਜ਼ਰ ਸਨ। ਇਸ ਦੌਰਾਨ ਬਠਿੰਡਾ, ਰਾਮਪੁਰਾ, ਮੌੜ ਆਦਿ ਇਲਾਕਿਆਂ ਦੇ ਬਾਜ਼ਾਰਾਂ ਸਬੰਧੀ ਵਪਾਰੀਆਂ ਨੇ ਆਪਣੀਆਂ ਸਮੱਸਿਆਵਾਂ ਸਾਂਝੀਆਂ ਕੀਤੀਆਂ।

## 82ਵਾਂ ਰਾਸ਼ਟਰੀ ਅੱਗ ਬੁਝਾਊ ਸੇਵਾਵਾਂ ਹਫਤੇ ਦੇ ਸਮਾਪਨ ਮੌਕੇ ਸਨਮਾਨ ਸਮਾਰੋਹ



**ਬਟਾਲਾ, 24 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਿਕ ਫਾਇਰ ਬ੍ਰਿਗੇਡ ਵਲੋ ਭਾਰਤ ਸਰਕਾਰ, ਪੰਜਾਬ ਸਰਕਾਰ ਅਤੇ ਕਮਿਸ਼ਨਰ ਨਗਰ ਨਿਗਮ ਦੇ ਆਦੇਸ਼ਾ ਅਨੁਸਾਰ ‘ਤੇ ਸਟੇਸ਼ਨ ਇੰਚਾਰਜ ਨੀਰਜ ਸ਼ਰਮਾਂ ਦੇ ਸੰਦੇਸ਼ਾ ਅਨੁਸਾਰ 82ਵਾਂ ਰਾਸ਼ਟਰੀ ਅੱਗ ਬੁਝਾਊ ਸੇਵਾਵਾਂ ਹਫਤਾ ਜੋ 14 ਅਪ੍ਰੈਲ ਤੋ 20 ਅਪ੍ਰੈਲ ਤੱਕ ਜਾਗਰੂਕਤਾ ਮੁਹਿਮ ਦੇ ਅੱਜ ਸਮਾਪਤੀ ਮੌਕੇ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਸਹਾਇਕ ਕਮਿਸ਼ਨਰ ਰਜਿੰਦਰ ਸ਼ਰਮਾਂ ਨਗਰ ਨਿਗਮ, ਮਹਿਮਾਨ ਸੁਪਰਡੈਂਟ ਰਾਜੂ, ਸੈਨੇਟਰੀ ਇੰਸਪੈਕਟਰ ਵਿਕਾਸ, ਸੁਪਰਡੈਂਟ ਪਲਵਿੰਦਰ ਸਿੰਘ, ਹੈਡ ਡਰਾਫਟਮੈਨ ਅਜੈਬ ਸਿੰਘ, ਬਿਲਡਿੰਗ ਇੰਸ: ਧੀਰਜ ਕੁਮਾਰ (ਸਾਰੇ ਨਗਰ ਨਿਗਮ ਤੋਂ) ਦੇ ਨਾਲ ਫਾਇਰ ਅ਼ਫ਼ਸਰ ਰਾਕੇਸ਼ ਸ਼ਰਮਾਂ, ਹਰਬਖਸ਼ ਸਿੰਘ, ਸਿਵਲ ਡਿਫੈਂਸ ਵਲੰਟੀਅਰਜ਼ ਸਮੂਹ ਸਟਾਫ ਫਾਇਰ ਬ੍ਰਿਗੇਡ ਤੇ ਨਗਰ ਨਿਗਮ, ਹਾਜ਼ਰ ਸੀ।

ਇਸ ਮੌਕੇ ਸਮਾਪਤੀ ਸਮਾਰੋਹ ‘ਚ ਸ਼ਾਮਲ ਸਭ ਦਾ ਫਾਇਰ ਅ਼ਫ਼ਸਰ ਰਾਕੇਸ਼ ਸ਼ਰਮਾਂ ਵਲੋਂ ਜੀ ਆਇਆਂ ਨੂੰ ਕਿਹਾ ਤੇ ਦੱਸਿਆ ਕਿ ਇਸ ਸਾਲ ਦੇ ਵਿਸ਼ੇ ਅਨੁਸਾਰ ਸੁਰੱਖਿਅਤ ਸਕੂਲ, ਸੁਰੱਖਿਅਤ ਹਸਪਤਾਲ ਤੇ ਅੱਗ ਸੁਰੱਖਿਆ ਪ੍ਰਤੀ ਜਾਗਰੂਕ ਸਮਾਜ, ਅੱਗ ਦੀਆਂ ਅਣਸੁਖਾਵੀਆਂ ਘਟਨਾਵਾਂ ਨੂੰ ਰੋਕਣਾਂ ਸੀ। ਇਸ ਦੀ ਸ਼ੁਰੂਆਤ ਸ਼ਰਧਾਂਜਲੀ ਸਮਾਰੋਹ ਦੇ ਨਾਲ ਹੋਈ ਬਾਅਦ ਵਿਚ ਇਲਾਕੇ ਦੇ ਸਕੂਲ, ਫੈਕਟਰੀ, ਪਲਾਂਟ, ਘਰ, ਪ੍ਰਿੰਟ ਮੀਡੀਆ ਰਾਹੀ ਨਾਗਰਿਕਾਂ ਨੂੰ ਜਾਗਰੂਕ ਕੀਤਾ ਗਿਆ।

ਉਪਰੰਤ ਸਹਾਇਕ ਕਮਿਸ਼ਨਰ ਰਜਿੰਦਰ ਸ਼ਰਮਾਂ ਅਤੇ ਸੁਪਰਡੈਂਟ ਪਲਵਿੰਦਰ ਸਿੰਘ ਵਲੋਂ ਸਾਹਰਣਾ ਕਰਦੇ ਹੋਏ ਕਿਹਾ ਕਿ ਹਰ ਸਾਲ ਦੀ ਤਰਾਂ ਇਸ ਸਾਲ ਵੀ ਫਾਇਰ ਬ੍ਰਿਗੇਡ ਬਟਾਲਾ ਸਾਰੇ ਪੰਜਾਬ ਵਿਚ ਪਹਿਲੇ ਨੰਬਰ ‘ਤੇ ਰਹੀ, ਜਿਹਨਾਂ ਵਲੋਂ ਪੂਰਾ ਹਫਤਾ ਜਾਗਰੂਕਤਾ ਕੀਤੀ। ਅਗੇ ਕਿਹਾ ਕਿ ਪਿਛਲੇ ਸਮੇਂ ਦੋਰਾਨ ਬਟਾਲਾ ਸ਼ਹਿਰ ਦੇ ਆਸ-ਪਾਸ ਅੱਗ ਲੱਗਣ ਦੀਆਂ ਘਟਨਾਵਾਂ ਵਾਪਰੀਆ ਉਸ ਵਿਚ ਫਾਇਰ ਬ੍ਰਿਗੇਡ ਦੇ ਜਵਾਨਾਂ ਵਲੋ ਬਹੁਤ ਹੀ ਦਲੇਰੀ, ਮਿਹਨਤ ਅਤੇ ਸਮਝਦਾਰੀ ਨਾਲ ਜਾਨ-ਮਾਲ ਦੇ ਨੁਕਸਾਨ ਨੂੰ ਘੱਟ ਕੀਤਾ ਗਿਆ। ਜਿਸ ਨਾਲ ਕਈ ਕੀਮਤੀ ਜਾਨਾਂ ਬੱਚ ਗਈਆਂ, ਨਾਲ ਹੀ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਸੁਰੱਖਿਆ ਪ੍ਰਤੀ ਜਾਗਰੂਕ ਹੋਣ। ਆਏ ਹੋਏ ਮਹਿਮਾਨਾਂ ਨੂੰ ਯਾਦਗਰੀ ਚਿੰਨ੍ਹ ਭੇਟ ਕੀਤੇ ਗਏ।

## ਜ਼ਿਲ੍ਹਾ ਚੋਣ ਅ਼ਫ਼ਸਰ ਨੇ ਵੋਟਰਾਂ ਨੂੰ ਵੋਟਰ ਮੈਪਿੰਗ ਕਾਰਜ ’ਚ ਬੀ.ਐਲ.ਓ. ਦਾ ਸਹਿਯੋਗ ਕਰਨ ਦੀ ਕੀਤੀ ਅਪੀਲ

**ਹੁਸ਼ਿਆਰਪੁਰ, 24 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਰਾਜ ਵਿਚ ਜਲਦ ਹੀ ਸਪੈਸ਼ਲ ਇੰਟੈਂਸਿਵ ਰਵੀਜ਼ਨ (ਐਸ.ਆਈ.ਆਰ) ਸ਼ੁਰੂ ਹੋਣ ਦੀ ਸੰਭਾਵਨਾ ਹੈ। ਪ੍ਰੀ-ਐਸ.ਆਈ.ਆਰ ਗਤੀਵਿਧੀਆਂ ਤਹਿਤ ਮੌਜੂਦਾ ਵੋਟਰ ਸੂਚੀ ਦੇ ਵੋਟਰਾਂ ਦਾ ਮਿਲਾਨ/ਮੈਪਿੰਗ ਸਾਲ 2003 ਦੀ ਵੋਟਰ ਸੂਚੀ ਨਾਲ ਕੀਤਾ ਜਾ ਰਿਹਾ ਹੈ।ਇਸ ਸਬੰਧ ਵਿਚ ਜਾਣਕਾਰੀ ਦਿੰਦਿਆਂ ਹੋਇਆ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਦੱਸਿਆ ਕਿ ਜ਼ਿਲ੍ਹੇ ਵਿਚ ਕੁੱਲ 12,68,734 ਵੋਟਰ ਹਨ ਜਿਨ੍ਹਾਂ ਵਿਚੋਂ 10,65,313 (83.97 ਫੀਸਦੀ) ਵੋਟਰਾਂ ਦੀ ਮੈਪਿੰਗ ਬੀ.ਐਲ.ਓ. ਦੁਆਰਾ ਕੀਤੀ ਜਾ ਚੁੱਕੀ ਹੈ।

ਉਨ੍ਹਾਂ ਦੱਸਿਆ ਕਿ ਇਸ ਕਾਰਜ ਦੇ ਲਈ ਵਿਧਾਨ ਸਭਾ ਚੋਣ ਹਲਕਿਆਂ ਦੇ ਬੀ.ਐਲ.ਓ. ਘਰ-ਘਰ ਜਾ ਕੇ ਸਾਲ 2003 ਦੀ ਵੋਟਰ ਸੂਚੀ ਨਾਲ ਮਿਲਾਨ/ਮੈਪਿੰਗ ਕਰਨ ਲਈ ਫੈ ਵੈਰੀਫਿਕੇਸ਼ਨ ਕਰ ਰਹੇ ਹਨ। ਜ਼ਿਲ੍ਹਾ ਚੋਣ ਅ਼ਫ਼ਸਰ ਨੇ ਜ਼ਿਲ੍ਹੇ ਦੇ ਸਾਰੇ ਵੋਟਰਾਂ ਨੂੰ ਭਾਰਤ ਚੋਣ ਕਮਿਸ਼ਨ ਦੇ ਇਸ ਮਹੱਤਵਪੂਰਨ ਕੰਮ ਵਿਚ ਸਹਿਯੋਗ ਦੇਣ ਅਤੇ ਵੋਟਰ ਮੈਪਿੰਗ ਦੌਰਾਨ ਬੀ.ਐਲ.ਓ. ਨੂੰ ਜ਼ਰੂਰੀ ਦਸਤਾਵੇਜ ਅਤੇ ਜਾਣਕਾਰੀ ਉਪਲਬੱਧ



ਕਰਵਾਉਣ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਜਿਨ੍ਹਾਂ ਵੋਟਰਾਂ ਦਾ ਨਾਂ ਸਾਲ 2003 ਵਿਚ ਜਿਸ ਸਥਾਨ ਜਾਂ ਬੂਥ ‘ਤੇ ਦਰਜ ਸੀ ਉਸ ਸਬੰਧੀ ਆਪਣੀ ਵੋਟ ਦੇ ਵੇਰਵੇ ਮੌਜੂਦਾ ਬੀ.ਐਲ.ਓ. ਨੂੰ ਮੁਹੱਈਆ ਕਰਵਾਉਣ ਤਾਂ ਜੋ ਵੋਟਰ ਮੈਪਿੰਗ ਦਾ ਕੰਮ ਬਿਨ੍ਹਾਂ ਕਿਸੇ ਪ੍ਰੇਸ਼ਾਨੀ ਦੇ ਸਮੇਂ ਸਿਰ ਪੂਰਾ ਕੀਤਾ ਜਾ ਸਕੇ।

ਇਸ ਤੋਂ ਇਲਾਵਾ ਜ਼ਿਲ੍ਹਾ ਚੋਣ ਅ਼ਫ਼ਸਰ ਨੇ ਜ਼ਿਲ੍ਹੇ ਵਿਚ ਨਿਯੁਕਤ ਸਾਰੇ ਚੋਣਕਾਰ ਰਜਿਸਟ੍ਰੇਸ਼ਨ ਅਧਿਕਾਰੀਆਂ ਅਤੇ ਸੁਪਰਵਾਈਜ਼ਰਾਂ ਨੂੰ ਨਿਰਦੇਸ਼ ਦਿੱਤੇ ਕਿ ਉਹ ਬੀ.ਐਲ.ਓ. ਵੱਲੋਂ ਕੀਤੇ ਜਾ ਰਹੇ ਵੋਟਰ ਮੈਪਿੰਗ ਕੰਮ ਦਾ ਰੋਜ਼ਾਨਾ ਨਿਰੀਖਣ ਕਰਨ ਅਤੇ ਬੀ.ਐਲ.ਓ. ਨੂੰ ਆਉਣ ਵਾਲੀਆਂ ਸਮੱਸਿਆਵਾਂ ਦਾ ਸਮੇਂ ਸਿਰ ਹੱਲ ਯਕੀਨੀ ਬਣਾਉਣ।

## ਸਰਕਾਰੀ ਹਾਈ ਸਕੂਲ ਵਿੱਚ ਕੰਪਿਊਟਰ ਅਤੇ ਸਾਇੰਸ ਲੈਬ ਵਿਦਿਆਰਥੀਆਂ ਨੂੰ ਸਮਰਪਿਤ

**ਗੁਰਦਾਸਪੁਰ, 24 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵਲੋਂ ਪਿੰਡ ਰੋਸਾ ਦੇ ਸਰਕਾਰੀ ਹਾਈ ਸਕੂਲ ਵਿੱਚ ਕੰਪਿਊਟਰ ਲੈਬ ਅਤੇ ਸਾਇੰਸ ਲੈਬ ਵਿਦਿਆਰਥੀਆਂ ਨੂੰ ਸਮਰਪਿਤ ਕੀਤੀਆਂ ਗਈਆਂ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦਾ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ’ਸਿੱਖਿਆ ਕ੍ਰਾਂਤੀ ’ ਸਕੂਲ ਵਿੱਚ ਆਧੁਨਿਕ ਸਿੱਖਿਆ ਨੂੰ ਉਤਸ਼ਾਹਿਤ ਕਰਦਿਆਂ ਡਿਜ਼ਿਟਲ ਸਹੂਲਤਾਂ ਦੀ ਸ਼ੁਰੂਆਤ ਕੀਤੀ ਗਈ, ਜਿਸ ਨਾਲ ਵਿਦਿਆਰਥੀਆਂ ਨੂੰ ਨਵੀਂ ਤਕਨਾਲੋਜੀ ਰਾਹੀਂ ਪੜ੍ਹਨ ਦਾ ਸੁਨਹਿਰਾ ਮੌਕਾ ਮਿਲੇਗਾ। ਉਨ੍ਹਾਂ ਕਿਹਾ ਕਿ ਸਮਾਰਟ ਕਲਾਸਨਰੂਮਾਂ ਦੇ ਜ਼ਰੀਏ ਪੜ੍ਹਾਈ ਹੋਰ ਵੀ ਰੁਚੀ ਵਾਲੀ ਅਤੇ ਪ੍ਰਭਾਵਸ਼ਾਲੀ ਬਣੇਗੀ, ਜੋ ਵਿਦਿਆਰਥੀਆਂ ਦੇ ਭਵਿੱਖ ਨੂੰ ਨਵੀਂ ਦਿਸ਼ਾ ਦੇਵੇਗੀ।

## ਐਮ.ਆਰ.ਐਸ.ਪੀ.ਟੀ.ਯੂ. ਵਿਖੇ ਅੰਤਰਰਾਸ਼ਟਰੀ ਕਾਨਫਰੰਸ ਆਈ.ਸੀ.ਪੀ.ਐਮ.ਈ.ਐਸ.-2026 ਦਾ ਆਯੋਜਨ




**ਬਠਿੰਡਾ, 24 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ.ਆਰ.ਐਸ.ਪੀ.ਟੀ.ਯੂ.), ਬਠਿੰਡਾ ਵਿਖੇ ਖੇਤੀਬਾੜੀ ਵਿਗਿਆਨ ਅਤੇ ਇੰਜੀਨੀਅਰਿੰਗ ਸਕੂਲ ਅਤੇ ਮਕੈਨੀਕਲ ਇੰਜੀਨੀਅਰਿੰਗ ਵਿਭਾਗ ਦੇ ਸਾਂਝੇ ਯਤਨਾਂ ਰਾਹੀਂ ਸ਼ੁੱਧਤਾ ਮਕੈਨੀਕਲ ਅਤੇ ਖੇਤੀਬਾੜੀ ਸਮਾਧਾਨਾਂ (ਆਈ.ਸੀ.ਪੀ.ਐਮ.ਏ.ਐਸ.-2026) ’ਤੇ ਦੋ-ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ (ਆਈ.ਸੀ.ਪੀ.ਐਮ.ਏ.ਐਸ.-2026) ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ।

ਕਾਨਫਰੰਸ ਨੇ ਮਕੈਨੀਕਲ ਅਤੇ ਖੇਤੀਬਾੜੀ ਤਕਨਾਲੋਜੀਆਂ ਵਿੱਚ ਉੱਭਰ ਰਹੇ ਰੁਝਾਨਾਂ ਅਤੇ ਨਵੀਨਤਾਵਾਂ ’ਤੇ ਵਿਚਾਰ-ਵਟਾਂਦਰਾ ਕਰਨ ਲਈ ਸਿੱਖਿਆ ਸ਼ਾਸਤਰੀਆਂ, ਉਦਯੋਗ ਮਾਹਰਾਂ, ਖੋਜਕਰਤਾਵਾਂ ਅਤੇ ਵਿਦਿਆਰਥੀਆਂ ਨੂੰ ਪਲੇਟਫਾਰਮ ਪ੍ਰਦਾਨ ਕੀਤਾ।

ਉਦਘਾਟਨ ਵਾਲੇ ਦਿਨ ਉਦਘਾਟਨੀ ਸਮਾਰੋਹ ਵਿੱਚ ਮੁੱਖ ਮਹਿਮਾਨ, ਮਹਿਮਾਨ, ਮੁੱਖ ਬੁਲਾਰੇ ਅਤੇ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਸਮੇਤ ਉੱਘੇ ਪਤਵੰਤਿਆਂ ਨੇ ਸ਼ਿਰਕਤ ਕੀਤੀ। ਮੁੱਖ ਮਹਿਮਾਨ, ਪ੍ਰੋ. (ਡਾ.) ਪੁਸ਼ਪਿੰਦਰ ਸਿੰਘ ਔਲਖ, ਸਾਬਕਾ ਬਾਗਬਾਨੀ ਨਿਰਦੇਸ਼ਕ-ਕਮ-ਰਾਜ ਮਿਸ਼ਨ ਡਾਇਰੈਕਟਰ, ਪੰਜਾਬ ਸਰਕਾਰ ਨੇ ਭਾਗੀਦਾਰਾਂ ਨੂੰ ਸੰਬੋਧਨ ਕੀਤਾ। ਹੋਰ ਵਿਸ਼ੇਸ਼ ਮਹਿਮਾਨਾਂ ਵਿੱਚ ਪ੍ਰੋ. (ਡਾ.) ਜੀਵਨ ਸਿੰਘ ਸਿੱਧੂ, ਕੁਵੈਤ ਯੂਨੀਵਰਸਿਟੀ (ਅਮਰੀਕਾ) ਤੋਂ ਸੇਵਾਮੁਕਤ ਪ੍ਰੋਫੈਸਰ; ਸ਼੍ਰੀ. ਰਾਜੀਵ ਕੁਮਾਰ ਭੱਲਾ, ਜ਼ੋਨਲ ਹੈੱਡ, ਮਹਿੰਦਰਾ ਐਂਡ ਮਹਿੰਦਰਾ ਫਾਰਮ ਡਿਵੀਜ਼ਨ; ਸ਼੍ਰੀ ਸੁਖਪਾਲ ਸਿੰਘ ਭੁੱਲਰ, ਇੱਕ ਰਾਸ਼ਟਰੀ ਪੱਧਰ ’ਤੇ ਮਾਨਤਾ ਪ੍ਰਾਪਤ ਪ੍ਰਗਤੀਸ਼ੀਲ ਕਿਸਾਨ ਅਤੇ ਪੁਰਸਕਾਰ ਜੇਤੂ ਨਵੀਨਤਾਕਾਰੀ; ਇੰਜੀਨੀਅਰ ਰੁਪਿੰਦਰ ਸਿੰਘ ਸੇਖੋਂ, ਜਨਰਲ ਮੈਨੇਜਰ, ਵੇਰਕਾ ਮਿਲਕ ਪਲਾਂਟ; ਸ਼੍ਰੀ ਗੁਰਤੇਜ ਸਿੰਘ ਚਾਨੀ, ਮੈਨੇਜਿੰਗ ਡਾਇਰੈਕਟਰ, ਚਾਨੀ ਗਰੁੱਪ ਆਫ਼ ਇੰਡਸਟਰੀਜ਼, ਬਠਿੰਡਾ; ਅਤੇ ਪ੍ਰੋ. (ਡਾ.) ਸੁਖਦੀਪ ਸਿੰਘ ਧਾਮੀ, ਮਕੈਨੀਕਲ ਇੰਜੀਨੀਅਰਿੰਗ ਦੇ ਮੁਖੀ, ਐਨ.ਆਈ.ਟੀ.ਟੀ.ਆਰ. ਚੰਡੀਗੜ੍ਹ ਸ਼ਾਮਲ ਸਨ।

ਇਹ ਕਾਨਫਰੰਸ ਪ੍ਰੋ. (ਡਾ.) ਗੁਰਿੰਦਰ ਪਾਲ ਸਿੰਘ, ਰਜਿਸਟਰਾਰ, ਐਮ.ਆਰ.ਐਸ.ਪੀ.ਟੀ.ਯੂ., ਅਤੇ ਪ੍ਰੋ. (ਡਾ.) ਸਰਬਜੀਤ ਕੌਰ ਬਾਠ, ਕੈਂਪਸ ਡਾਇਰੈਕਟਰ, ਜੀ. ਜ਼ੈਡ. ਐਸ. ਸੀ. ਸੀ.ਈ.ਟੀ.-ਐਮ.ਆਰ.ਐਸ.ਪੀ.ਟੀ.ਯੂ., ਬਠਿੰਡਾ ਦੀ ਸਰਪ੍ਰਸਤੀ ਅਤੇ ਅਗਵਾਈ ਹੇਠ ਆਯੋਜਿਤ ਕੀਤੀ ਗਈ। ਪ੍ਰਬੰਧਕ ਟੀਮ ਦੀ ਅਗਵਾਈ ਚੇਅਰਮੈਨ ਪ੍ਰੋ. ਨਵੀਨ ਸਿੰਗਲਾ (ਮੁਖੀ, ਮਕੈਨੀਕਲ ਇੰਜੀਨੀਅਰਿੰਗ ਵਿਭਾਗ) ਅਤੇ ਪ੍ਰੋ. ਜਸਵੀਰ ਸਿੰਘ ਟਿਵਾਣਾ (ਮੁਖੀ, ਖੇਤੀਬਾੜੀ ਵਿਗਿਆਨ ਅਤੇ ਇੰਜੀਨੀਅਰਿੰਗ ਸਕੂਲ) ਨੇ ਕੀਤੀ। ਸੰਗਠਨ ਸਕੱਤਰਾਂ, ਪ੍ਰੋ. (ਡਾ.) ਰਾਜੇਸ਼ ਗੁਪਤਾ ਅਤੇ ਡਾ. ਕੰਵਲਜੀਤ ਸਿੰਘ, ਸਹਿ-ਸੰਗਠਨ ਸਕੱਤਰਾਂ ਡਾ. ਵਿਨੀਤ ਚਾਵਲਾ, ਡਾ. ਹਰਮ੍ਰਿਤਪਾਲ ਸਿੰਘ ਸਿੱਧੂ, ਡਾ. ਗਗਨਦੀਪ ਸਿੰਘ ਸੋਢੀ, ਡਾ. ਰੁਕਸਾਨਾ, ਸ਼੍ਰੀਮਤੀ ਰਮਨਦੀਪ ਕੌਰ ਗਿੱਲ, ਅਤੇ ਸ਼੍ਰੀਮਤੀ ਰਮਨਦੀਪ ਕੌਰ ਦੇ ਨਾਲ, ਨੇ ਸਮਾਗਮ ਦੇ ਸੁਚਾਰੂ ਅਤੇ ਸਫਲ ਆਯੋਜਨ ਨੂੰ ਯਕੀਨੀ ਬਣਾਇਆ।ਦੋ ਦਿਨਾਂ ਵਿੱਚ ਕੁੱਲ ਚਾਰ ਤਕਨੀਕੀ ਸੈਸ਼ਨ ਕਰਵਾਏ ਗਏ, ਜਿਨ੍ਹਾਂ ਵਿੱਚ ਹਰ ਰੋਜ਼ ਦੋ ਸੈਸ਼ਨ ਆਯੋਜਿਤ ਕੀਤੇ ਗਏ। ਸੈਸ਼ਨਾਂ ਦੀ ਪ੍ਰਧਾਨਗੀ ਪ੍ਰਸਿੱਧ ਸਿੱਖਿਆ ਸ਼ਾਸਤਰੀਆਂ ਦੁਆਰਾ ਕੀਤੀ ਗਈ: ਪ੍ਰੋ. (ਡਾ.) ਅਮਿਤ ਮਨੋਚਾ (ਡਾਇਰੈਕਟਰ, ਪੀ.ਆਈ.ਟੀ. ਮੋਗਾ) ਅਤੇ ਸ਼੍ਰੀ ਇਦਰੀਸ (ਸੈਂਟਰਲ ਯੂਨੀਵਰਸਿਟੀ ਆਫ ਪੰਜਾਬ) ਪਹਿਲੇ ਦਿਨ, ਉਸ ਤੋਂ ਬਾਅਦ ਡਾ. ਬਰਿੰਦਰਜੀਤ ਸਿੰਘ ਤੂਰ (ਫੂਡ ਸਾਇੰਸ ਐਂਡ ਟੈਕਨਾਲੋਜੀ ਵਿਭਾਗ) ਅਤੇ ਡਾ. ਨਵਜੋਤ ਕੰਵਲ (ਫਾਰਮੇਸੀ ਵਿਭਾਗ) ਦੂਜੇ ਦਿਨ।

ਵੱਖ-ਵੱਖ ਨਾਮਵਰ ਸੰਸਥਾਵਾਂ ਦੇ ਭਾਗੀਦਾਰਾਂ ਨੇ ਔਨਲਾਈਨ ਅਤੇ ਔਫਲਾਈਨ ਦੋਵਾਂ ਤਰੀਕਿਆਂ ਰਾਹੀਂ ਆਪਣੀ ਖੋਜ ਪੇਸ਼ ਕੀਤੀ। ਕਾਨਫਰੰਸ ਵਿੱਚ ਸ਼ੁੱਧਤਾ ਇੰਜੀਨੀਅਰਿੰਗ ਅਤੇ ਖੇਤੀਬਾੜੀ ਤਰੱਕੀ ਵਿੱਚ ਵਿਭਿੰਨ ਵਿਸ਼ਿਆਂ ਵਿੱਚ ਸਰਗਰਮ ਸ਼ਮੂਲੀਅਤ ਅਤੇ ਅਰਥਪੂਰਨ ਗਿਆਨ ਦਾ ਆਦਾਨ-ਪ੍ਰਦਾਨ ਦੇਖਿਆ ਗਿਆ।

## ਅਣ-ਅਧਿਕਾਰਤ ਤੌਰ ’ਤੇ ਆਉਣ ਵਾਲੀ ਕਣਕ ਨੂੰ ਰੋਕਣ ਸਬੰਧੀ ਜ਼ਿਲ੍ਹੇ ’ਚ 9 ਥਾਵਾਂ ਉੱਤੇ ਨਾਕੇ : ਡਿਪਟੀ ਕਮਿਸ਼ਨਰ

**ਬਠਿੰਡਾ, 24 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਹਾੜੀ ਸੀਜਨ 2026-27 ਦੌਰਾਨ ਬਾਹਰਲੇ ਰਾਜਾਂ ਤੋਂ ਅਣ ਅਧਿਕਾਰਤ ਤੌਰ ’ਤੇ ਅਉਣ ਵਾਲੀ ਕਣਕ ਨੂੰ ਰੋਕਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੱਖ-ਵੱਖ ਥਾਵਾਂ ਤੇ 9 ਨਾਕੇ ਬਣਾਏ ਗਏ ਹਨ।




ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ ਨੇ ਦੱਸਿਆ ਕਿ ਇਨ੍ਹਾਂ 9 ਨਾਕਿਆਂ ’ਤੇ ਜ਼ਿਲ੍ਹਾ ਕੰਟਰੋਲਰ ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਬਠਿੰਡਾ ਵੱਲੋਂ ਆਪਣੇ ਨਿਰੀਖਕ ਅਤੇ ਸਹਾਇਕ ਖੁਰਾਕ ਅਤੇ ਸਪਲਾਈ ਅਫਸਰ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ।

ਇਨ੍ਹਾਂ ਨਾਲ ਪੰਜਾਬ ਮੰਡੀ ਬੋਰਡ ਵੱਲੋਂ ਵੀ ਉਕਤ ਨਾਕਿਆਂ ’ਤੇ ਆਪਣੇ ਕਰਮਚਾਰੀ ਤੈਨਾਤ ਕੀਤੇ ਗਏ ਹਨ।

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੁਲਿਸ ਸਹਾਇਤਾ ਵੀ ਮੁਹਈਆ ਕਰਵਾਈ ਗਈ ਹੈ। ਜੇਕਰ ਕੋਈ ਵਿਆਕਤੀ ਜਾਂ ਫਰਮ ਬਾਹਰਲੇ ਰਾਜ ਤੋਂ ਕਣਕ ਮੰਗਵਾਉਦਾ ਹੈ ਤਾਂ ਉਸ ਵਿਆਕਤੀ ਜਾਂ ਫਰਮ ਵਿਰੁੱਧ ਬਣਦੀ ਸਖਤ ਕਾਰਵਾਈ ਕੀਤੀ ਜਾਵੇਗੀ।

ਸ਼੍ਰੀ ਗੌਰਵ ਗਰਗ, ਜ਼ਿਲ੍ਹਾ ਮੰਡੀ ਅਫਸਰ, ਬਠਿੰਡਾ ਨੇ ਦੱਸਿਆ ਕਿ ਜੋ ਨਾਕੇ ਲਗਾਏ ਗਏ ਹਨ, ਇਨ੍ਹਾਂ ਵਿੱਚ ਬਠਿੰਡਾ-ਡੱਬਵਾਲੀ ਰੋਡ ਤੇ ਡੂੰਮਵਾਲੀ ਵਿਖੇ, ਚੱਕ ਰੁਲਦੂ ਸਿੰਘ ਵਾਲਾ ਤੋਂ ਪੰਨੀਵਾਲਾ ਰੋਡ ਤੇ ਚੱਕ ਰੁਲਦੂ ਸਿੰਘ ਵਾਲਾ ਵਿਖੇ, ਸੇਖੂ ਤੋਂ ਦੇਸੂ ਜੋਧਾ ਰੋਡ ਤੇ ਦੇਸੂ ਜੋਧਾ ਵਿਖੇ, ਤਲਵੰਡੀ ਤੋਂ ਸਰਦੂਲਗੜ੍ਹ ਮੇਨ ਰੋਡ ਤੇ ਪਿੰਡ ਨਥੇਹਾ ਵਿਖੇ, ਤਿਉਣਾ ਪੁਜਾਰੀਆ ਤੋਂ ਸਿੰਘਪੁਰਾ ਰੋਡ ਤੇ ਤਿਉਣਾ ਪੁਜਾਰੀਆ ਵਿਖੇ, ਕਣਕਵਾਲ ਤੋਂ ਦੇਸੂ ਮਲਕਾਨਾ ਰੋਡ ਤੇ ਕਣਕਵਾਲ ਵਿਖੇ, ਗਿਆਨਾ ਤੋਂ ਤਖਤਮਲ ਰੋਡ ਤੇ ਗਿਆਨਾ ਵਿਖੇ, ਪਿੰਡ ਚੱਠੇ ਵਿਖੇ ਅਤੇ ਨਾਕਾ ਲਿੰਕ ਰੋਡ ਪਿੰਡ ਗਾਟਵਾਲੀ ਤੋਂ ਕਿਉਲ ਤੇ ਪਿੰਡ ਗਾਟਵਾਲੀ ਵਿਖੇ ਲਗਾਏ ਗਏ ਹਨ।

## ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਪੰਜਾਬ ਸਰਕਾਰ ਲਗਾਤਾਰ ਯਤਨਸ਼ੀਲ : ਵਿਧਾਇਕ ਸ਼ੈਰੀ ਕਲਸੀ

**ਬਟਾਲਾ, 24 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਵਲੋਂ ਜਿਥੇ ਬਟਾਲਾ ਸ਼ਹਿਰ ਅੰਦਰ ਵਿਕਾਸ ਕੰਮ ਕਰਵਾਏ ਜਾ ਰਹੇ ਉਸਦੇ ਨਾਲ ਹਲਕੇ ਦੇ ਪਿੰਡਾਂ ਵਿੱਚ ਵੀ ਵੱਖ ਵੱਖ ਵਿਕਾਸ ਕਾਰਜ ਜਾਰੀ ਹਨ। ਜਿਸ ਦੇ ਚੱਲਦਿਆਂ ਉਨ੍ਹਾਂ ਵਲੋਂ ਲਿੰਕ ਸੜਕ ਏ.ਪੀ.ਕੇ ਰੋਡ ਤੋਂ ਅਠਵਾਲ ਦੀ ਸਪੈਸ਼ਲ ਰਿਪੇਅਰ ਦਾ ਕੰਮ ਕਰਵਾਉਣ ਦਾ ਨੀਂਹ ਪੱਥਰ ਪਿੰਡ ਵਾਸੀਆਂ ਦੀ ਮੌਜੂਦਗੀ ਵਿੱਚ ਰੱਖਿਆ ਗਿਆ।



ਪਿੰਡ ਵਾਸੀਆਂ ਨਾਲ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਿੰਡਾਂ ਦੇ ਬੁਨਿਆਦੀ ਢਾਂਚੇ ਦੇ ਸੁਧਾਰ ਲਈ ਲਗਾਤਾਰ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ। ਪਿੰਡਾਂ ਦੇ ਵਿਕਾਸ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ।

ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਪਿੰਡ ਵਾਸੀਆਂ ਦੀ ਮੰਗ ਪੂਰੀ ਕਰਦਿਆਂ ਵਿਕਾਸ ਕੰਮ ਸ਼ੁਰੂ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀ ਆਵਾਜਾਈ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਪਿੰਡਾਂ ਦੀਆਂ ਸੜਕਾਂ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ ਤਾਂ ਜੋ ਰਾਹਗੀਰਾਂ ਨੂੰ ਕੋਈ ਦਿੱਕਤ ਨਾ ਆਵੇ।

ਉਨ੍ਹਾਂ ਕਿਹਾ ਕਿ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਪੰਜਾਬ ਸਰਕਾਰ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਸੰਬੋਧਨ ਕਰਦਿਆਂ ਕਿਹਾ ਕਿ ਪਿੰਡਾਂ ਵਿਖੇ ਮੁੱਢਲੀਆਂ ਸਹੂਲਤਾਂ ਦੀ ਪੂਰਤੀ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ ਹਨ।

ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਦੀ ਸੋਚ ਹੈ ਕਿ ਪਿੰਡਾਂ ਤੇ ਸ਼ਹਿਰਾਂ ਵਿਚ ਵੱਧ ਤੋਂ ਵੱਧ ਵਿਕਾਸ ਪ੍ਰੋਜੈਕਟ ਉਲੀਕੇ ਜਾਣ ਤਾਂ ਜੋ ਪਿੰਡਾਂ ਤੇ ਸ਼ਹਿਰ ਵਿਕਾਸ ਦੀਆਂ ਲੀਹਾਂ ਤੋਂ ਵਾਂਝੇ ਨਾ ਰਹਿਣ।

ਉਨ੍ਹਾਂ ਕਿਹਾ ਕਿ ਪਿੰਡਾਂ ਅੰਦਰ ਸੜਕਾਂ, ਗਲੀਆਂ, ਨਾਲੀਆਂ ਆਦਿ ਹਰ ਪੱਖੋਂ ਸਹੂਲਤਾਂ ਦੀ ਪੂਰਤੀ ਨਾਲ ਲੈੱਸ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਦਿਨ ਰਾਤ ਲੋਕ ਭਲਾਈ ਕਾਰਜਾਂ ਵਿਚ ਲੱਗੇ ਹੋਏ ਹਨ ਤਾਂ ਜੋ ਲੋਕਾਂ ਨੂੰ ਸਰਕਾਰ ਦੀਆਂ ਸਕੀਮਾਂ ਤੇ ਯੋਜਨਾਵਾਂ ਦਾ ਲਾਹਾ ਮੁਹੱਈਆ ਕਰਵਾਇਆ ਜਾ ਸਕੇ।

## ਵਿਦੇਸ਼ੀ ਗੈਂਗਸਟਰਾਂ ਦੇ ਸਥਾਨਕ ਹੈਂਡਲਰਾਂ ਵਜੋਂ ਕੰਮ ਕਰ ਰਹੇ ਸਨ ਗ੍ਰਿਫਤਾਰ ਕੀਤੇ ਦੋਸ਼ੀ: ਗੌਰਵ ਯਾਦਵ

**ਹੁਸ਼ਿਆਰਪੁਰ, 24 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ’ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਦੇ ਮੱਦੇਨਜ਼ਰ ਚੱਲ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਦਰਜ ਕਰਦਿਆਂ ਹੁਸ਼ਿਆਰਪੁਰ ਪੁਲਿਸ ਨੇ ਇੱਕ ਵੱਡੇ ਅੰਤਰ-ਰਾਜੀ/ਵਿਦੇਸ਼ੀ ਸਬੰਧਾਂ ਵਾਲੇ ਨਸ਼ਾ ਤਸਕਰੀ ਅਤੇ ਗੈਰ-ਕਾਨੂੰਨੀ ਹਥਿਆਰ ਤਸਕਰੀ ਮਾਡਿਊਲ ਦੇ ਚਾਰ ਕਾਰਕੁਨਾਂ ਨੂੰ 9.925 ਕਿਲੋਗ੍ਰਾਮ ਹੈਰੋਇਨ, ਦੋ .30 ਬੋਰ ਦੇ



ਵਿਦੇਸ਼ੀ ਪਿਸਤੌਲਾਂ ਸਮੇਤ ਅੱਠ ਮੈਗਜ਼ੀਨ ਅਤੇ 40 ਜ਼ਿੰਦਾ ਕਾਰਤੂਸ ਨਾਲ ਗ੍ਰਿਫਤਾਰ ਕਰਕੇ ਇਸ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ।

ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦਿੱਤੀ।

# ਆਲਮੀ ਤਪਸ਼ ਤੇ ਧਰਤੀ ਦੀ ਹੋਂਦ



**ਵਾਯੂਮੰਡਲ ਵਿਚ ਵਾਸ਼ਪੀਕਰਨ ਦੁਆਰਾ ਜਜ਼ਬ ਹੋਇਆ ਪਾਣੀ, ਪਥਰਾਟ ਬਾਲਣ ਤੇ ਜੰਗਲਾਂ ਦੇ ਕੱਟਣ ਦੇ ਸਿੱਟੇ ਵਜੋਂ ਪੈਦਾ ਹੋਈ**

| ਕਾਰਬਨ ਡਾਇਆਕਸਾਈਡ | ਮੀਥੇਨ ਗੈਸ | ਨਾਈਟਰਸ ਆਕਸਾਈਡ ਗੈਸ | ਟਰੋਪੋਸਫੇਰਿਕ ਓਜ਼ੋਨ |
|---|---|---|---|
| 53 ਫ਼ੀਸਦੀ | 15 ਫ਼ੀਸਦੀ | 11 ਫ਼ੀਸਦੀ | 11 ਫ਼ੀਸਦੀ |

**ਗਲੋਬਲ ਵਾਰਮਿੰਗ ਵਿਚ ਹਿੱਸਾ ਪਾ ਰਹੀਆਂ ਹਨ...**



### ਦਰੱਖ਼ਤ ਲਾਉਣ ਦੀ ਲੋੜ

ਆਪਣੇ ਰਾਜਨੀਤਕ ਨੁਮਾਇੰਦਿਆਂ 'ਤੇ ਜ਼ੋਰ ਪਾਈਏ ਕਿ ਉਹ ਗਲੋਬਲ ਵਾਰਮਿੰਗ ਘਟਾਉਣ ਲਈ ਨੀਤੀਆਂ ਬਣਾਉਣ ਤੇ ਡੀਜ਼ਲ, ਪੈਟਰੋਲ, ਕੋਲੇ ਦੀ ਥਾਂ ਹੋਰ ਬਦਲਵੀਂ ਊਰਜਾ ਨੂੰ ਪ੍ਰਮੋਟ ਕਰਨ ਲਈ ਨਿਵੇਸ਼ ਕਰਨ, ਲੋਕਾਂ ਨੂੰ ਜਾਗਰੂਕ ਕਰਨ ਲਈ ਬਜਟ ਰੱਖਣ, ਅਸੀਂ ਆਪਣੇ ਘਰਾਂ ਵਿਚ ਵੱਧ ਤੋਂ ਵੱਧ ਦਰੱਖ਼ਤ ਲਗਾਈਏ, ਜੇ ਨੇੜੇ ਜਾਣਾ ਹੋਵੇ ਤਾਂ ਕਾਰ, ਮੋਟਰਸਾਈਕਲ ਦੀ ਥਾਂ ਤੁਰ ਕੇ ਜਾਂ ਸਾਈਕਲ ਆਦਿ 'ਤੇ ਜਾਣ ਦੀ ਆਦਤ ਪਾਈਏ।

**ਆਲਮੀ ਤਪਸ਼ ਦਾ ਮਸਲਾ ਕਿਸੇ ਇਕ ਦੇਸ਼ ਦਾ ਨਹੀਂ ਹੈ, ਇਹ ਸਾਡੇ ਉਪਗ੍ਰਹਿ ਦੀ ਹੋਂਦ ਦਾ ਮਸਲਾ ਹੈ। ਜੇ ਅਸੀਂ ਇਹ ਮਸਲਾ ਪੈਦਾ ਕੀਤਾ ਹੈ ਤਾਂ ਇਸ ਨੂੰ ਠੀਕ ਵੀ ਅਸੀਂ ਆਪ ਹੀ ਕਰਨਾ ਹੈ। ਅਸੀਂ ਆਉਣ ਵਾਲੀਆਂ ਨਸਲਾਂ ਲਈ ਇਹ ਧਰਤੀ ਹੋਰ ਵਧੀਆ ਰਹਿਣ ਯੋਗ ਬਣਾ ਕੇ ਜਾਈਏ ਨਾ ਕਿ ਉਨ੍ਹਾਂ ਲਈ ਹੜ੍ਹ, ਤੂਫ਼ਾਨ, ਸੁਨਾਮੀਆਂ, ਸੋਕੇ, ਭੁੱਖਮਰੀ, ਅੱਗਾਂ ਆਦਿ ਛੱਡ ਕੇ ਜਾਈਏ...**



• ਪ੍ਰੋ. ਜਸਪ੍ਰੀਤ ਕੌਰ
9417831583

ਆਲਮੀ ਤਪਸ਼ ਜਾਂ ਗਲੋਬਲ ਵਾਰਮਿੰਗ ਧਰਤੀ ਦੇ ਵਾਯੂਮੰਡਲ ਅਤੇ ਮਹਾਂਸਾਗਰਾਂ ਦੇ ਔਸਤ ਤਾਪਮਾਨ ਵਿਚ ਆਏ ਅਰੂਜ ਨੂੰ ਆਖਿਆ ਜਾਂਦਾ ਹੈ। ਸੂਰਜ ਮੰਡਲ ਦੇ 9 ਗ੍ਰਹਿਆਂ ਵਿੱਚੋਂ ਸਾਡੀ ਧਰਤੀ ਹੀ ਆਪਣੇ ਵਾਯੂ-ਮੰਡਲ ਦੇ ਕਾਰਨ ਤੇ ਸਾਵੇਂ ਤਾਪਮਾਨ ਕਾਰਨ ਇਕ ਅਜਿਹਾ ਗ੍ਰਹਿ ਹੈ, ਜਿਸ ਉੱਪਰ ਜੀਵਨ ਵਿਗਸਦਾ ਹੈ। ਬਾਕੀ ਗ੍ਰਹਿ ਜਾਂ ਤਾਂ ਬਹੁਤ ਠੰਢੇ ਹਨ ਜਾਂ ਬਹੁਤ ਗਰਮ। ਧਰਤੀ ਦੇ ਵਾਯੂਮੰਡਲ ਦੇ ਗਰਮ ਹੋ ਰਹੇ ਸੁਭਾਅ ਨੂੰ ਵਿਗਿਆਨੀਆਂ ਨੇ ਸਾਵੇ ਘਰ ਦੀ ਪ੍ਰਭਾਵਿਕਤਾ (ਗਰੀਨ ਹਾਊਸ ਇਫੈਕਟ) ਦਾ ਨਾਂ ਦਿੱਤਾ ਹੈ।

ਧਰਤੀ ਦੀ ਸਤ੍ਹਾ ਇਕ ਵਿਸ਼ਾਲ ਸ਼ੀਸ਼ੇ ਦੇ ਗਰੀਨ ਹਾਊਸ ਦੀ ਤਰ੍ਹਾਂ ਕੰਮ ਕਰਦੀ ਹੈ। ਇਨਫਰਾ ਰੈੱਡ ਅਤੇ ਪਰਾਬੈਂਗਣੀ ਕਿਰਨਾਂ ਜਦੋਂ ਸੂਰਜ ਤੋਂ ਧਰਤੀ ਵੱਲ ਆਉਂਦੀਆਂ ਹਨ ਤਾਂ ਇਨ੍ਹਾਂ ਦੇ ਕਾਫ਼ੀ ਸਾਰੇ ਹਿੱਸੇ ਨੂੰ ਓਜ਼ੋਨ ਦੁਆਰਾ ਸੋਖ ਲਿਆ ਜਾਂਦਾ ਹੈ। ਕਿਰਨਾਂ ਦਾ ਬਾਕੀ ਬਚਿਆ ਹਿੱਸਾ (26ਫ਼ੀਸਦੀ) ਧਰਤੀ ਦੀ ਸਤਹਿ ਉੱਤੇ ਪਹੁੰਚ ਕੇ ਵਾਪਸ ਖਲਾਅ ਵਲ ਮੁੜਦਾ ਹੈ। ਵਾਯੂ-ਮੰਡਲ ਵਿਚ ਸਥਿਤ ਕੁੱਝ ਗੈਸਾਂ ਕਾਰਬਨਡਾਈਆਕਸਾਈਡ, ਮੀਥੇਨ ਅਤੇ ਪਾਣੀ ਦੇ ਵਾਸ਼ਪ ਆਦਿ ਇਨ੍ਹਾਂ ਨੂੰ ਬਾਹਰ ਜਾਣ ਤੋਂ ਰੋਕ ਕੇ ਸੋਖ ਲੈਂਦੀਆਂ ਹਨ ਤੇ ਧਰਤੀ ਦੇ ਦੁਆਲੇ ਸਤ੍ਹਾ ਦੇ ਤਾਪਮਾਨ ਨੂੰ ਨਿੱਘਾ ਤੇ ਜੀਵਨ-ਅਨੁਕੂਲ ਬਣਾਈ ਰੱਖਦੀਆਂ ਹਨ, ਪਰ ਜਦੋਂ ਧਰਤੀ ਉੱਤੇ ਇਨ੍ਹਾਂ ਗੈਸਾਂ ਦੀ ਮਾਤਰਾ ਵਧ ਜਾਂਦੀ ਹੈ ਤੇ ਹਵਾ ਨੂੰ ਪ੍ਰਦੂਸ਼ਿਤ ਕਰਨ ਵਾਲੇ ਕੁਝ ਹੋਰ ਰਸਾਇਣ ਮਿਲ ਕੇ ਧਰਤੀ ਦੇ ਵਾਤਾਵਰਨ ਵਿਚ ਇਕ ਕੰਬਲਨੁਮਾ ਗਿਲਾਫ ਬਣਾ ਲੈਂਦੇ ਹਨ। ਇਹ ਕੰਬਲਨੁਮਾ ਗਿਲਾਫ ਗਰਮ ਸੂਰਜੀ ਕਿਰਨਾਂ ਨੂੰ ਵਾਪਸ ਨਹੀਂ ਮੁੜਨ ਦਿੰਦਾ। ਸਿੱਟੇ ਵਜੋਂ ਧਰਤੀ ਦਾ ਤਾਪਮਾਨ ਵਧ ਜਾਂਦਾ ਹੈ। ਇਸ ਪ੍ਰਭਾਵ ਨੂੰ ਗਰੀਨ ਹਾਊਸ ਪ੍ਰਭਾਵ ਦਾ ਨਾਂ ਦਿੱਤਾ ਜਾਂਦਾ ਹੈ ਅਤੇ ਕਾਰਬਨ-ਡਾਈਆਕਸਾਈਡ, ਨਾਈਟਰਸ ਆਕਸਾਈਡ, ਮੀਥੇਨ ਗੈਸਾਂ ਅਤੇ ਭਾਫ਼ ਨੂੰ ਗਰੀਨਹਾਊਸ ਗੈਸਾਂ ਕਿਹਾ ਜਾਂਦਾ ਹੈ। ਗਰੀਨ ਹਾਊਸ ਗੈਸਾਂ ਦੁਆਰਾ ਸੂਰਜ ਦੀਆਂ ਕਿਰਨਾਂ ਨੂੰ ਸੋਖ ਲੈਣ ਦੀ ਵਜ੍ਹਾ ਨਾਲ ਧਰਤੀ ਦੇ ਤਾਪਮਾਨ ਵਿਚ ਜੋ ਵਾਧਾ ਹੁੰਦਾ ਹੈ, ਉਸਨੂੰ ਆਲਮੀ ਤਪਸ਼ (ਗਲੋਬਲ ਵਾਰਮਿੰਗ) ਜਾਂ ਗ੍ਰੀਨ ਹਾਊਸ ਇਫੈਕਟ ਕਹਿੰਦੇ ਹਨ।

ਭਾਵੇਂ ਇਹ ਗਰੀਨ ਹਾਊਸ ਗੈਸਾਂ ਧਰਤੀ 'ਤੇ ਲੋੜੀਂਦਾ ਤਾਪਮਾਨ ਤੇ ਜੀਵਨ ਬਣਾਈ ਰੱਖਣ ਲਈ ਬਹੁਤ ਲੋੜੀਂਦੀਆਂ ਵੀ ਹਨ ਤੇ ਇਨ੍ਹਾਂ ਦੀ ਅਣਹੋਂਦ ਵਿਚ ਧਰਤੀ ਬਰਫ਼ ਦੇ ਇਕ ਗੋਲ਼ੇ ,18 °C (0 °F) ਦਾ ਰੂਪ ਧਾਰ ਲਵੇਗੀ। ਪਰ ਇਹਨਾਂ ਗੈਸਾਂ ਵਿਚ ਬੇਤਹਾਸ਼ਾ ਵਾਧਾ ਧਰਤੀ ਦੇ ਤਾਪਮਾਨ ਨੂੰ ਇਸ ਹੱਦ ਤਕ ਵਧਾ ਦਿੰਦਾ ਹੈ ਕਿ ਉਹ ਜਲਵਾਯੂ ਵਿਚ ਗੰਭੀਰ ਤਬਦੀਲੀਆਂ ਅਤੇ ਸੰਕਟ ਦਾ ਕਾਰਨ ਬਣ ਜਾਂਦੀਆਂ ਹਨ। ਧਰਤੀ ਦਾ ਅਨੁਕੂਲ ਤਾਪਮਾਨ 15°C (59°F) ਹੋਣਾ ਚਾਹੀਦਾ ਹੈ। ਜੇ ਇਹ ਗਰਮੀ ਜ਼ਿਆਦਾ ਵਧ ਜਾਵੇ ਤਾਂ ਜ਼ਿੰਦਗੀ ਭਸਮ ਵੀ ਹੋ ਸਕਦੀ ਹੈ।

ਇਸ ਬਾਰੇ ਵਿਗਿਆਨੀ 1827 ਤੋਂ ਹੀ ਸੰਕੇਤ ਦਿੰਦੇ ਆ ਰਹੇ ਹਨ। ਲਗਪਗ ਸਾਰੇ ਵਿਗਿਆਨੀ ਇਸ ਗੱਲ ਨਾਲ ਸਹਿਮਤ ਹਨ ਕਿ ਵਾਯੂਮੰਡਲ ਵਿਚ ਵਾਸ਼ਪੀਕਰਨ ਦੁਆਰਾ ਜਜ਼ਬ ਹੋਇਆ ਪਾਣੀ 36-70ਫ਼ੀਸਦੀ, ਪਥਰਾਟ ਬਾਲਣ ਤੇ ਜੰਗਲਾਂ ਦੇ ਕੱਟਣ ਦੇ ਸਿੱਟੇ ਵਜੋਂ ਪੈਦਾ ਹੋਈ ਕਾਰਬਨ ਡਾਇਆਕਸਾਈਡ 53 ਫ਼ੀਸਦੀ, ਮੀਥੇਨ ਗੈਸ 15 ਫ਼ੀਸਦੀ, ਨਾਈਟਰਸ ਆਕਸਾਈਡ ਗੈਸ 11 ਫ਼ੀਸਦੀ ਤੇ ਟਰੋਪੋਸਫੇਰਿਕ ਓਜ਼ੋਨ 11 ਫ਼ੀਸਦੀ ਗਲੋਬਲ ਵਾਰਮਿੰਗ ਵਿਚ ਹਿੱਸਾ ਪਾ ਰਹੀਆਂ ਹਨ। ਇਨ੍ਹਾਂ ਤੋਂ ਇਲਾਵਾ ਰੈਫਰੀਜਰੇਟਰਾਂ ਅਤੇ ਏਅਰ ਕੰਡੀਸ਼ਨਰਾਂ ਵਿਚ ਵਰਤੇ ਜਾਂਦੇ ਹਾਈਡਰੋਫਲੋਰੋ ਕਾਰਬਨ, ਪਰਫਲੋਰੋ ਕਾਰਬਨ (CFCs, HCFCs, HFCs, PFCs, SF6 qy NF3) ਤੇ ਇਨ੍ਹਾਂ ਦੁਆਰਾ ਓਜ਼ੋਨ ਦਾ ਵਿਘਟਨ ਵੀ 11ਫ਼ੀਸਦੀ ਗਲੋਬਲ ਵਾਰਮਿੰਗ ਵਿਚ ਵਾਧਾ ਕਰ ਰਹੇ ਹਨ। ਸਾਲ 2001 ਦੀ ਰਿਪੋਰਟ ਅਨੁਸਾਰ ਓਜ਼ੋਨ ਪਰਤ ਵਿਚ ਛੇਕ ਦਾ ਆਕਾਰ 27 ਲੱਖ ਵਰਗ ਕਿਲੋਮੀਟਰ ਦਾ ਹੋ ਗਿਆ ਹੈ।

### ਤਬਾਹੀ ਦਾ ਖ਼ਤਰਾ

ਕੌਮਾਂਤਰੀ ਪੱਧਰ ਦੀ ਵਾਤਵਰਨ ਸਬੰਧੀ ਕੰਮ ਕਰਨ ਵਾਲੀ ਇੰਟਰ-ਗਵਰਨਮੈਂਟਲ ਪੈਨਲ ਫ਼ਾਰ ਕਲਾਈਮੇਟ ਚੇਂਜ (ਆਈਪੀਸੀਸੀ) ਵਿਚ 120 ਤੋਂ ਵੱਧ ਦੇਸ਼ਾਂ ਦੇ ਨੁਮਾਇੰਦਿਆਂ ਤੋਂ ਇਲਾਵਾ ਹਜ਼ਾਰਾਂ ਵਿਗਿਆਨੀ ਕੰਮ ਕਰਦੇ ਹਨ। ਇਹ ਸੰਸਥਾ 1988 ਵਿਚ ਗਲੋਬਲ ਵਾਰਮਿੰਗ ਨਾਲ ਵਾਤਾਵਰਨ ਵਿਚ ਹੋ ਰਹੀਆਂ ਤਬਦੀਲੀਆਂ ਦੇ ਮੱਦੇਨਜ਼ਰ World Meteorological Organization (WMO) and United Nations Environment Programme (UNEP) ਵਲੋਂ ਹੋਂਦ ਵਿਚ ਲਿਆਂਦੀ ਗਈ ਸੀ। ਯਾਦ ਰਹੇ ਯੂਨਾਈਟਿਡ ਨੇਸ਼ਨ ਦੀਆਂ ਇਨ੍ਹਾਂ ਦੋਨਾਂ ਸੰਸਥਾਵਾਂ ਦੇ 195 ਦੇਸ਼ ਮੈਂਬਰ ਹਨ। ਆਈਪੀਸੀਸੀ ਸਮੇਤ ਇਹ ਸਾਰੀਆਂ ਸੰਸਥਾਵਾਂ ਪਿਛਲ਼ੇ 50 ਸਾਲ ਤੋਂ ਯੂਨਾਈਟਡ ਨੇਸ਼ਨ ਦੀ ਅਗਵਾਈ ਵਿਚ ਗਲੋਬਲ ਵਾਰਮਿੰਗ ਦੇ ਖ਼ਤਰਿਆਂ ਸਬੰਧੀ ਖੋਜ ਕੰਮਾਂ ਅਤੇ ਸੁਝਾਵਾਂ 'ਤੇ ਕੰਮ ਕਰ ਰਹੀਆਂ ਹਨ। ਇਨ੍ਹਾਂ ਦਾ ਮੰਨਣਾ ਹੈ ਕਿ ਜੇ ਗਲੋਬਲ ਵਾਰਮਿੰਗ ਨੂੰ ਹੁਣ ਗੰਭੀਰਤਾ ਨਾਲ ਨਾ ਰੋਕਿਆ ਗਿਆ ਤਾਂ ਅਗਲੇ ਕੁਝ ਦਹਾਕਿਆਂ ਵਿਚ ਅਸੀਂ ਤਬਾਹੀ ਤੋਂ ਨਹੀਂ ਬਚ ਸਕਾਂਗੇ।

### ਕਾਰਬਨ ਨਿਕਾਸੀ ਦੀ ਦਰ 'ਚ ਵਾਧਾ

ਦਸੰਬਰ 2009 ਵਿਚ ਕੋਪਨਹੈਗਨ ਨਾਮਕ ਸ਼ਹਿਰ ਵਿਚ ਦੁਨੀਆ ਭਰ ਦੇ ਲੀਡਰ 12 ਦਿਨ ਚੱਲੇ ਸਿਖਰ ਸੰਮੇਲਨ ਵਿਚ ਜਲਵਾਯੂ ਤਬਦੀਲੀਆਂ ਸਬੰਧੀ ਕੋਈ ਸਮਝੌਤਾ ਤਿਆਰ ਕਰਨ ਲਈ ਸ਼ਾਮਲ ਹੋਏ ਪਰ ਇਸ ਸੰਮੇਲਨ ਦੌਰਾਨ ਵੱਖ-ਵੱਖ ਧਿਰਾਂ ਦਰਮਿਆਨ ਕੋਈ ਸਾਂਝੀ ਸਹਿਮਤੀ ਨਹੀਂ ਬਣ ਸਕੀ। ਆਲਮੀ ਤਪਸ਼ ਨੂੰ ਕਾਬੂ ਕਰਨ ਸਬੰਧੀ ਕਿਓਟੋ ਸੰਧੀ ਅਤੇ ਬਾਲੀ ਸਮਝੌਤੇ ਵੀ ਕੀਤੇ ਗਏ। ਅਮਰੀਕਾ ਨੂੰ ਛੱਡ ਕੇ 182 ਦੇਸ਼ਾਂ ਨੇ ਕਿਓਟੋ ਸੰਧੀ 'ਤੇ ਹਸਤਾਖਰ ਕੀਤੇ ਸਨ ਅਤੇ 2010 ਤਕ ਕਾਰਬਨ ਘਣਤਾ 5 ਫ਼ੀਸਦੀ ਤਕ ਘਟਾਉਣ ਉੱਤੇ ਸਹਿਮਤੀ ਪ੍ਰਗਟ ਕੀਤੀ ਗਈ ਸੀ।

ਪਰ ਅੱਜ ਕਾਰਬਨ ਨਿਕਾਸੀ ਦੀ ਦਰ 5 ਫ਼ੀਸਦੀ ਘਟਣ ਦੀ ਬਜਾਏ 11.2 ਫ਼ੀਸਦੀ ਤਕ ਵੱਧ ਗਈ ਹੈ। ਆਈਪੀਸੀਸੀ ਦੁਆਰਾ 2007 ਵਿਚ ਪੇਸ਼ ਕੀਤੀ ਚੌਥੀ ਅਸੈਸਮੈਂਟ ਰਿਪੋਰਟ ਮੁਤਾਬਿਕ ਵਿਕਸਤ ਦੇਸ਼ਾਂ ਲਈ 2020 ਤਕ ਕਾਰਬਨ ਨਿਕਾਸੀ ਦੇ ਵਾਧੇ ਵਿਚ 25-40 ਫ਼ੀਸਦੀ ਤਕ ਕਟੌਤੀ ਕਰਨੀ ਲਾਜ਼ਮੀ ਹੈ ਅਤੇ 2050 ਤਕ ਇਹ ਕਟੌਤੀ 80-95ਫ਼ੀਸਦੀ ਤਕ ਹੋਣੀ ਚਾਹੀਦੀ ਹੈ। ਪਰ ਅਜੇ ਤਕ ਇਸ ਤਰ੍ਹਾਂ ਦੀ ਕਟੌਤੀ ਦੇ ਕੋਈ ਆਸਾਰ ਬਣਦੇ ਨਜ਼ਰ ਨਹੀਂ ਆ ਰਹੇ ਹਨ।

### ਕੁਦਰਤ ਦਾ ਘਾਣ

ਬੇਸ਼ੱਕ ਪਿਛਲੀਆਂ ਸਦੀਆਂ ਵਿਚ ਹੋਈ ਉਦਯੋਗਿਕ, ਖੇਤੀ ਤੇ ਇਲੈਕਟਰੌਨਿਕ ਕ੍ਰਾਂਤੀ ਨੇ ਮਨੁੱਖੀ ਜੀਵਨ ਨੂੰ ਸੌਖਾ ਕੀਤਾ ਹੈ ਅਤੇ ਵੱਡੇ ਪੱਧਰ 'ਤੇ ਮਨੁੱਖ ਨੇ ਤਰੱਕੀ ਕੀਤੀ ਹੈ ਪਰ ਫੈਕਟਰੀਆਂ ਵਿੱਚੋਂ ਨਿਕਲਣ ਵਾਲੇ ਧੂੰਏਂ ਦਾ ਬਹੁਤਾ ਹਿੱਸਾ ਕਾਰਬਨ-ਮੋਨੋਆਕਸਾਈਡ ਅਤੇ ਕਾਰਬਨ-ਡਾਈਆਕਸਾਈਡ ਅਤੇ ਮੀਥੇਨ ਵਰਗੀਆਂ ਗਰੀਨ ਹਾਊਸ ਗੈਸਾਂ ਹੁੰਦੀਆਂ ਹਨ। ਉਦਯੋਗਿਕ ਗਤੀਵਿਧੀਆਂ ਅਤੇ ਖਣਿਜ ਤੇਲਾਂ ਦੀ ਬੇਤਹਾਸ਼ਾ ਵਰਤੋਂ ਕਰ ਕੇ ਮਨੁੱਖਤਾ ਅਤੇ ਕੁਦਰਤ ਦਾ ਬੇਦਰਦੀ ਨਾਲ ਘਾਣ ਕੀਤਾ ਜਾ ਰਿਹਾ ਹੈ। ਹਵਾ ਦੇ ਪ੍ਰਦੂਸ਼ਣ ਦੇ ਨਾਲ਼-ਨਾਲ਼ ਪਾਣੀ ਅਤੇ ਸ਼ੋਰ ਪ੍ਰਦੂਸ਼ਣ ਅਤੇ ਜ਼ਹਿਰੀਲੇ ਰਸਾਇਣਾਂ ਨਾਲ ਤਿਆਰ ਕੀਤੀਆਂ ਜਾਂਦੀਆਂ ਖਾਣ-ਪੀਣ ਦੀਆਂ ਵਸਤਾਂ ਦੁਆਰਾ ਵਾਤਾਵਰਨ ਨੂੰ ਤਬਾਹ ਕੀਤਾ ਜਾ ਰਿਹਾ ਹੈ। ਫੈਕਟਰੀਆਂ ਵਿੱਚੋਂ ਨਿਕਲਣ ਵਾਲ਼ੇ ਰਸਾਇਣਾਂ ਦੁਆਰਾ ਲਗਾਤਾਰ ਪੀਣ-ਯੋਗ ਪਾਣੀ ਅਤੇ ਭਾਰਤ ਦੀਆਂ ਬਹੁਤ ਸਾਰੀਆਂ ਨਦੀਆਂ ਅਤੇ ਦਰਿਆ ਗੰਧਲੇ ਕੀਤੇ ਜਾਂਦੇ ਰਹੇ ਹਨ।

ਸਾਡੇ ਵਲੋਂ ਧਰਤੀ ਵਿੱਚੋਂ ਕੱਢਿਆ ਜਾਂਦਾ ਤੇਲ, ਪੈਟਰੌਲ, ਡੀਜ਼ਲ, ਕੋਲਾ, ਗੈਸਾਂ ਆਦਿ ਤੇ ਹੋਰ ਵਰਤੀ ਜਾ ਰਹੀ ਮਸ਼ੀਨਰੀ, ਗੱਡੀਆਂ, ਲੜਾਈਆਂ ਦੇ ਹਥਿਆਰ (ਮਿਜ਼ਾਈਲਾਂ, ਬੰਬ ਆਦਿ), ਜੰਗਲਾਂ ਦੀ ਕਟਾਈ ਆਦਿ ਹੀ ਗਲੋਬਲ ਵਾਰਮਿੰਗ ਦੇ ਕਾਰਨ ਹਨ। ਮਨੁੱਖੀ ਗਤੀਵਿਧੀਆਂ ਨਾਲ ਵਾਤਾਵਰਨ ਵਿਚ ਗ੍ਰੀਨਹਾਊਸ ਗੈਸਾਂ (ਜੀ.ਐੱਚ.ਜੀ.) ਦੀ ਘਣਤਾ ਵਧੀ ਹੈ ਜਿਸ ਨਾਲ ਗਲੋਬਲ ਵਾਰਮਿੰਗ ਵਧਦੀ ਹੈ। ਜੀ.ਐੱਚ.ਜੀ. ਨਿਕਾਸੀ ਸਰੋਤ ਹਨ : ਬਿਜਲੀ ਅਤੇ ਗਰਮੀ ਦਾ ਉਤਪਾਦਨ : 25ਫ਼ੀਸਦੀ, ਖੇਤੀਬਾੜੀ ਅਤੇ ਹੋਰ ਜ਼ਮੀਨ ਦੀ ਵਰਤੋਂ : 24ਫ਼ੀਸਦੀ , ਟ੍ਰਾਂਸਪੋਰਟ : 14 ਫ਼ੀਸਦੀ, ਉਦਯੋਗ : 21, ਹੋਰ ਊਰਜਾ : 10 ਫ਼ੀਸਦੀ, ਨਿਰਮਾਣ : 6ਫ਼ੀਸਦੀ।

### ਹੋਵੇ ਪਬਲਿਕ ਵਾਹਨਾਂ ਦੀ ਵਰਤੋਂ

ਇਹ ਮਸਲਾ ਕਿਸੇ ਇਕ ਦੇਸ਼ ਜਾਂ ਕੌਮ ਦਾ ਨਹੀਂ ਹੈ, ਇਹ ਸਾਡੇ ਉਪਗ੍ਰਹਿ ਦੀ ਹੋਂਦ ਦਾ ਮਸਲਾ ਹੈ। ਜੇ ਅਸੀਂ ਇਹ ਮਸਲਾ ਪੈਦਾ ਕੀਤਾ ਹੈ ਤਾਂ ਇਸ ਨੂੰ ਠੀਕ ਵੀ ਸਾਨੂੰ ਆਪ ਹੀ ਕਰਨਾ ਹੈ। ਅਸੀਂ ਆਉਣ ਵਾਲੀਆਂ ਨਸਲਾਂ ਲਈ ਇਹ ਧਰਤੀ ਹੋਰ ਵਧੀਆ ਰਹਿਣ ਯੋਗ ਬਣਾ ਕੇ ਜਾਈਏ ਨਾ ਕਿ ਉਨ੍ਹਾਂ ਲਈ ਹੜ੍ਹ, ਤੂਫ਼ਾਨ, ਸੁਨਾਮੀਆਂ, ਸੋਕੇ, ਭੁੱਖਮਰੀ, ਅੱਗਾਂ ਆਦਿ ਛੱਡ ਕੇ ਜਾਈਏ। ਇਸ ਲਈ ਅਸੀ ਨਿੱਜੀ ਵਾਹਨਾਂ ਦੀ ਜਗ੍ਹਾ ਪਬਲਿਕ ਟਰਾਂਸਪੋਰਟੇਸ਼ਨ ਵਰਤੀਏ, ਅਜਿਹੀਆਂ ਵਸਤਾਂ ਨਾ ਖ਼ਰੀਦੀਏ, ਜੋ ਗਲੋਬਲ ਵਾਰਮਿੰਗ ਵਿਚ ਯੋਗਦਾਨ ਪਾ ਰਹੀਆਂ ਹਨ, ਫੂਡ ਦੀ ਵੇਸਟੇਜ਼ ਨੂੰ ਘਟਾਈਏ, ਘਰਾਂ ਵਿਚ ਘੱਟ ਤੋਂ ਘੱਟ ਬਿਜਲੀ ਤੇ ਗੈਸ ਆਦਿ ਵਰਤੀਏ, ਮੀਟ ਦੀ ਥਾਂ ਵੈਜੀਟੇਸ਼ਨ ਵੱਲ ਨੂੰ ਆਈਏ ਕਿਉਂਕਿ ਮੀਟ ਇੰਡਸਟਰੀ ਵੀ ਗਲੋਬਲ ਵਾਰਮਿੰਗ ਵਿਚ ਵੱਡਾ ਰੋਲ ਅਦਾ ਕਰ ਰਹੀ ਹੈ।

### ਕੁਦਰਤ ਵੱਲ ਵਾਪਸੀ

ਇਹ ਸਭ ਤਬਦੀਲੀਆਂ ਕਰਨ ਲਈ, ਸਾਡੀ ਸੁੰਦਰ ਧਰਤੀ ਦਾ ਅਤੇ ਸਾਡਾ ਬਚਾਅ ਕਰਨ ਲਈ, ਆਪਣੇ ਜੀਉਣ ਦੇ ਤੌਰ-ਤਰੀਕੇ ਬਦਲਣ ਲਈ ਸਾਡੇ ਕੋਲ ਸਦੀਆਂ ਨਹੀਂ ਸਗੋਂ ਕੁਝ ਹੀ ਸਾਲ ਬਚੇ ਹਨ। ਦੁਨੀਆ ਨੂੰ ਖ਼ਤਮ ਹੋਣ ਤੋਂ ਬਚਾਉਣ ਲਈ ਆਮ ਲੋਕਾਈ ਨੂੰ ਜਨਤਕ ਲਾਮਬੰਦੀ ਰਾਹੀ ਇਸ ਸਮਾਜਵਾਦੀ ਢਾਂਚੇ ਨੂੰ ਜੜ੍ਹੋਂ ਉਖਾੜ ਸੁੱਟਣ ਲਈ, ਮੁਨਾਫੇ ਦੀ ਬਜਾਏ ਮਨੁੱਖਤਾ ਦਾ ਭਲਾ ਕਰਨ ਲਈ ਸਿਰ-ਤੋੜ ਯਤਨ ਆਰੰਭ ਕਰ ਦੇਣੇ ਚਾਹੀਦੇ ਹਨ। ਦੁਨੀਆ ਨੂੰ ਹੁਣ ਇਨਕਲਾਬ ਦੀ ਲੋੜ ਹੈ। 'ਕੁਦਰਤ ਵੱਲ ਵਾਪਸੀ' ਸਾਡਾ ਨਾਅਰਾ ਹੋਣਾ ਚਾਹੀਦਾ ਹੈ। ਜੇ ਅਸੀ ਅੱਜ ਵੀ ਨਾ ਸੰਭਲੇ ਤੇ ਇਸ ਦਿਸ਼ਾ ਵਿਚ ਅਮਲੀ ਤੌਰ 'ਤੇ ਪੁਖਤਾ ਕਦਮ ਨਾ ਚੁੱਕੇ ਤਾਂ ਮਹਾਂਪਰਲੋ ਦੂਰ ਨਹੀਂ ਤੇ ਧਰਤੀ ਉੱਤੇ ਕਰੋੜਾਂ ਸਾਲਾਂ ਵਿਚ ਵਿਕਸਿਤ ਹੋਈ ਇਸ ਸੱਭਿਅਤਾ ਦੇ ਨਾਸ਼ ਦਾ ਜ਼ਿੰਮੇਵਾਰ ਤਰੱਕੀ ਤੇ ਵਿਕਾਸ ਵਿਚ ਅੰਨ੍ਹਾ ਹੋਇਆ ਮਨੁੱਖ ਆਪ ਹੋਵੇਗਾ। •

### ਖ਼ਤਰੇ ਕੰਢੇ ਹੈ ਤਾਪਮਾਨ

ਸਾਇੰਸਦਾਨਾਂ ਅਨੁਸਾਰ ਅਗਰ ਧਰਤੀ 'ਤੇ 1 ਡਿਗਰੀ ਤਾਪਮਾਨ ਹੋਰ ਵਧ ਗਿਆ ਤਾਂ ਇਥੇ ਜੀਵਨ ਸੁਰੱਖਿਅਤ ਨਹੀਂ ਹੈ। ਧਰਤੀ ਤੇ ਕੁਦਰਤ ਵਲੋਂ ਨਿਰਧਾਰਤ ਤਾਪਮਾਨ ਦੇ ਤਵਾਜਨ ਨੂੰ ਅਸੀਂ ਆਪਣੀਆਂ ਗ਼ਲਤੀਆਂ ਨਾਲ ਵਿਗਾੜ ਦਿੱਤਾ ਹੈ। ਇਸ ਵਧਦੇ ਤਾਪਮਾਨ ਨਾਲ ਗਲੇਸ਼ੀਅਰ ਪਿਘਲਣ ਨਾਲ ਜਿੱਥੇ ਇਕ ਪਾਸੇ ਹੜ੍ਹ, ਤੂਫ਼ਾਨ, ਸੁਨਾਮੀਆਂ ਆਉਣਗੀਆਂ, ਉੱਥੇ ਦੂਜੇ ਪਾਸੇ ਵੱਧ ਤਾਪਮਾਨ ਨਾਲ ਸੋਕੇ, ਅੱਗਾਂ, ਪਾਣੀ ਦੀ ਥੋੜ੍ਹ, ਖੇਤੀਬਾੜੀ ਆਦਿ ਤਬਾਹ ਹੋ ਜਾਵੇਗੀ। ਧਰਤੀ ਤੇ ਬਨਸਪਤੀ, ਜੀਵ-ਜੰਤੂ, ਮਨੁੱਖ ਤੇ ਸਾਡੇ ਕੁਦਰਤੀ ਸੋਮੇ ਪ੍ਰਭਾਵਤ ਹੋਣਗੇ ਕਿਉਂਕਿ ਇਥੇ ਸਭ ਕੁਝ ਇਕ ਦੂਸਰੇ 'ਤੇ ਨਿਰਭਰ ਹੈ। ਵਾਯੂ-ਮੰਡਲ ਵਿਚ ਗਰੀਨਹਾਊਸ ਪ੍ਰਭਾਵ ਵਧਣ ਕਾਰਨ ਸਾਡੀ ਹਰੀ ਭਰੀ ਧਰਤੀ ਜ਼ਹਿਰੀਲੇ ਧੂੰਏਂ ਵਿਚ ਲਿਪਟੇ ਗਰਮ ਗ੍ਰਹਿ ਵਿਚ ਤਬਦੀਲ ਹੁੰਦੀ ਜਾ ਰਹੀ ਹੈ ਤੇ ਇਸਦਾ ਖਮਿਆਜ਼ਾ ਸਮੁੱਚੇ ਜੀਵ ਜਗਤ ਨੂੰ ਭੁਗਤਣਾ ਪੈ ਰਿਹਾ ਹੈ।

### ਵਾਹਨਾਂ ਤੇ ਰੁੱਖਾਂ 'ਚ ਅਸਾਵਾਂਪਨ

ਇਕ ਪਾਸੇ ਅਸੀਂ ਉਹ ਮਸ਼ੀਨਰੀ ਜਾਂ ਚੀਜ਼ਾਂ ਵਰਤਣ ਲੱਗੇ, ਜੋ ਕਾਰਬਨ ਡਾਇਆਕਸਾਈਡ, ਮੀਥੇਨ, ਨਾਈਟਰਸ ਆਕਸਾਈਡ ਵੱਧ ਛੱਡਦੀਆਂ ਹਨ, ਜਿਸ ਨਾਲ ਵਾਤਾਵਰਨ ਗੰਧਲਾ ਹੋ ਕੇ ਧਰਤੀ 'ਤੇ ਤਾਪਮਾਨ ਵਧਾਉਣ ਦਾ ਕਾਰਨ ਬਣਦਾ ਹੈ, ਉੱਥੇ ਦੂਜੇ ਪਾਸੇ ਦਰੱਖ਼ਤ ਜੋ ਕਾਰਬਨ ਡਾਇਆਕਸਾਈਡ ਲੈ ਕੇ ਵਾਤਾਵਰਨ ਨੂੰ ਸਾਫ਼ ਕਰਦੇ ਹਨ, ਨੂੰ ਵੱਡੇ ਪੱਧਰ 'ਤੇ ਕੱਟਣਾ ਸ਼ੁਰੂ ਕਰ ਦਿੱਤਾ। ਇਕ ਤਾਜ਼ਾ ਸਰਵੇ ਅਨੁਸਾਰ ਵਾਯੂਮੰਡਲ ਵਿਚ 360,000 ਮਿਲੀਅਨ ਟਨ ਕਾਰਬਨ ਡਾਈਆਕਸਾਈਡ ਜਮ੍ਹਾਂ ਹੋਣ ਨਾਲ 20ਵੀਂ ਸਦੀ ਵਿਚ ਧਰਤੀ ਦਾ ਔਸਤਨ ਤਾਪਮਾਨ 0.74 ਡਿਗਰੀ ਅਤੇ ਭਾਰਤ ਵਿਚ 0.4 ਡਿਗਰੀ ਸੈਂਟੀਗਰੇਡ ਵਧਿਆ ਹੈ।

### ਕਾਨੂੰਨ ਬਣਾਉਣ ਦੀ ਲੋੜ

ਅਸੀਂ ਇਸ ਗੱਲ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ ਕਿ ਸਾਡੀ ਧਰਤੀ ਖ਼ਤਰੇ ਵਿਚ ਹੈ। ਵਾਤਾਵਰਨ ਸਬੰਧੀ ਸਮੱਸਿਆਵਾਂ ਨਾਲ ਨਜਿੱਠਣ ਲਈ ਸਰਕਾਰ ਨੂੰ ਵੱਖੋ-ਵੱਖਰੇ ਕਾਨੂੰਨ ਬਣਾਉਣ ਦੀ ਲੋੜ ਹੈ। ਸਰਕਾਰ ਨੂੰ ਕੋਲੇ ਜਾਂ ਤੇਲ ਨਾਲ ਹੁੰਦੇ ਧੂੰਏਂ ਸਬੰਧੀ ਕੁਝ ਪਾਬੰਦੀਆਂ ਲਾਉਣੀਆਂ ਚਾਹੀਦੀਆਂ ਹਨ। ਕਾਨੂੰਨ ਤੋੜਨ ਵਾਲਿਆਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਹੋਰ ਨਿਊਕਲੀ ਊਰਜਾ ਪੈਦਾ ਕਰ ਕੇ ਅਜਿਹੀ ਤਕਨਾਲੋਜੀ ਵਰਤਣੀ ਚਾਹੀਦੀ ਹੈ ਜਿਸ ਦਾ ਵਾਤਾਵਰਨ ਉੱਤੇ ਮਾੜਾ ਅਸਰ ਨਹੀਂ ਪੈਂਦਾ। ਜਿੱਥੇ ਸਰਕਾਰਾਂ ਨੂੰ ਗਲੋਬਲ ਵਾਰਮਿੰਗ ਨੂੰ ਘੱਟ ਕਰਨ ਲਈ ਆਪਣੇ ਤੌਰ 'ਤੇ ਜਾਂ ਅੰਤਰਰਾਸ਼ਟਰੀ ਸਮਝੌਤੇ ਤਹਿਤ ਗੰਭੀਰਤਾ ਨਾਲ ਯਤਨ ਕਰਨ ਦੀ ਲੋੜ ਹੈ, ਉੱਥੇ ਇਸ ਧਰਤੀ ਦੇ ਬਸ਼ਿੰਦੇ ਹੋਣ ਦੇ ਨਾਤੇ ਸਾਨੂੰ ਵੀ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ।











# ਭਵਿੱਖ ਲਈ ਭਿਆਨਕ ਖ਼ਤਰਾ ਈ-ਕੂੜਾ



• ਡਾ: ਰਿਪੁਦਮਨ ਸਿੰਘ
9815200134

ਦਸ ਪੰਦਰਾਂ ਸਾਲ ਤੋਂ ਜਿਸ ਵੀ ਸ਼ਬਦ ਦੇ ਨਾਲ 'ਈ' ਜੁੜ ਗਿਆ ਉਹ ਤਰੱਕੀ ਦਾ ਪ੍ਰਤੀਕ ਬਣ ਜਾਂਦਾ ਹੈ। ਪਰ 'ਈ-ਕੂੜਾ' ਜਾਂ 'ਈ-ਵੇਸਟ' ਇਕ ਅਜਿਹਾ ਸ਼ਬਦ ਹੈ ਜੋ ਤਰੱਕੀ ਦੇ ਇਸ ਪ੍ਰਤੀਕ ਦੇ ਦੂਜੇ ਪਹਿਲੂ ਵੱਲ ਵੀ ਇਸ਼ਾਰਾ ਕਰਦਾ ਹੈ ਜਿਸ ਬਾਰੇ ਬਹੁਤੇ ਜਾਣਦੇ ਹੀ ਨਹੀਂ ਜਾਂ ਇੰਜ ਕਹੋ ਅਣਜਾਣ ਹਨ। ਉਹ ਪਹਿਲੂ ਹੈ ਵਾਤਾਵਰਨ ਦੀ ਬਰਬਾਦੀ। ਮੋਬਾਈਲ ਫੋਨ, ਡੈਸਕਟਾਪ, ਲੈਪਟਾਪ, ਟੈਬਲੇਟ, ਕੰਪਿਊਟਰ ਆਦਿ ਸਾਡੇ ਜੀਵਨ ਦਾ ਅਨਿੱਖੜਵਾਂ ਅੰਗ ਬਣ ਗਏ ਹਨ। ਤਕਨੀਕ ਦੀ ਇਸ ਆਪਾ ਧਾਪੀ ਵਿਚ ਅਸੀਂ ਕਦੇ ਇਸ ਬਾਰੇ ਸੋਚਦੇ ਹੀ ਨਹੀਂ ਕਿ ਜਿਨ੍ਹਾਂ ਸਮੱਗਰੀਆਂ ਨੂੰ ਅਸੀਂ ਇੰਨੇ ਉਤਸ਼ਾਹ ਨਾਲ ਖ਼ਰੀਦ ਕੇ ਘਰ ਲਿਆ ਰਹੇ ਹਾਂ ਜਾਂ ਦਫ਼ਤਰਾਂ ਵਿਚ ਸਜਾ ਰਹੇ ਹੈ। ਉਨ੍ਹਾਂ ਦੀ ਉਪਯੋਗਤਾ ਜਦੋਂ ਖ਼ਤਮ ਹੋ ਜਾਵੇਗੀ ਤਦ ਉਨ੍ਹਾਂ ਦਾ ਕੀ ਕੀਤਾ ਜਾਵੇਗਾ।

'ਈ-ਕੂੜੇ' 'ਚ ਉਹ ਸਾਰੀ ਇਲੈਕਟ੍ਰਾਨਿਕ ਸਮੱਗਰੀ ਆਉਂਦੀ ਹੈ ਜਿਸ ਦੀ ਉਪਯੋਗਤਾ ਖ਼ਤਮ ਹੋ ਚੁੱਕੀ ਹੈ। 2017 ਦੀ ਇਕ ਖੋਜ ਅਨੁਸਾਰ ਅਗਲੇ ਦੋ ਸਾਲ ਅੰਦਰ ਸੰਸਾਰ ਭਰ ਵਿਚ ਪੈਦਾ ਹੋਣ ਵਾਲੇ ਈ-ਕੂੜੇ ਦੀ ਵਾਰਸ਼ਿਕ ਮਾਤਰਾ ਸਾਢੇ ਛੇ ਕਰੋੜ ਟਨ ਤੋਂ ਉਪਰ ਪਹੁੰਚ ਜਾਵੇਗੀ। ਈ-ਕੂੜੇ ਦਾ ਸਭ ਤੋਂ ਜ਼ਿਆਦਾ ਉਤਸਰਜਨ ਵਿਕਸਿਤ ਦੇਸ਼ਾਂ ਦੁਆਰਾ ਕੀਤਾ ਜਾਂਦਾ ਹੈ ਜਿਸ ਵਿਚ ਅਮਰੀਕਾ ਅੱਵਲ ਹੈ। ਵਿਕਸਿਤ ਦੇਸ਼ਾਂ ਵਿਚ ਪੈਦਾ ਹੋਣ ਵਾਲਾ ਜ਼ਿਆਦਾਤਰ ਈ-ਕੂੜਾ ਰੀਸਾਇਕਲਿੰਗ ਲਈ ਏਸ਼ੀਆ ਤੇ ਪੱਛਮ ਵਾਲਾ ਅਫਰੀਕਾ ਦੇ ਗ਼ਰੀਬ ਅਤੇ ਘੱਟ ਵਿਕਸਿਤ ਦੇਸ਼ਾਂ ਵਿਚ ਭੇਜ ਦਿੱਤਾ ਜਾਂਦਾ ਹੈ ਜਿੱਥੇ ਇਹ ਇਸ ਦੇਸ਼ਾਂ ਦੇ ਨਾਗਰਿਕਾਂ ਲਈ ਭਾਰੀ ਮੁਸੀਬਤ ਪੇਸ਼ ਕਰਦਾ ਹੈ।

### ਨਿਬੇੜਾ ਨਦਾਰਦ

ਭਾਰਤ ਦੇ ਨਿਯੰਤਰਕ ਅਤੇ ਮਹਾਲੇਖਾ ਪਰੀਖਿਅਕ (ਸੀਏਜੀ) ਦੁਆਰਾ ਦਿੱਤੇ ਗਏ ਅੰਕੜਿਆਂ ਦੇ ਅਨੁਸਾਰ ਸਾਡੇ ਦੇਸ਼ ਵਿਚ ਹਰ ਸਾਲ ਲਗਪਗ 8 ਲੱਖ ਟਨ ਈ-ਕੂੜਾ ਪੈਦਾ ਹੁੰਦਾ ਹੈ। ਰਾਜ ਸਭਾ ਸਕੱਤਰੇਤ ਦੁਆਰਾ ਈ-ਵੇਸਟ ਇਸ ਇੰਡੀਆ ਨਾਮ ਤੋਂ ਪ੍ਰਕਾਸ਼ਿਤ ਇਕ ਦਸਤਾਵੇਜ਼ ਦੇ ਅਨੁਸਾਰ ਭਾਰਤ ਵਿਚ ਪੈਦਾ ਹੋਣ ਵਾਲੇ ਕੁਲ ਈ-ਕੂੜੇ ਦਾ ਲਗਪਗ 79 ਫ਼ੀਸਦੀ ਕੇਵਲ ਦਸ ਰਾਜਾਂ ਤੋਂ ਆਉਂਦਾ ਹੈ। ਕੁਲ ਪੈਂਹਠ ਸ਼ਹਿਰ ਦੇਸ਼ ਦਾ 60 ਫ਼ੀਸਦੀ ਈ-ਕੂੜਾ ਪੈਦਾ ਕਰਦੇ ਹਨ। ਭਾਰਤ ਵਿਚ ਈ-ਕੂੜੇ ਦੇ ਉਤਪਾਦਨ ਦੇ ਮਾਮਲੇ ਵਿਚ ਮਹਾਰਾਸ਼ਟਰ ਅਤੇ ਤਮਿਲਨਾਡੂ ਵਰਗੇ ਖ਼ੁਸ਼ਹਾਲ ਰਾਜ ਅਤੇ ਮੁੰਬਈ ਅਤੇ ਦਿੱਲੀ ਵਰਗੇ ਮਹਾਂਨਗਰ ਅੱਵਲ ਹਨ।

ਏਸੋਚੈਮ ਦੀ ਇਕ ਰਿਪੋਰਟ ਅਨੁਸਾਰ ਦੇਸ਼ ਦੇ ਲਗਪਗ 90 ਫ਼ੀਸਦੀ ਈ-ਕੂੜੇ ਦੀ ਸੰਭਾਲ ਅਸੰਗਠਿਤ ਖੇਤਰ ਦੇ ਗ਼ੈਰ-ਸਿਖਲਾਈ ਪ੍ਰਾਪਤ ਲੋਕਾਂ ਦੁਆਰਾ ਕੀਤੀ ਜਾਂਦੀ ਹੈ। ਇਸ ਖੇਤਰ ਵਿਚ ਕੰਮ ਕਰਨ ਵਾਲੇ ਲੋਕ ਇਸ ਕਾਰਜ ਲਈ ਜ਼ਰੂਰੀ ਸੁਰੱਖਿਆ ਮਾਨਕਾਂ ਤੋਂ ਅਣਜਾਣ ਹਨ। ਇਸ ਵਕਤ ਦੇਸ਼ ਵਿਚ ਲਗਪਗ 16 ਕੰਪਨੀਆਂ ਈ-ਕੂੜੇ ਦੀ ਰੀਸਾਇਕਲਿੰਗ ਦੇ ਕੰਮ ਵਿਚ ਲੱਗੀਆਂ ਹਨ। ਇਨ੍ਹਾਂ ਦੀ ਕੁਲ ਸਮਰੱਥਾ ਸਾਲ ਵਿਚ ਲਗਪਗ 66 ਹਜ਼ਾਰ ਟਨ ਈ-ਕੂੜੇ ਨੂੰ ਸਮੇਟਿਆ ਹੈ ਜੋ ਦੇਸ਼ ਵਿਚ ਪੈਦਾ ਹੋਣ ਵਾਲੇ ਕੁਲ ਈ-ਕੂੜੇ ਦੇ ਦਸ ਫ਼ੀਸਦੀ ਤੋਂ ਵੀ ਘੱਟ ਹੈ।

ਪਿਛਲੇ ਕੁਝ ਸਾਲਾਂ ਵਿਚ ਈ-ਕੂੜੇ ਦੀ ਮਾਤਰਾ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਹਰ ਸਾਲ ਲਗਪਗ ਦੋ ਤੋਂ ਪੰਜ ਕਰੋੜ ਟਨ ਈ-ਕੂੜਾ ਸੰਸਾਰ ਭਰ ਵਿਚ ਸੁੱਟਿਆ ਜਾ ਰਿਹਾ ਹੈ। ਗਰੀਨ ਪੀਸ ਸੰਸਥਾ ਅਨੁਸਾਰ ਈ-ਕੂੜਾ ਸੰਸਾਰ ਭਰ ਵਿਚ ਪੈਦਾ ਹੋਣ ਵਾਲੇ ਕੁਲ ਠੋਸ ਕੂੜੇ ਦਾ ਲਗਪਗ ਪੰਜ ਫ਼ੀਸਦੀ ਹੈ। ਨਾਲ ਹੀ ਵੱਖਰੀ ਤਰ੍ਹਾਂ ਦੇ ਠੋਸ ਕੂੜੇ ਵਿਚ ਸਭ ਤੋਂ ਤੇਜ਼ ਵਾਧਾ ਦਰ ਈ-ਕੂੜੇ ਵਿਚ ਹੀ ਵੇਖੀ ਜਾ ਰਹੀ ਹੈ। ਅਜਿਹਾ ਇਸ ਲਈ ਕਿਉਂਕਿ ਲੋਕ ਹੁਣ ਆਪਣੇ ਟੈਲੀਵਿਜ਼ਨ, ਕੰਪਿਊਟਰ, ਮੋਬਾਈਲ, ਪ੍ਰਿੰਟਰ ਆਦਿ ਨੂੰ ਜ਼ਿਆਦਾ ਤੇਜ਼ੀ ਨਾਲ ਬਦਲਣ ਲੱਗੇ ਹਨ। ਕਦੇ-ਕਦੇ ਤਾਂ ਇਕ ਹੀ ਸਾਲ ਵਿਚ ਦੋ ਦੋ ਵਾਰ।

ਭਵਿੱਖ ਵਿਚ ਈ-ਕੂੜੇ ਦੀ ਸਮੱਸਿਆ ਕਿੰਨੀ ਵਿਕਰਾਲ ਹੋਣ ਵਾਲੀ ਹੈ ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਪਿਛਲੇ ਕੁਝ ਸਾਲਾਂ ਵਿਚ ਵਿਕਸਿਤ ਦੇਸ਼ਾਂ ਵਿਚ ਕੰਪਿਊਟਰ ਅਤੇ ਮੋਬਾਈਲ ਸਮੱਗਰੀਆਂ ਦੀ ਔਸਤ ਉਮਰ ਘਟ ਕੇ ਸਿਰਫ਼ ਦੋ ਸਾਲ ਰਹਿ ਗਈ ਹੈ। ਵਧਦੀ ਖਰੀਦ ਸ਼ਕਤੀ ਦੇ ਸਿੱਟੇ ਵਜੋਂ ਇਲੈਕਟ੍ਰਾਨਿਕ ਸਮੱਗਰੀ ਜਿਵੇਂ ਮੋਬਾਈਲ, ਟੀਵੀ, ਕੰਪਿਊਟਰ ਆਦਿ ਦੀ ਗਿਣਤੀ ਅਤੇ ਇਨ੍ਹਾਂ ਨੂੰ ਬਦਲਣ ਦੀ ਦਰ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ।

ਘਰੇਲੂ ਈ-ਕੂੜੇ ਵਿਚ ਜਿਵੇਂ ਬੇਕਾਰ ਟੀਵੀ ਅਤੇ ਰੈਫਰੀਜਰੇਟਰ ਵਿਚ ਲਗਪਗ ਇਕ ਹਜ਼ਾਰ ਜ਼ਹਿਰੀਲੇ ਪਦਾਰਥ ਹੁੰਦੇ ਹਨ ਜੋ ਮਿੱਟੀ ਅਤੇ ਧਰਤੀ ਪਾਣੀ ਨੂੰ ਪ੍ਰਦੂਸ਼ਿਤ ਕਰਦੇ ਹਨ। ਇਨ੍ਹਾਂ ਪਦਾਰਥਾਂ ਦੇ ਸੰਪਰਕ ਵਿਚ ਆਉਣ 'ਤੇ ਸਿਰਦਰਦ, ਉਲਟੀ, ਜੀ ਕੱਚਾ ਹੋਣਾ ਅਤੇ ਅੱਖਾਂ ਵਿਚ ਦਰਦ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਈ-ਕੂੜੇ ਦੀ ਰੀਸਾਈਕਲਿੰਗ ਅਤੇ ਨਿਪਟਾਉਣ ਦਾ ਕੰਮ ਅਤਿਅੰਤ ਮਹੱਤਵਪੂਰਨ ਹੈ। ਇਸ ਬਾਰੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਭਾਰਤ ਸਰਕਾਰ ਨੇ ਈ-ਕੂੜੇ ਦੇ ਪ੍ਰਬੰਧਨ ਲਈ ਨਿਯਮ ਬਣਾਏ ਹਨ ਜੋ 1 ਮਈ 2012 ਤੋਂ ਪ੍ਰਭਾਵ ਵਿਚ ਆ ਗਏ ਸਨ। ਈ-ਕੂੜਾ (ਪ੍ਰਬੰਧਨ ਅਤੇ ਸੰਚਾਲਨ ਨਿਯਮ) 2011 ਵਿਚ ਇਸ ਦੀ ਰੀਸਾਈਕਲਿੰਗ ਅਤੇ ਨਿਪਟਾਉਣ ਨੂੰ ਲੈ ਕੇ ਨਿਰਦੇਸ਼ ਜਾਰੀ ਕੀਤੇ ਗਏ ਹਨ। ਹਾਲਾਂਕਿ ਇਨ੍ਹਾਂ ਦਿਸ਼ਾ ਨਿਰਦੇਸ਼ਾਂ ਦਾ ਪਾਲਣ ਕਿਸ ਸੀਮਾ ਤਕ ਕੀਤਾ ਜਾ ਰਿਹਾ ਹੈ ਇਹ ਕਹਿ ਸਕਣਾ ਔਖਾ ਹੈ।



**ਘਰੇਲੂ ਈ-ਕੂੜੇ 'ਚ ਬੇਕਾਰ ਟੀਵੀ ਤੇ ਰੈਫਰੀਜਰੇਟਰ' ਚ ਲਗਪਗ ਇਕ ਹਜ਼ਾਰ ਜ਼ਹਿਰੀਲੇ ਪਦਾਰਥ ਹੁੰਦੇ ਹਨ ਜੋ ਮਿੱਟੀ ਤੇ ਪਾਣੀ ਨੂੰ ਪ੍ਰਦੂਸ਼ਿਤ ਕਰਦੇ ਹਨ। ਇਨ੍ਹਾਂ ਪਦਾਰਥਾਂ ਦੇ ਸੰਪਰਕ 'ਚ ਆਉਣ 'ਤੇ ਸਿਰਦਰਦ, ਉਲਟੀ ਤੇ ਅੱਖਾਂ 'ਚ ਦਰਦ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ...**

### ਜ਼ਿੰਮੇਦਾਰੀ ਤੈਅ ਕਰੀਏ

ਏਸ਼ੀਆ ਦਾ ਲਗਪਗ 85 ਫ਼ੀਸਦੀ ਈ-ਕੂੜਾ ਇਕੱਲੇ ਦਿੱਲੀ ਵਿਚ ਹੀ ਆਉਂਦਾ ਹੈ। ਪਰ ਇਸ ਦੇ ਨਿਪਟਾਰੇ ਲਈ ਜ਼ਰੂਰੀ ਸਹੂਲਤਾਂ ਦੀ ਅਣਹੋਂਦ ਹੈ। ਜ਼ਰੂਰੀ ਜਾਣਕਾਰੀ ਅਤੇ ਸਹੂਲਤਾਂ ਦੇ ਅਣਹੋਂਦ ਵਿਚ ਈ-ਕੂੜੇ ਦੇ ਨਿਪਟਾਰੇ ਵਿਚ ਲੱਗੇ ਲੋਕ ਨਾ ਕੇਵਲ ਆਪਣੀ ਸਿਹਤ ਨੂੰ ਨੁਕਸਾਨ ਪਹੁੰਚ ਰਹੇ ਹਨ ਸਗੋਂ ਵਾਤਾਵਰਨ ਨੂੰ ਵੀ ਦੂਸ਼ਿਤ ਕਰ ਰਹੇ ਹਨ। ਈ-ਕੂੜੇ ਵਿਚ ਕਈ ਜ਼ਹਿਰੀਲੇ ਅਤੇ ਖ਼ਤਰਨਾਕ ਰਸਾਇਣ ਅਤੇ ਹੋਰ ਪਦਾਰਥ ਹੁੰਦੇ ਹਨ ਜਿਵੇਂ ਸ਼ੀਸ਼ਾ, ਕਾਂਸਾ, ਪਾਰਾ, ਕੈਡਮਿਅਮ ਆਦਿ ਜੋ ਉਚਿੱਤ ਸ਼ਮਨ ਪ੍ਰਣਾਲੀ ਦੀ ਅਣਹੋਂਦ ਵਿਚ ਵਾਤਾਵਰਨ ਲਈ ਕਾਫ਼ੀ ਖ਼ਤਰਾ ਪੈਦਾ ਕਰਦੇ ਹਨ। ਏਸੋਚੈਮ ਦੀ ਰਿਪੋਰਟ ਅਨੁਸਾਰ ਭਾਰਤ ਆਪਣੇ ਈ-ਕੂੜੇ ਦੇ ਕੇਵਲ 5 ਫ਼ੀਸਦੀ ਦੀ ਹੀ ਰੀਸਾਈਕਲਿੰਗ ਹੁੰਦਾ ਹੈ।

ਈ-ਕੂੜੇ ਦਾ ਪ੍ਰਬੰਧਨ ਉਤਪਾਦਕ, ਖਪਤਕਾਰ ਤੇ ਸਰਕਾਰ ਦੀ ਸਾਂਝੀ ਜ਼ਿੰਮੇਦਾਰੀ ਹੋਣੀ ਚਾਹੀਦੀ ਹੈ। ਉਤਪਾਦਕ ਦੀ ਜ਼ਿੰਮੇਦਾਰੀ ਹੈ ਕਿ ਉਹ ਘੱਟ ਤੋਂ ਘੱਟ ਨੁਕਸਾਨਦਾਇਕ ਪਦਾਰਥਾਂ ਦੀ ਵਰਤੋਂ ਕਰੇ ਅਤੇ ਈ-ਕੂੜੇ ਦੇ ਨਿਪਟਾਉਣ ਦਾ ਉਚਿਤ ਪ੍ਰਬੰਧਨ ਕਰੇ। ਖਪਤਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਈ-ਕੂੜੇ ਨੂੰ ਏਧਰ ਉੱਧਰ ਨਾ ਸੁੱਟ ਕੇ ਉਸ ਨੂੰ ਰੀਸਾਈਕਲਿੰਗ ਲਈ ਉਚਿੱਤ ਸੰਸਥਾ ਨੂੰ ਦੇਵੇ ਅਤੇ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਈ-ਕੂੜੇ ਦੇ ਪ੍ਰਬੰਧਨ ਦੇ ਠੋਸ ਨਿਯਮ ਬਣਾਏ। •



# NSA ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਅੰਮ੍ਰਿਤਪਾਲ ਸਿੰਘ ਰਸਮੀ ਤੌਰ ’ਤੇ ਗ੍ਰਿਫ਼ਤਾਰ

## ਅਦਾਲਤ ਨੇ ਦੋ ਦਿਨਾਂ ਦੇ ਪੁਲੀਸ ਰਿਮਾਂਡ ’ਤੇ ਭੇਜਿਆ, ਡਿਬਰੂਗੜ੍ਹ ਜੇਲ੍ਹ ’ਚ ਹੀ ਰਹੇਗਾ ਨਜ਼ਰਬੰਦ

ਅੰਮ੍ਰਿਤਸਰ, 24 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਅੰਮ੍ਰਿਤਸਰ ਦਿਹਾਤੀ ਪੁਲੀਸ ਨੇ ਵੀਰਵਾਰ ਨੂੰ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅਤੇ ‘ਵਾਰਿਸ ਪੰਜਾਬ ਦੇ’ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਨੂੰ ਅਜਨਾਲਾ ਹਿੰਸਾ ਮਾਮਲੇ ਵਿੱਚ ਰਸਮੀ ਤੌਰ ’ਤੇ ਗ੍ਰਿਫ਼ਤਾਰ ਕਰ ਲਿਆ ਹੈ। ਇਹ ਕਾਰਵਾਈ ਅੰਮ੍ਰਿਤਪਾਲ ਵਿਰੁੱਧ ਲੱਗੇ ਕੌਮੀਂ ਸੁਰੱਖਿਆ ਐਕਟ (NSA) ਦੀ ਮਿਆਦ ਖ਼ਤਮ ਹੋਣ ਤੋਂ ਤੁਰੰਤ ਬਾਅਦ ਅਮਲ ਵਿੱਚ ਲਿਆਂਦੀ ਗਈ। ਗ੍ਰਿਫ਼ਤਾਰੀ ਤੋਂ ਬਾਅਦ ਉਸ ਨੂੰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਤੋਂ ਵੀਡੀਓ ਕਾਨਫਰੰਸਿੰਗ ਰਾਹੀਂ ਅਜਨਾਲਾ ਦੀ ਸਬ-ਡਿਵੀਜ਼ਨਲ ਅਦਾਲਤ ਵਿੱਚ ਪੇਸ਼ ਕੀਤਾ ਗਿਆ।



ਪੁਲੀਸ ਨੇ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ, ਹਥਿਆਰਾਂ ਤੇ ਵਾਹਨਾਂ ਦੀ ਬਰਾਮਦਗੀ ਅਤੇ ‘ਅਨੰਦਪੁਰ ਖ਼ਾਲਸਾ ਫੋਰਸ’ ਦੀ ਕਥਿਤ ਸਥਾਪਨਾ ਪਿੱਛੇ ਸਾਜ਼ਿਸ਼ ਦਾ ਪਤਾ ਲਗਾਉਣ ਲਈ 15 ਦਿਨਾਂ ਦੇ ਰਿਮਾਂਡ ਦੀ ਮੰਗ ਕੀਤੀ ਸੀ। ਹਾਲਾਂਕਿ, ਬਚਾਅ ਪੱਖ ਦੇ ਵਕੀਲਾਂ ਹਰਪਾਲ ਸਿੰਘ ਖਾਰਾ ਅਤੇ ਰਿਤੂਰਾਜ ਸਿੰਘ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਅਦਾਲਤ ਨੇ ਸਿਰਫ਼ ਦੋ ਦਿਨਾਂ ਦਾ ਪੁਲੀਸ ਰਿਮਾਂਡ ਮਨਜ਼ੂਰ ਕੀਤਾ। ਰਿਮਾਂਡ ਦੌਰਾਨ ਅੰਮ੍ਰਿਤਪਾਲ ਸਿੰਘ ਡਿਬਰੂਗੜ੍ਹ ਜੇਲ੍ਹ ਵਿੱਚ ਹੀ ਰਹੇਗਾ ਅਤੇ ਪੁਲੀਸ ਉੱਥੇ ਹੀ ਉਸ ਤੋਂ ਪੁੱਛਗਿੱਛ ਕਰੇਗੀ।

ਬਚਾਅ ਪੱਖ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਇਹ ਕੇਸ ਪਹਿਲਾਂ ਹੀ ਟਰਾਇਲ ਅਧੀਨ ਹੈ ਅਤੇ ਗਵਾਹੀਆਂ ਦੇ ਪੜਾਅ ’ਤੇ ਪਹੁੰਚ ਚੁੱਕਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਤਿੰਨ ਸਾਲਾਂ ਦੀ ਜਾਂਚ ਦੌਰਾਨ ਪੁਲੀਸ ਨੇ ਕਦੇ ਵੀ ਉਨ੍ਹਾਂ ਵਾਹਨਾਂ ਦਾ ਜ਼ਿਕਰ ਨਹੀਂ ਕੀਤਾ ਜਿਨ੍ਹਾਂ ਦੀ ਹੁਣ ਮੰਗ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਅੰਮ੍ਰਿਤਪਾਲ ਸਿੰਘ 23 ਅਪਰੈਲ 2023 ਤੋਂ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹੈ।

ਇਸ ਮਾਮਲੇ ਵਿੱਚ ਉਸ ਦੇ ਕਈ ਸਾਥੀ ਪਹਿਲਾਂ ਹੀ ਪੰਜਾਬ ਦੀਆਂ ਜੇਲ੍ਹਾਂ ਵਿੱਚ ਤਬਦੀਲ ਕੀਤੇ ਜਾ ਚੁੱਕੇ ਹਨ ਅਤੇ ਟਰਾਇਲ ਦਾ ਸਾਹਮਣਾ ਕਰ ਰਹੇ ਹਨ।ਪੰਜਾਬ ਸਰਕਾਰ ਨੇ ਸੁਰੱਖਿਆ ਅਤੇ ਅਮਨ-ਕਾਨੂੰਨ ਦੀ ਸਥਿਤੀ ਦਾ ਹਵਾਲਾ ਦਿੰਦੇ ਹੋਏ ਹਾਈ ਕੋਰਟ ਤੋਂ ਇਜਾਜ਼ਤ ਮੰਗੀ ਸੀ ਕਿ ਅੰਮ੍ਰਿਤਪਾਲ ਨੂੰ ਅੰਮ੍ਰਿਤਸਰ ਲਿਆਉਣ ਦੀ ਬਜਾਏ ਡਿਬਰੂਗੜ੍ਹ ਜੇਲ੍ਹ ਵਿੱਚ ਹੀ ਗ੍ਰਿਫ਼ਤਾਰ ਰੱਖਿਆ ਜਾਵੇ ਅਤੇ ਸਾਰੀ ਕਾਰਵਾਈ ਵੀਡੀਓ ਕਾਨਫਰੰਸਿੰਗ ਰਾਹੀਂ ਕੀਤੀ ਜਾਵੇ। ਹਾਈ ਕੋਰਟ ਨੇ ਹਾਲ ਹੀ ਵਿੱਚ ਸਰਕਾਰ ਦੀ ਇਸ ਬੇਨਤੀ ਨੂੰ ਪ੍ਰਵਾਨ ਕਰ ਲਿਆ ਸੀ, ਜਿਸ ਤੋਂ ਬਾਅਦ ਅੱਜ ਇਹ ਅਦਾਲਤੀ ਕਾਰਵਾਈ ਨੇਪਰੇ ਚੜ੍ਹੀ। ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ ਸ਼ਨੀਵਾਰ ਨੂੰ ਹੋਵੇਗੀ।

# ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਨੋਟਿਸ; ਦੇਸ਼ ਭਰ ਵਿੱਚ ਆਡਿਟ ਦੇ ਹੁਕਮ



ਚੰਡੀਗੜ੍ਹ, 24 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਦੇਸ਼ ਭਰ ਦੇ ਸਕੂਲਾਂ ਵਿੱਚ ਮਹਿੰਗੀਆਂ ਪੁਸਤਕਾਂ ਲਾਉਣ ਦਾ ਨੋਟਿਸ ਲਿਆ ਹੈ। ਕਮਿਸ਼ਨ ਨੇ ਪੁਸਤਕਾਂ ਦੀਆਂ ਸੂਚੀਆਂ ਦਾ 30 ਦਿਨਾਂ ਦੇ ਅੰਦਰ ਆਡਿਟ ਕਰਨ ਦਾ ਹੁਕਮ ਦਿੱਤਾ ਹੈ। ਕਮਿਸ਼ਨ ਨੇ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਤੋਂ ਇਸ ਸਬੰਧੀ ਰਿਪੋਰਟ ਮੰਗੀ ਹੈ। ਇਸ ਦੇ ਨਾਲ ਹੀ ਸਿੱਖਿਆ ਮੰਤਰਾਲੇ ਅਤੇ ਸੀ.ਬੀ.ਐੱਸ.ਈ. ਨੂੰ ਨੋਟਿਸ ਜਾਰੀ ਕਰਕੇ ਪੁੱਛਿਆ ਗਿਆ ਹੈ ਕਿ ਨਿੱਜੀ ਸਕੂਲਾਂ ਵੱਲੋਂ ਮਹਿੰਗੀਆਂ ਕਿਤਾਬਾਂ ਲਗਾਉਣ ਵਿਰੁੱਧ ਕੀ ਕਾਰਵਾਈ ਕੀਤੀ ਗਈ ਹੈ। ਕਮਿਸ਼ਨ ਨੇ ਇਸ ਦੌਰਾਨ ਕੇਂਦਰ ਨੂੰ 15 ਦਿਨਾਂ ਵਿੱਚ ਐਨ.ਸੀ.ਈ.ਆਰ.ਟੀ. ਦੇ ਨਿਯਮਾਂ ਬਾਰੇ ਸਥਿਤੀ ਸਪਸ਼ਟ ਕਰਨ ਲਈ ਕਿਹਾ ਗਿਆ ਹੈ।

ਇਸ ਸਬੰਧੀ ਪੰਜਾਬ, ਚੰਡੀਗੜ੍ਹ ਤੋਂ ਇਲਾਵਾ ਹੋਰ ਸੂਬਿਆਂ ਦੇ ਵੱਡੀ ਗਿਣਤੀ ਵਿਦਿਆਰਥੀਆਂ ਦੇ ਮਾਪਿਆਂ ਨੇ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਸੀ ਕਿ ਕਈ ਪ੍ਰਾਈਵੇਟ ਸਕੂਲ ਐਨ.ਸੀ.ਈ.ਆਰ.ਟੀ. ਦੀਆਂ ਸਸਤੀਆਂ ਕਿਤਾਬਾਂ ਦੀ ਥਾਂ ਨਿੱਜੀ ਪ੍ਰਕਾਸ਼ਕਾਂ ਦੀਆਂ ਮਹਿੰਗੀਆਂ ਕਿਤਾਬਾਂ ਲਗਾ ਰਹੇ ਹਨ। ਉਨ੍ਹਾਂ ਤਰਕ ਦਿੱਤਾ ਕਿ ਜਿੱਥੇ ਸਰਕਾਰੀ ਕਿਤਾਬਾਂ ਦੀ ਕੀਮਤ ਸੈਂਕੜਿਆਂ ਵਿੱਚ ਹੁੰਦੀ ਹੈ, ਉੱਥੇ ਪ੍ਰਾਈਵੇਟ ਕਿਤਾਬਾਂ ਦੇ ਸੈੱਟ ਹਜ਼ਾਰਾਂ ਰੁਪਏ ਵਿੱਚ ਵੇਚੇ ਜਾ ਰਹੇ ਹਨ। ਕਮਿਸ਼ਨ ਨੇ ਕਿਹਾ ਕਿ ਅਜਿਹੀ ਲੁੱਟ ਆਰਥਿਕ ਤੌਰ ’ਤੇ ਕਮਜ਼ੋਰ ਪਰਿਵਾਰਾਂ ’ਤੇ ਭਾਰੀ ਬੋਝ ਪਾਉਂਦੀ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਵਿੱਚ ਅਜਿਹਾ ਵਪਾਰੀਕਰਨ ਬੱਚਿਆਂ ਦੇ ਬਰਾਬਰ ਸਿੱਖਿਆ ਦੇ ਅਧਿਕਾਰ ਨੂੰ ਨੁਕਸਾਨ ਪਹੁੰਚਾ ਰਿਹਾ ਹੈ।

ਮਨੁੱਖੀ ਅਧਿਕਾਰ ਕਮਿਸ਼ਨ ਨੇ ਸੰਕੇਤ ਦਿੱਤਾ ਹੈ ਕਿ ਮਹਿੰਗੀਆਂ ਕਿਤਾਬਾਂ ਲਗਾਉਣਾ ‘ਸਿੱਖਿਆ ਦੇ ਅਧਿਕਾਰ’ ਐਕਟ ਦੀ ਧਾਰਾ 29 ਦੀ ਉਲੰਘਣਾ ਹੈ। ਇਹ ਰਾਸ਼ਟਰੀ ਸਿੱਖਿਆ ਨੀਤੀ 2020 ਦੇ ਉਦੇਸ਼ਾਂ ਦੇ ਵੀ ਵਿਰੁੱਧ ਹੈ। ਕਈ ਮਾਪਿਆਂ ਨੇ ਇਸ ਧੱਕੇਸ਼ਾਹੀ ਵਿਰੁੱਧ ਪੁਲੀਸ ਕੋਲ ਪਹੁੰਚ ਕਰਨ ਦੀ ਵੀ ਗੱਲ ਕਹੀ ਹੈ। ਕਮਿਸ਼ਨ ਨੇ ਸਾਫ਼ ਕੀਤਾ ਹੈ ਕਿ ਸਿੱਖਿਆ ਸਸਤੀ ਅਤੇ ਸਭ ਦੀ ਪਹੁੰਚ ਵਿੱਚ ਹੋਣੀ ਚਾਹੀਦੀ ਹੈ। ਹੁਣ ਸਰਕਾਰਾਂ ਨੂੰ ਇੱਕ ਮਹੀਨੇ ਦੇ ਅੰਦਰ ਇਹ ਦੱਸਣਾ ਪਵੇਗਾ ਕਿ ਉਹ ਇਸ ਲੁੱਟ ਨੂੰ ਰੋਕਣ ਲਈ ਕੀ ਕਦਮ ਚੁੱਕ ਰਹੀਆਂ ਹਨ।

# ਬੰਗਾਲ ਵਿੱਚ 91 ਫੀਸਦੀ ਅਤੇ ਤਾਮਿਲਨਾਡੂ ’ਚ 84 ਫੀਸਦੀ ਵੋਟਿੰਗ

ਕੋਲਕਾਤਾ, 24 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪੱਛਮੀ ਬੰਗਾਲ ਵਿੱਚ ਸਿਆਸੀ ਤਾਕਤ ਦੇ ਵੱਡੇ ਇਮਤਿਹਾਨ ਵਜੋਂ ਦੇਖੀਆਂ ਜਾ ਰਹੀਆਂ ਵਿਧਾਨ ਸਭਾ ਚੋਣਾਂ ਦੇ ਪਹਿਲੇ ਪੜਾਅ ਲਈ ਅੱਜ ਸਵੇਰੇ 7 ਵਜੇ ਵੋਟਾਂ ਪੈਣ ਦਾ ਕੰਮ ਅਮਨ-ਅਮਾਨ ਨਾਲ ਸ਼ੁਰੂ ਹੋਇਆ। ਚੋਣ ਕਮਿਸ਼ਨ ਵੱਲੋਂ ਸ਼ਾਮ 6 ਵਜੇ ਤੱਕ ਜਾਰੀ ਅੰਕੜਿਆਂ ਅਨੁਸਾਰ, ਪੱਛਮੀ ਬੰਗਾਲ 91 ਫੀਸਦੀ ਦੀ ਸ਼ਾਨਦਾਰ ਵੋਟਿੰਗ ਦਰ ਨਾਲ ਸਭ ਤੋਂ ਅੱਗੇ ਰਿਹਾ, ਜਦਕਿ ਤਾਮਿਲਨਾਡੂ ਵਿੱਚ 84 ਫੀਸਦੀ ਵੋਟਿੰਗ ਦਰਜ ਕੀਤੀ ਗਈ ਹੈ। ਦੋਵਾਂ ਸੂਬਿਆਂ ਵਿੱਚ ਵੋਟਰ ਵੱਡੀ ਗਿਣਤੀ ਵਿੱਚ ਆਪਣੇ ਘਰਾਂ ਤੋਂ ਬਾਹਰ ਨਿਕਲ ਕੇ ਲੋਕਤੰਤਰ ਦੇ ਇਸ ਤਿਉਹਾਰ ਵਿੱਚ ਹਿੱਸਾ ਲੈ ਰਹੇ ਹਨ।

ਉੱਤਰੀ ਬੰਗਾਲ ਦੇ ਦਾਰਜੀਲਿੰਗ ਤੇ ਜਲਪਾਈਗੁੜੀ ਤੋਂ ਲੈ ਕੇ ਦੱਖਣ ਦੇ ਮੁਰਸ਼ਿਦਾਬਾਦ, ਨਾਦੀਆ ਅਤੇ ਹੁਗਲੀ ਵਰਗੇ ਜ਼ਿਲ੍ਹਿਆਂ ਵਿੱਚ ਵੋਟਰਾਂ ਦੀਆਂ ਲੰਮੀਆਂ ਕਤਾਰਾਂ ਦੇਖਣ ਨੂੰ ਮਿਲੀਆਂ। ਇੱਥੇ ਸੱਤਾਧਾਰੀ ਤ੍ਰਿਣਮੂਲ ਕਾਂਗਰਸ ਅਤੇ ਭਾਜਪਾ ਵਿਚਾਲੇ ਸਿੱਧੀ ਟੱਕਰ ਦਿਖਾਈ ਦੇ ਰਹੀ ਹੈ।



ਚੋਣ ਕਮਿਸ਼ਨ ਅਨੁਸਾਰ ਇਸ ਪੜਾਅ ਵਿੱਚ ਕੁੱਲ 3.6 ਕਰੋੜ ਵੋਟਰ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕਰਨਗੇ, ਜਿਨ੍ਹਾਂ ਵਿੱਚ ਲਗਭਗ 1.75 ਕਰੋੜ ਮਹਿਲਾਵਾਂ ਅਤੇ 465 ਥਰਡ ਜੈਂਡਰ ਵੋਟਰ ਸ਼ਾਮਲ ਹਨ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਪਹਿਲਾ ਗੇੜ ਸੂਬੇ ਦੀ ਸਿਆਸਤ ਦੀ ਦਿਸ਼ਾ ਤੈਅ ਕਰੇਗਾ, ਜਿੱਥੇ ਮਮਤਾ ਬੈਨਰਜੀ ਲਗਾਤਾਰ ਚੌਥੀ ਵਾਰ ਸੱਤਾ ’ਤੇ ਕਾਬਜ਼ ਹੋਣ ਦੀ ਕੋਸ਼ਿਸ਼ ਵਿੱਚ ਹਨ, ਉੱਥੇ ਹੀ ਭਾਜਪਾ ਇਸ ਵਾਰ ਵੱਡਾ ਉਲਟਫੇਰ ਕਰਨ ਲਈ ਪੂਰੀ ਵਾਹ ਲਾ ਰਹੀ ਹੈ।

ਸੂਬੇ ਭਰ ਵਿੱਚ ਕੇਂਦਰੀ ਨੀਮ ਫੌਜੀ ਬਲਾਂ ਦੀਆਂ ਰਿਕਾਰਡ 2,450 ਕੰਪਨੀਆਂ ਤਾਇਨਾਤ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਲਗਭਗ ਢਾਈ ਲੱਖ ਜਵਾਨ ਸ਼ਾਮਲ ਹਨ। ਚੋਣ ਕਮਿਸ਼ਨ ਨੇ 8,000 ਤੋਂ ਵੱਧ ਪੋਲਿੰਗ ਸਟੇਸ਼ਨਾਂ ਨੂੰ ‘ਅਤਿ-ਸੰਵੇਦਨਸ਼ੀਲ’ ਐਲਾਨਿਆ ਹੈ। ਮਾਲਦਾ, ਮੁਰਸ਼ਿਦਾਬਾਦ, ਕੂਚ ਬਿਹਾਰ ਅਤੇ ਬੀਰਭੂਮ ਵਰਗੇ ਜ਼ਿਲ੍ਹਿਆਂ ’ਤੇ ਵਿਸ਼ੇਸ਼ ਨਿਗਰਾਨੀ ਰੱਖੀ ਜਾ ਰਹੀ ਹੈ। ਨਿਰਪੱਖ ਅਤੇ ਪਾਰਦਰਸ਼ੀ ਚੋਣਾਂ ਯਕੀਨੀ ਬਣਾਉਣ ਲਈ 2,193 ਤੋਂ ਵੱਧ ਤੁਰੰਤ ਕਾਰਵਾਈ ਟੀਮਾਂ ਅਤੇ ਫਲਾਇੰਗ ਸਕੁਐਡ ਮੈਦਾਨ ਵਿੱਚ ਉਤਾਰੇ ਗਏ ਹਨ। ਹੁਣ ਤੱਕ ਮਿਲੀ ਜਾਣਕਾਰੀ ਮੁਤਾਬਕ ਵੋਟਿੰਗ ਪ੍ਰਕਿਰਿਆ ਸ਼ਾਂਤੀਪੂਰਵਕ ਚੱਲ ਰਹੀ ਹੈ, ਪਰ ਸਿਆਸੀ ਸਰਗਰਮੀਆਂ ਕਾਰਨ ਪੂਰੇ ਬੰਗਾਲ ਵਿੱਚ ਮਾਹੌਲ ਪੂਰੀ ਤਰ੍ਹਾਂ ਭਖਿਆ ਹੋਇਆ ਹੈ।

# ਭਾਜਪਾ ਦੀ ਸਰਕਾਰ ਬਣਨ ’ਤੇ ਘੁਸਪੈਠੀਆਂ ਨੂੰ ਚੁਣ-ਚੁਣ ਕੇ ਬਾਹਰ ਕੱਢਾਂਗੇ: ਅਮਿਤ ਸ਼ਾਹ

ਬਾਲਾਗੜ੍ਹ (ਪੱਛਮੀ ਬੰਗਾਲ), 24 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀਰਵਾਰ ਨੂੰ ਪੱਛਮੀ ਬੰਗਾਲ ਦੇ ਹੁਗਲੀ ਜ਼ਿਲ੍ਹੇ ਅਧੀਨ ਪੈਂਦੇ ਬਾਲਾਗੜ੍ਹ ਵਿਖੇ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਐਲਾਨ ਕੀਤਾ ਕਿ ਜੇਕਰ ਭਾਜਪਾ ਸੱਤਾ ਵਿੱਚ ਆਉਂਦੀ ਹੈ, ਤਾਂ ਸੂਬੇ ਵਿੱਚ ‘ਇੱਕ ਵੀ ਘੁਸਪੈਠੀਏ’ ਨੂੰ ਦਾਖ਼ਲ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬੰਗਾਲ ਵਿੱਚ ਮੌਜੂਦ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਚੁਣ-ਚੁਣ ਕੇ ਬਾਹਰ ਕੱਢਿਆ ਜਾਵੇਗਾ।



ਪਹਿਲੇ ਪੜਾਅ ਦੀ ਵੋਟਿੰਗ ਦੌਰਾਨ ਰੈਲੀ ਕਰਦਿਆਂ ਅਮਿਤ ਸ਼ਾਹ ਨੇ ਦਾਅਵਾ ਕੀਤਾ ਕਿ ਭਾਜਪਾ ਸੂਬੇ ਵਿੱਚ ਪੂਰਨ ਬਹੁਮਤ ਨਾਲ ਸਰਕਾਰ ਬਣਾਉਣ ਜਾ ਰਹੀ ਹੈ। ਉਨ੍ਹਾਂ ਮੁੱਖ ਮੰਤਰੀ ਮਮਤਾ ਬੈਨਰਜੀ ’ਤੇ ਨਿਸ਼ਾਨਾ ਸਾਧਦਿਆਂ ਕਿਹਾ, ਅੱਜ ਪਹਿਲੇ ਪੜਾਅ ਦੀ ਵੋਟਿੰਗ ਮੁਕੰਮਲ ਹੋਣ ਵਾਲੀ ਹੈ ਅਤੇ ਬੰਗਾਲ ਵਿੱਚ ਇਹ ਮੇਰਾ 30ਵਾਂ ਪ੍ਰੋਗਰਾਮ ਹੈ। 5 ਮਈ ਨੂੰ ‘ਦੀਦੀ ਦਾ ਖੇਲਾ ਖ਼ਤਮ’ ਹੋ ਜਾਵੇਗਾ ਅਤੇ ਭਾਜਪਾ ਦੀ ਸਰਕਾਰ ਬਣੇਗੀ।

ਘੁਸਪੈਠ ਨੂੰ ਸੂਬੇ ਦੀ ਆਰਥਿਕਤਾ ਅਤੇ ਸੁਰੱਖਿਆ ਲਈ ਖ਼ਤਰਾ ਦੱਸਦਿਆਂ ਗ੍ਰਹਿ ਮੰਤਰੀ ਨੇ ਕਿਹਾ ਕਿ ਘੁਸਪੈਠੀਏ ਬੰਗਾਲ ਦੇ ਨੌਜਵਾਨਾਂ ਦੀਆਂ ਨੌਕਰੀਆਂ ਅਤੇ ਗ਼ਰੀਬਾਂ ਦਾ ਰਾਸ਼ਨ ਖੋਹ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਇਹ ਅਨਸਰ ਦੇਸ਼ ਦੀ ਸੁਰੱਖਿਆ ਨੂੰ ਵੀ ਖੋਰਾ ਲਾ ਰਹੇ ਹਨ।

ਅਗਲੇ ਪੜਾਅ ਦੀਆਂ ਚੋਣਾਂ ਲਈ ਪ੍ਰਚਾਰ ਤੇਜ਼ ਕਰਦਿਆਂ ਉਨ੍ਹਾਂ ਵੋਟਰਾਂ ਨੂੰ ਅਪੀਲ ਕੀਤੀ ਕਿ 29 ਅਪਰੈਲ ਨੂੰ ਕਮਲ ਦੇ ਨਿਸ਼ਾਨ ਦਾ ਬਟਨ ਦਬਾ ਕੇ ਭਾਜਪਾ ਨੂੰ ਜੇਤੂ ਬਣਾਉਣ। ਉਨ੍ਹਾਂ ਕਿਹਾ ਕਿ ਇਹ ਚੋਣ ਸਿਰਫ਼ ਵਿਧਾਇਕ ਚੁਣਨ ਲਈ ਨਹੀਂ, ਸਗੋਂ ਬੰਗਾਲ ਦੀ ਧਰਤੀ ਨੂੰ ਘੁਸਪੈਠੀਆਂ ਤੋਂ ਮੁਕਤ ਕਰਵਾਉਣ ਲਈ ਹੈ।

# ਸੀਬੀਐਸਸਈ) ਵੱਲੋਂ ਦਸਵੀਂ ਜਮਾਤ ਦੀ ਦੂਜੀ ਬੋਰਡ ਪ੍ਰੀਖਿਆ ਦੀ ਡੇਟਸ਼ੀਟ ਜਾਰੀ

## 15 ਮਈ ਤੋਂ 21 ਮਈ ਤਕ ਹੋਣਗੀਆਂ ਪ੍ਰੀਖਿਆਵਾਂ; ਪਹਿਲੀ ਪ੍ਰੀਖਿਆ ਵਿਚ ਅੰਕ ਸੁਧਾਰਨ ਦਾ ਮਿਲੇਗਾ ਮੌਕਾ

ਚੰਡੀਗੜ੍ਹ, 24 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀਬੀਐਸਸਈ) ਨੇ ਸਾਲ 2026 ਲਈ 10ਵੀਂ ਜਮਾਤ ਦੀ ਦੂਜੀ ਬੋਰਡ ਪ੍ਰੀਖਿਆ ਦੀ ਡੇਟਸ਼ੀਟ ਐਲਾਨ ਦਿੱਤੀ ਹੈ। ਇਹ ਪ੍ਰੀਖਿਆਵਾਂ 15 ਮਈ ਤੋਂ ਸ਼ੁਰੂ ਹੋ ਕੇ 21 ਮਈ ਤੱਕ ਚੱਲਣਗੀਆਂ। ਬੋਰਡ ਨੇ ਸਪਸ਼ਟ ਕੀਤਾ ਹੈ ਕਿ ਇਹ ਡੇਟਸ਼ੀਟ ਮੁਕਾਬਲਾ ਪ੍ਰੀਖਿਆਵਾਂ ਨੂੰ ਦੇਖ ਕੇ ਤਿਆਰ ਕੀਤੀ ਗਈ ਹੈ। ਬੋਰਡ ਦੇ ਕੰਟਰੋਲਰ ਪ੍ਰੀਖਿਆਵਾਂ ਡਾ. ਸੰਯਮ ਭਾਰਦਵਾਜ ਨੇ ਡੇਟਸ਼ੀਟ ਜਾਰੀ ਕਰਦਿਆਂ ਦੱਸਿਆ ਕਿ ਵਿਦਿਆਰਥੀ ਪ੍ਰੀਖਿਆ ਸਬੰਧੀ ਕੋਈ ਵੀ ਜਾਣਕਾਰੀ ਸੀਬੀਐਸਈ ਦੀ ਅਧਿਕਾਰਤ ਵੈਬਸਾਈਟ ਤੋਂ ਹੀ ਹਾਸਲ ਕਰਨ। ਦਸਵੀਂ ਜਮਾਤ ਦੀ ਪਹਿਲੀ ਪ੍ਰੀਖਿਆ 15 ਮਈ ਨੂੰ ਗਣਿਤ (ਸਟੈਂਡਰਡ ਅਤੇ ਬੇਸਿਕ) ਦੀ ਹੋਵੇਗੀ। 16 ਮਈ ਨੂੰ ਅੰਗਰੇਜ਼ੀ ਦੀ, 18 ਮਈ ਨੂੰ ਵਿਗਿਆਨ, 19 ਮਈ ਨੂੰ ਪੰਜਾਬੀ, ਹਿੰਦੀ ਅਤੇ ਹੋਰ ਭਾਸ਼ਾਵਾਂ, 20 ਮਈ ਨੂੰ ਪੇਂਟਿੰਗ, ਸੰਸਕ੍ਰਿਤ, ਆਈਟੀ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ, 21 ਮਈ ਨੂੰ ਸਮਾਜਿਕ ਵਿਗਿਆਨ ਦੀ ਪ੍ਰੀਖਿਆ ਹੋਵੇਗੀ।

ਸਾਰੀਆਂ ਮੁੱਖ ਪ੍ਰੀਖਿਆਵਾਂ ਸਵੇਰੇ 10:30 ਵਜੇ ਤੋਂ ਦੁਪਹਿਰ 1:30 ਵਜੇ ਤੱਕ ਲਈਆਂ ਜਾਣਗੀਆਂ। ਬੋਰਡ ਨੇ ਵਿਦਿਆਰਥੀਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਪ੍ਰੀਖਿਆ ਕੇਂਦਰਾਂ ’ਤੇ ਸਮੇਂ ਸਿਰ ਪਹੁੰਚਣ। ਬੋਰਡ ਵੱਲੋਂ ਲਈ ਜਾ ਰਹੀ ਇਹ ਦੂਜੀ ਪ੍ਰੀਖਿਆ ਉਨ੍ਹਾਂ ਵਿਦਿਆਰਥੀਆਂ ਲਈ ਇੱਕ ਸੁਨਹਿਰੀ ਮੌਕਾ ਹੈ ਜੋ ਆਪਣੇ ਅੰਕਾਂ ਵਿੱਚ ਸੁਧਾਰ ਕਰਨਾ ਚਾਹੁੰਦੇ ਹਨ ਅਤੇ ਆਪਣੀ ਅਕਾਦਮਿਕ ਕਾਰਗੁਜ਼ਾਰੀ ਨੂੰ ਬਿਹਤਰ ਬਣਾਉਣ ਦੇ ਇੱਛੁਕ ਹਨ।

# ਲੁਧਿਆਣਾ ਦੇ ਚਾਰ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ; ਪੁਲੀਸ ਵੱਲੋਂ ਜਾਂਚ ਸ਼ੁਰੂ



ਲੁਧਿਆਣਾ, 24 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਲੁਧਿਆਣਾ ਦੇ ਚਾਰ ਸਕੂਲਾਂ ਨੂੰ ਅੱਜ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ ਹੈ। ਜਾਣਕਾਰੀ ਅਨੁਸਾਰ ਜਿਵੇਂ ਹੀ ਅੱਜ ਖੁੱਲੇ ਤਾਂ ਇਨ੍ਹਾਂ ਸਕੂਲਾਂ ਦੀ ਈ.ਮੇਲ ’ਤੇ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ, ਜਿਸ ਸਬੰਧੀ ਪ੍ਰਬੰਧਕਾਂ ਵਲੋਂ ਪੁਲੀਸ ਨੂੰ ਸੂਚਿਤ ਕੀਤਾ ਗਿਆ। ਸੂਚਨਾ ਮਿਲਦੇ ਹੀ ਪੁਲੀਸ ਅਧਿਕਾਰੀ ਮੌਕੇ ’ਤੇ ਪਹੁੰਚੇ ਹਨ ਤੇ ਜਾਂਚ ਕੀਤੀ ਜਾ ਰਹੀ ਹੈ। ਹਾਲ ਦੀ ਘੜੀ ਕੁਝ ਸਕੂਲਾਂ ਵਿਚ ਬੱਚਿਆਂ ਨੂੰ ਛੁੱਟੀ ਕਰ ਦਿੱਤੀ ਗਈ ਹੈ। ਜਾਣਕਾਰੀ ਅਨੁਸਾਰ ਲੁਧਿਆਣਾ ਦੇ ਸਪਰਿੰਗ ਡੇਲ ਸੀਨੀਅਰ ਸੈਕੰਡਰੀ ਸਕੂਲ ਸ਼ੇਰਪੁਰ ਤੇ ਡੀਏਵੀ ਸਕੂਲ ਬੀਆਰਐਸ ਨਗਰ ਤੋਂ ਇਲਾਵਾ ਦੋ ਹੋਰ ਸਕੂਲਾਂ ਨੂੰ ਧਮਕੀ ਦਿੱਤੀ ਗਈ। ਇਸ ਤੋਂ ਬਾਅਦ ਸਪਰਿੰਗ ਡੇਲ ਸਕੂਲ ਦੇ ਕਰੀਬ ਦੋ ਹਜ਼ਾਰ ਵਿਦਿਆਰਥੀਆਂ ਨੂੰ ਛੁੱਟੀ ਕਰ ਦਿੱਤੀ ਗਈ ਤੇ ਮਾਪਿਆਂ ਨੂੰ ਬੱਚਿਆਂ ਨੂੰ ਲਿਜਾਣ ਦਾ ਸੁਨੇਹਾ ਲਾ ਦਿੱਤਾ ਗਿਆ। ਇਸ ਸਕੂਲ ਦੇ ਪ੍ਰਿੰਸੀਪਲ ਨੇ ਦੱਸਿਆ ਕਿ ਉਨ੍ਹਾਂ ਦੇ ਸਕੂਲ ਨੂੰ ਅਜਿਹੀ ਧਮਕੀ ਪਹਿਲੀ ਵਾਰ ਮਿਲੀ ਹੈ। ਇਸ ਵੇਲੇ ਸਕੂਲ ਦੇ ਅੰਦਰ ਤੇ ਬਾਹਰ ਪੁਲੀਸ ਵਲੋਂ ਜਾਂਚ ਕੀਤੀ ਜਾ ਰਹੀ ਹੈ।

# ਸਮੁੰਦਰੀ ਘੇਰਾਬੰਦੀ ਕਾਰਨ ਇਰਾਨ ਨੂੰ ਰੋਜ਼ਾਨਾ ਝੱਲਣਾ ਪੈ ਰਿਹਾ 500 ਮਿਲੀਅਨ ਡਾਲਰ ਦਾ ਨੁਕਸਾਨ

ਨਵੀਂ ਦਿੱਲੀ, 24 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਅਮਰੀਕਾ ਨੇ ਦਾਅਵਾ ਕੀਤਾ ਹੈ ਕਿ ਉਸ ਦੀ ਜਲ ਸੈਨਾ ਵੱਲੋਂ ਕੀਤੀ ਗਈ ਸਮੁੰਦਰੀ ਘੇਰਾਬੰਦੀ ਕਾਰਨ ਇਰਾਨ ਨੂੰ ਹਰ ਰੋਜ਼ ਲਗਪਗ 500 ਮਿਲੀਅਨ ਡਾਲਰ ਦਾ ਨੁਕਸਾਨ ਹੋ ਰਿਹਾ ਹੈ। ਅਮਰੀਕਾ ਮੁਤਾਬਕ ਭਾਵੇਂ ਸਿੱਧੀ ਜੰਗ ਰੁਕ ਗਈ ਹੈ, ਪਰ ਇਰਾਨ ਉੱਤੇ ਆਰਥਿਕ ਸ਼ਿਕੰਜਾ ਲਗਾਤਾਰ ਕੱਸਿਆ ਜਾ ਰਿਹਾ ਹੈ। ਵਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲੀਨ ਲੀਵਿਟ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਭਾਵੇਂ ਫੌਜੀ ਹਮਲੇ ਰੁਕੇ ਹੋਏ ਹਨ, ਪਰ ’ਆਪਰੇਸ਼ਨ ਇਕਨਾਮਿਕ ਫਿਊਰੀ’ (ਆਰਥਿਕ ਜੰਗ) ਜਾਰੀ ਹੈ। ਉਨ੍ਹਾਂ ਕਿਹਾ ਕਿ ਅਸੀਂ ਇਸ ਘੇਰਾਬੰਦੀ ਨਾਲ ਇਰਾਨ ਦੀ ਆਰਥਿਕਤਾ ਦਾ ਗਲਾ ਘੁੱਟ ਰਹੇ ਹਾਂ ਅਤੇ ਉਨ੍ਹਾਂ ਨੂੰ ਹਰ ਰੋਜ਼ 500 ਮਿਲੀਅਨ ਡਾਲਰ ਦਾ ਨੁਕਸਾਨ ਹੋ ਰਿਹਾ ਹੈ। ਰਾਸ਼ਟਰਪਤੀ ਇਸ ਕਾਰਵਾਈ ਤੋਂ ਸੰਤੁਸ਼ਟ ਹਨ ਅਤੇ ਹੁਣ ਇਰਾਨ ਦੇ ਜਵਾਬ ਦਾ ਇੰਤਜ਼ਾਰ ਕੀਤਾ ਜਾ ਰਿਹਾ ਹੈ। ਇਹ ਟਿੱਪਣੀਆਂ ਅਮਰੀਕਾ ਦੀ ਉਸ ਰਣਨੀਤੀ ਨੂੰ ਦਰਸਾਉਂਦੀਆਂ ਹਨ ਜਿਸ ਤਹਿਤ ਜੰਗ ਦੇ ਮੈਦਾਨ ਵਿੱਚ ਜੰਗਬੰਦੀ ਦੇ ਨਾਲ-ਨਾਲ ਲਗਾਤਾਰ ਵਿੱਤੀ ਦਬਾਅ ਬਣਾਇਆ ਜਾ ਰਿਹਾ ਹੈ, ਤਾਂ ਜੋ ਇਰਾਨ ਨੂੰ ਅਮਰੀਕੀ ਮੰਗਾਂ ਮੰਨਣ ਲਈ ਮਜਬੂਰ ਕੀਤਾ ਜਾ ਸਕੇ। ਲੀਵਿਟ ਨੇ ਕਿਹਾ ਕਿ ਜੰਗਬੰਦੀ ਵਧਾਉਣ ਦਾ ਫੈਸਲਾ ਇਹ ਦਿਖਾਉਂਦਾ ਹੈ ਕਿ ਘੇਰਾਬੰਦੀ ਦਾ ਪੂਰਾ ਅਸਰ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਨੇ ਜੰਗਬੰਦੀ ਇਸ ਲਈ ਵਧਾਈ ਹੈ ਕਿਉਂਕਿ ਇਰਾਨ ਨੂੰ ਆਪਣਾ ਰਵੱਈਆ ਸੁਧਾਰਨ ਦੀ ਲੋੜ ਹੈ।

# ਪੰਜਾਬ ਪੁਲਿਸ ਨੇ ਕੇਂਦਰ ਨੂੰ ਪੱਤਰ ਲਿਖ ਕੇ ਵੈੱਬ ਸੀਰੀਜ਼ ਉੱਤੇ ਪਾਬੰਦੀ ਲਗਾਉਣ ਦੀ ਕੀਤੀ ਮੰਗ

ਚੰਡੀਗੜ੍ਹ, 24 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਪੁਲੀਸ ਨੇ ਕੇਂਦਰ ਸਰਕਾਰ ਨੂੰ ਪੱਤਰ ਲਿਖ ਕੇ ਵੈੱਬ ਸੀਰੀਜ਼ ‘ਲਾਰੈਂਸ ਆਫ਼ ਪੰਜਾਬ ’ਤੇ ਪਾਬੰਦੀ ਲਗਾਏ ਜਾਣ ਦੀ ਮੰਗ ਕੀਤੀ ਹੈ। ਪੰਜਾਬ ਦੀ ਅਮਨ ਕਾਨੂੰਨ ਵਿਵਸਥਾ ਅਤੇ ਵਡੇਰੇ ਸਮਾਜਿਕ ਹਿੱਤਾਂ ਦੇ ਹਵਾਲੇ ਨਾਲ ਇਸ ਸੀਰੀਜ਼ ਦੀ ਪ੍ਰਚਾਰ ਸਮਗਰੀ ਨੂੰ ਓ ਟੀ ਟੀ ਪਲੇਟਫ਼ਾਰਮ ’ਤੇ ਬਲੌਕ ਕਰਨ ਲਈ ਪੱਤਰ ਲਿਖਿਆ ਹੈ। ਚੇਤੇ ਰਹੇ ਕਿ ਓ ਟੀ ਟੀ ਪਲੇਟਫ਼ਾਰਮ ਜ਼ੀ ਫਾਈਵ (➢555) ’ਤੇ 27 ਅਪਰੈਲ ਨੂੰ ‘ਲਾਰੈਂਸ ਆਫ਼ ਪੰਜਾਬ’ ਵੈੱਬ ਸੀਰੀਜ਼ ਰਿਲੀਜ਼ ਹੋ ਰਹੀ ਹੈ। ਸਾਈਬਰ ਕ੍ਰਾਈਮ ਦੇ ਸਪੈਸ਼ਲ ਡੀਜੀਪੀ ਨੇ ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਨੂੰ ਚਿੱਠੀ ਲਿਖ ਕੇ ਕਿਹਾ ਹੈ ਕਿ ਇਸ ਵੈੱਬ ਸੀਰੀਜ਼ ਵਿੱਚ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਜ਼ਿੰਦਗੀ ਅਤੇ ਸਿੱਧੂ ਮੂਸੇਵਾਲਾ ਦੇ ਕਤਲ ਵਰਗੀਆਂ ਅਪਰਾਧਿਕ ਵਾਰਦਾਤਾਂ ਨੂੰ ਦਿਖਾਇਆ ਜਾਣਾ ਹੈ। ਇਸ ਸੀਰੀਜ਼ ਵਿੱਚ ਇਹ ਵੀ ਦਿਖਾਇਆ ਜਾਵੇਗਾ ਕਿ ਕਿਵੇਂ ਉਹ (ਲਾਰੈਂਸ) ਇੱਕ ਵਿਦਿਆਰਥੀ ਆਗੂ ਤੋਂ ਅਪਰਾਧ ਦੀ ਦੁਨੀਆ ਦੇ ਸਿਖਰ ਤੱਕ ਪਹੁੰਚਿਆ।



ਪੱਤਰ ’ਚ ਕਿਹਾ ਗਿਆ ਹੈ ਕਿ ਇਸ ਵੈੱਬ ਸੀਰੀਜ਼ ਨੂੰ ਲੈ ਕੇ ਸਮਾਜ ਦੇ ਵੱਖ-ਵੱਖ ਵਰਗਾਂ ’ਚ ਤਿੱਖਾ ਪ੍ਰਤੀਕਰਮ ਹੈ ਅਤੇ ਵੈੱਬ ਸੀਰੀਜ਼ ’ਚ ਅਪਰਾਧ ਨੂੰ ਵਡਿਆਇਆ ਗਿਆ ਹੈ, ਜਿਸ ਦਾ ਨੌਜਵਾਨਾਂ ’ਤੇ ਮਾੜਾ ਅਸਰ ਪਵੇਗਾ। ਪੰਜਾਬ ਦੇ ਲੋਕਾਂ ਦੇ ਇਸ ਸੀਰੀਜ਼ ਖ਼ਿਲਾਫ਼ ਰੋਸ ਵਧਣ ਨਾਲ ਸੂਬੇ ਦੀ ਕਾਨੂੰਨ ਵਿਵਸਥਾ ਪ੍ਰਭਾਵਿਤ ਹੋ ਸਕਦੀ ਹੈ।

ਪੰਜਾਬ ਪੁਲੀਸ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹਵਾਲੇ ਨਾਲ ਵੀ ਇਸ ਵੈੱਬ ਸੀਰੀਜ਼ ਨੂੰ ਬੈਨ ਕਰਨ ਲਈ ਕਿਹਾ ਹੈ।

# ਦੋ ਰੇਲਗੱਡੀਆਂ ਦੀ ਟੱਕਰ: 5 ਗੰਭੀਰ ਜ਼ਖ਼ਮੀ; 12 ਹੋਰ ਜ਼ਖ਼ਮੀ

ਕੋਪਨਹੇਗਨ, 24 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਡੈਨਮਾਰਕ ਵਿੱਚ ਅੱਜ ਸਵੇਰੇ ਦੋ ਰੇਲਗੱਡੀਆਂ ਦੀ ਟੱਕਰ ਕਾਰਨ 5 ਜਣੇ ਗੰਭੀਰ ਜ਼ਖ਼ਮੀ ਹੋ ਗਏ। ਪ੍ਰਸ਼ਾਸਨ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਸ ਹਾਦਸੇ ਵਿੱਚ 12 ਹੋਰਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਇਹ ਹਾਦਸਾ ਰਾਜਧਾਨੀ ਕੋਪਨਹੇਗਨ ਤੋਂ ਲਗਪਗ 40 ਕਿਲੋਮੀਟਰ ਉੱਤਰ ਵਿੱਚ ਸਵੇਰੇ ਸਾਢੇ ਛੇ ਵਜੇ ਦੇ ਕਰੀਬ ਵਾਪਰਿਆ।

ਗ੍ਰੇਟਰ ਕੋਪਨਹੇਗਨ ਫਾਇਰ ਵਿਭਾਗ ਨੇ ਪੁਸ਼ਟੀ ਕੀਤੀ ਹੈ ਕਿ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਚਾਰ ਵਿਅਕਤੀਆਂ ਦਾ ਇਲਾਜ ਚੱਲ ਰਿਹਾ ਹੈ। ਘਟਨਾ ਵਾਲੀ ਥਾਂ ਤੋਂ ਸਾਹਮਣੇ ਆਈਆਂ ਤਸਵੀਰਾਂ ਵਿੱਚ ਦੇਖਿਆ ਜਾ ਸਕਦਾ ਹੈ ਕਿ ਦੋਵਾਂ ਰੇਲਗੱਡੀਆਂ ਦੇ ਅਗਲੇ ਹਿੱਸੇ ਬੁਰੀ ਤਰ੍ਹਾਂ ਨੁਕਸਾਨੇ ਗਏ ਹਨ।

# ਪੰਜਾਬ ਕਿਰਤ ਭਲਾਈ ਬੋਰਡ ਨੇ 7831 ਉਦਯੋਗਿਕ ਕਾਮਿਆਂ ਨੂੰ 17.11 ਕਰੋੜ ਰੁਪਏ ਦੇ ਲਾਭ ਦਿੱਤੇ: ਕਿਰਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ

ਮੋਹਾਲੀ, 24 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਵਿੱਚ ਉਦਯੋਗਿਕ ਕਾਮਿਆਂ ਦਾ ਜੀਵਨ ਪੱਧਰ ਉੱਚਾ ਚੁੱਕਣ ਅਤੇ ਉਨ੍ਹਾਂ ਦੀ ਭਲਾਈ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਉਂਦਿਆਂ ਪੰਜਾਬ ਕਿਰਤ ਭਲਾਈ ਬੋਰਡ ਵੱਲੋਂ ਪਿਛਲੇ ਵਿੱਤੀ ਸਾਲ ਦੌਰਾਨ ਵੱਖ-ਵੱਖ ਭਲਾਈ ਸਕੀਮਾਂ ਅਧੀਨ 7831 ਲਾਭਪਾਤਰੀਆਂ ਨੂੰ 17.11 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਗਈ। ਬੋਰਡ ਦੀਆਂ ਚੱਲ ਰਹੀਆਂ ਗਤੀਵਿਧੀਆਂ ਅਤੇ ਪ੍ਰਗਤੀ ਦਾ ਮੁਲਾਂਕਣ ਕਰਨ ਲਈ ਇੱਕ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਪੰਜਾਬ ਦੇ ਕਿਰਤ ਮੰਤਰੀ ਸ. ਤਰੁਨਪ੍ਰੀਤ ਸਿੰਘ ਸੌਂਦ ਨੇ ਇਨ੍ਹਾਂ ਯਤਨਾਂ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ’ਤੇ ਜ਼ੋਰ ਦਿੱਤਾ। ਉਨ੍ਹਾਂ ਅਧਿਕਾਰੀਆਂ ਨੂੰ ਜਾਗਰੂਕਤਾ ਮੁਹਿੰਮਾਂ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ ਤਾਂ ਜੋ ਵੱਡੀ ਗਿਣਤੀ ਵਿੱਚ ਯੋਗ ਕਾਮੇ ਭਲਾਈ ਸਕੀਮਾਂ ਦਾ ਲਾਭ ਲੈ ਸਕਣ। ਮੰਤਰੀ ਨੇ ਜ਼ੋਰ ਦਿੰਦਿਆਂ ਕਿਹਾ ਕਿ ਜਾਗਰੂਕਤਾ ਦੀ ਘਾਟ ਅਕਸਰ ਕਾਮਿਆਂ ਨੂੰ ਉਨ੍ਹਾਂ ਲਈ ਉਪਲਬਧ ਭਲਾਈ ਸਕੀਮਾਂ ਤੋਂ ਲਾਭ ਲੈਣ ਵਿੱਚ ਅੜਿੱਕਾ ਬਣਦੀ ਹੈ।



ਸਕੀਮਾਂ ਦੇ ਦਾਇਰੇ ਬਾਰੇ ਦੱਸਦਿਆਂ ਮੰਤਰੀ ਨੇ ਕਿਹਾ ਕਿ ਪੰਜਾਬ ਕਿਰਤ ਭਲਾਈ ਫੰਡ ਐਕਟ, 1965 ਅਧੀਨ ਆਉਂਦੇ ਅਦਾਰਿਆਂ ਵਿੱਚ ਕੰਮ ਕਰਨ ਵਾਲੇ ਉਦਯੋਗਿਕ ਕਾਮੇ ਬੋਰਡ ਵੱਲੋਂ ਦਿੱਤੇ ਜਾਂਦੇ ਲਾਭ ਪ੍ਰਾਪਤ ਕਰਨ ਦੇ ਯੋਗ ਹਨ। ਉਨ੍ਹਾਂ ਅੱਗੇ ਕਿਹਾ ਕਿ ਇਹ ਪਹਿਲਕਦਮੀਆਂ ਸਿਹਤ, ਸਿੱਖਿਆ ਅਤੇ ਸਮਾਜਿਕ ਸੁਰੱਖਿਆ ਸਮੇਤ ਜੀਵਨ ਦੇ ਵੱਖ-ਵੱਖ ਪਹਿਲੂਆਂ ਵਿੱਚ ਕਾਮਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਹਾਇਤਾ ਕਰਨ ਲਈ ਚਲਾਈ ਗਈਆਂ ਹਨ।

ਬੋਰਡ ਵੱਲੋਂ ਚਲਾਈ ਗਈਆਂ ਸਕੀਮਾਂ ਵਿੱਚ ਡਾਕਟਰੀ ਇਲਾਜ ਅਤੇ ਜਨਰਲ ਸਰਜਰੀਆਂ ਲਈ ਵਿੱਤੀ ਸਹਾਇਤਾ, ਐਕਸ-ਗ੍ਰੇਸ਼ੀਆ ਗ੍ਰਾਂਟ, ਅੰਤਿਮ ਸੰਸਕਾਰ ਦੇ ਖਰਚੇ, ਐਲ.ਟੀ.ਸੀ., ਜਣੇਪਾ ਲਾਭ ਅਤੇ ਮਾਨਸਿਕ ਜਾਂ ਸਰੀਰਕ ਅਪੰਗਤਾ ਵਾਲੇ ਕਾਮਿਆਂ ਲਈ ਸਹਾਇਤਾ ਸ਼ਾਮਲ ਹੈ। ਇਸ ਤੋਂ ਇਲਾਵਾ ਕਾਮੇ ਹੋਰਨਾਂ ਸਕੀਮਾਂ ਦਾ ਲਾਭ ਵੀ ਲੈ ਸਕਦੇ ਹਨ, ਜਿਨ੍ਹਾਂ ਵਿੱਚ ਸ਼ਗਨ ਸਕੀਮ, ਐਨਕਾਂ ਲਗਵਾਉਣ ਸਬੰਧੀ ਸਹਾਇਤਾ, ਦੰਦਾਂ ਦੀ ਦੇਖਭਾਲ ਅਤੇ ਸੁਣਨ- ਯੰਤਰਾਂ ਲਈ ਸਹਾਇਤਾ ਦੇ ਨਾਲ-ਨਾਲ ਸਿੱਖਿਆ ਅਤੇ ਅਪੰਗਤਾ ਮੁਆਵਜ਼ੇ ਲਈ ਵਜ਼ੀਫ਼ਾ ਸਕੀਮਾਂ ਸ਼ਾਮਲ ਹਨ।

ਮੰਤਰੀ ਨੇ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਹਰੇਕ ਯੋਗ ਕਾਮੇ ਤੱਕ ਭਲਾਈ ਸਕੀਮਾਂ ਦੀ ਪਹੁੰਚ ਯਕੀਨੀ ਬਣਾਈ ਜਾਵੇ ਤਾਂ ਜੋ ਉਨ੍ਹਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਹੋਵੇ ਅਤੇ ਲੋੜ ਸਮੇਂ ਸੁਰੱਖਿਆ ਪ੍ਰਦਾਨ ਕੀਤੀ ਜਾ ਸਕੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਜਾਗਰੂਕਤਾ ਕੈਂਪ ਅਤੇ ਆਸਾਨ ਅਰਜ਼ੀ ਪ੍ਰਕਿਰਿਆਵਾਂ ਸਮੇਤ ਸਰਗਰਮ ਉਪਾਅ ਅਪਣਾਉਣ ਦੀ ਅਪੀਲ ਕੀਤੀ ਤਾਂ ਜੋ ਇਨ੍ਹਾਂ ਸਕੀਮਾਂ ਦੇ ਦਾਇਰੇ ਅਤੇ ਪ੍ਰਭਾਵ ਨੂੰ ਹੋਰ ਵਡੇਰਾ ਕੀਤਾ ਜਾ ਸਕੇ।

ਪੰਜਾਬ ਸਰਕਾਰ ਆਪਣੇ ਵਿਕਾਸ ਏਜੰਡੇ ਦੇ ਇੱਕ ਅਹਿਮ ਹਿੱਸੇ ਵਜੋਂ ਕਿਰਤ ਭਲਾਈ ਨੂੰ ਤਰਜੀਹ ਦੇ ਰਹੀ ਹੈ, ਅਤੇ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਉਦਯੋਗਿਕ ਕਾਮਿਆਂ ਨੂੰ ਲੋੜੀਂਦੀ ਸਹਾਇਤਾ ਅਤੇ ਉਨ੍ਹਾਂ ਦਾ ਬਣਦਾ ਸਨਮਾਨ ਦਿੱਤਾ ਜਾ ਸਕੇ।

ਇਸ ਮੌਕੇ ਕਿਰਤ ਵਿਭਾਗ ਦੇ ਸਕੱਤਰ ਮਨਵੇਸ਼ ਸਿੰਘ ਸਿੱਧੂ, ਇੰਡਸਟਰੀ ਤੇ ਕਾਮਰਸ ਵਿਭਾਗ ਦੇ ਸਕੱਤਰ ਮਹਿੰਦਰਪਾਲ, ਕਿਰਤ ਕਮਿਸ਼ਨਰ- ਕਮ -ਭਲਾਈ ਕਮਿਸ਼ਨਰ, ਪੰਜਾਬ ਰਾਜੀਵ ਕੁਮਾਰ ਗੁਪਤਾ, ਮੈਂਬਰ ਬਲਦੇਵ ਬਲਖੰਡੀ ਸਮੇਤ ਕਈ ਹੋਰ ਪਤਵੰਤੇ ਵੀ ਮੌਜੂਦ ਸਨ।

# ਹਰਪਾਲ ਸਿੰਘ ਚੀਮਾ ਵੱਲੋਂ ਸਿਹਤ ਵਿਭਾਗ ਨੂੰ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਦੇ ਮਾਣ ਭੱਤੇ ਵਧਾਉਣ ਲਈ ਕੇਂਦਰ ਸਰਕਾਰ ਤੱਕ ਪਹੁੰਚ ਕਰਨ ਦੇ ਨਿਰਦੇਸ਼

ਚੰਡੀਗੜ੍ਹ, 24 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਜ਼ਮੀਨੀ ਪੱਧਰ ’ਤੇ ਕੰਮ ਕਰ ਰਹੇ ਜ਼ਰੂਰੀ ਸਿਹਤ ਸੰਭਾਲ ਕਾਮਿਆਂ ਦੀ ਭਲਾਈ ਲਈ ਇੱਕ ਅਹਿਮ ਕਦਮ ਚੁੱਕਦਿਆਂ, ਮੁਲਾਜ਼ਮਾਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਬਣਾਈ ਗਈ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਅਤੇ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਨੇ ਅੱਜ ਇੱਥੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਉਹ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਨੂੰ ਦਿੱਤੇ ਜਾਂਦੇ ਮਾਣ ਭੱਤਿਆਂ (ਇਨਸੈਂਟਿਵ) ਵਿੱਚ ਜ਼ਰੂਰੀ ਵਾਧੇ ਦੀ ਵਕਾਲਤ ਕਰਦੇ ਹੋਏ ਕੇਂਦਰ ਸਰਕਾਰ ਨੂੰ ਅਧਿਕਾਰਤ ਤੌਰ ’ਤੇ ਪੱਤਰ ਲਿਖਣ।

ਵਿੱਤ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਕੇਂਦਰ ਸਰਕਾਰ ਨੂੰ ਮੌਜੂਦਾ ਸਕੀਮ ਤਹਿਤ ਇਨ੍ਹਾਂ ਭੁਗਤਾਨਾਂ ਨੂੰ ਵਧਾਉਣ ਲਈ ਅਪੀਲ ਕੀਤੀ ਜਾਣੀ ਚਾਹੀਦੀ ਹੈ, ਜੋ ਕਿ ਕੇਂਦਰ ਅਤੇ ਸੂਬੇ ਦਰਮਿਆਨ 60:40 ਦੇ ਵਿੱਤੀ ਅਨੁਪਾਤ ’ਤੇ ਕੰਮ ਕਰਦੀ ਹੈ। ਆਸ਼ਾ ਵਰਕਰਜ਼ ਐਂਡ ਫੈਸਿਲੀਟੇਟਰਜ਼ ਸਾਂਝਾ ਮੋਰਚਾ, ਪਾਵਰਕੌਮ ਐਂਡ ਟ੍ਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਅਤੇ ਪੰਜਾਬ ਪੁਲਿਸ ਕੋਰੋਨਾ ਵਾਰੀਅਰਜ਼ ਸਮੇਤ ਵੱਖ-ਵੱਖ ਮੁਲਾਜ਼ਮ ਜਥੇਬੰਦੀਆਂ ਦੇ ਵਫ਼ਦਾਂ ਨਾਲ ਮੀਟਿੰਗਾਂ ਦੀ ਪ੍ਰਧਾਨਗੀ ਕਰਦਿਆਂ ਵਿੱਤ ਮੰਤਰੀ ਚੀਮਾ ਨੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ.) ਅਤੇ ਪੰਜਾਬ ਸਟੇਟ ਟ੍ਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਟੀ.ਸੀ.ਐਲ.) ਨੂੰ ਵੀ ਨਿਰਦੇਸ਼ ਦਿੱਤੇ ਕਿ ਪਾਵਰਕੌਮ ਐਂਡ ਟ੍ਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਦੀਆਂ ਮੰਗਾਂ ਦੇ ਹੱਲ ਲਈ ਇੱਕ ਠੋਸ ਨੀਤੀ ਬਣਾਈ ਜਾਵੇ।



ਆਸ਼ਾ ਵਰਕਰਜ਼ ਐਂਡ ਫੈਸਿਲੀਟੇਟਰਜ਼ ਸਾਂਝਾ ਮੋਰਚਾ ਦੀਆਂ ਮੰਗਾਂ ’ਤੇ ਵਿਸਥਾਰ ਨਾਲ ਚਰਚਾ ਕਰਦਿਆਂ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇਨ੍ਹਾਂ ਵਰਕਰਾਂ ਦੀ ਤੁਰੰਤ ਸਮਾਜਿਕ ਸੁਰੱਖਿਆ ਨੂੰ ਪਹਿਲ ਦਿੱਤੀ। ਉਨ੍ਹਾਂ ਨਿਰਦੇਸ਼ ਜਾਰੀ ਕਰਦਿਆਂ ਕਿਹਾ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਸਾਰੀਆਂ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਲਈ ਜੀਵਨ ਬੀਮਾ ਕਵਰੇਜ ਨੂੰ ਯਕੀਨੀ ਬਣਾਉਣ ਲਈ ਕਿਸੇ ਬੈਂਕਿੰਗ ਸੰਸਥਾ ਨਾਲ ਸਮਝੌਤਾ ਕਰੇ। ਉਨ੍ਹਾਂ ਅੱਗੇ ਕਿਹਾ, ਯੂਨੀਅਨ ਵੱਲੋਂ ਉਠਾਈਆਂ ਗਈਆਂ ਜਾਇਜ਼ ਮੰਗਾਂ, ਜੋ ਸਿੱਧੇ ਤੌਰ ’ਤੇ ਵਿਭਾਗੀ ਪੱਧਰ ’ਤੇ ਹੱਲ ਕੀਤੀਆਂ ਜਾ ਸਕਦੀਆਂ ਹਨ, ਉਨ੍ਹਾਂ ਨੂੰ ਤੁਰੰਤ ਪ੍ਰਸ਼ਾਸਨਿਕ ਮੀਟਿੰਗਾਂ ਅਤੇ ਫੈਸਲਾਕੁੰਨ ਕਾਰਵਾਈ ਰਾਹੀਂ ਬਿਨਾਂ ਕਿਸੇ ਦੇਰੀ ਦੇ ਹੱਲ ਕੀਤਾ ਜਾਣਾ ਚਾਹੀਦਾ ਹੈ।

ਸੂਬੇ ਦੇ ਬਿਜਲੀ ਖੇਤਰ ਦੇ ਕਾਮਿਆਂ ਦੀਆਂ ਚਿੰਤਾਵਾਂ ਨੂੰ ਸੰਬੋਧਿਤ ਕਰਦਿਆਂ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪਾਵਰਕੌਮ ਐਂਡ ਟ੍ਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਨਾਲ ਵਿਸਤ੍ਰਿਤ ਮੀਟਿੰਗ ਕੀਤੀ। ਉਨ੍ਹਾਂ ਨੂੰ ਦਰਪੇਸ਼ ਕਾਰਜਸ਼ੀਲ ਮੁਸ਼ਕਲਾਂ ਅਤੇ ਆਊਟਸੋਰਸਡ ਰੁਜ਼ਗਾਰ ਤੋਂ ਸੇਵਾਵਾਂ ਕੰਟਰੈਕਟ ਵਿੱਚ ਤਬਦੀਲ ਕਰਨ ਦੀ ਉਨ੍ਹਾਂ ਦੀ ਮੰਗ ਦਾ ਹਮਦਰਦੀ ਨਾਲ ਜਾਇਜ਼ਾ ਲਿਆ। ਮੰਗਾਂ ਦੇ ਢਾਂਚਾਗਤ ਹੱਲ ਤੇ ਜੋਰ ਦਿੰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਅਤੇ ਪੰਜਾਬ ਸਟੇਟ ਟ੍ਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਦੇ ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ ਬਸੰਤ ਗਰਗ ਨੂੰ ਸਿੱਧੇ ਨਿਰਦੇਸ਼ ਜਾਰੀ ਕੀਤੇ ਗਏ ਹਨ ਕਿ ਉਹ ਇਨ੍ਹਾਂ ਆਊਟਸੋਰਸ ਮੁਲਾਜ਼ਮਾਂ ਦੀਆਂ ਮੰਗਾਂ ਅਤੇ ਮਸਲਿਆਂ ਨੂੰ ਮੁਕੰਮਲ ਤੌਰ ’ਤੇ ਹੱਲ ਕਰਨ ਲਈ ਕਾਰਪੋਰੇਸ਼ਨ ਪੱਧਰ ’ਤੇ ਤੁਰੰਤ ਠੋਸ ਨੀਤੀ ਤਿਆਰ ਕਰਨ।

ਮੁਲਾਜ਼ਮਾਂ ਨਾਲ ਮੀਟਿੰਗਾਂ ਦੀ ਇਸ ਲੜੀ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪੰਜਾਬ ਪੁਲਿਸ ਕੋਰੋਨਾ ਵਾਰੀਅਰਜ਼ ਦੇ ਨੁਮਾਇੰਦਿਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਮਸਲਿਆਂ ਬਾਰੇ ਭਰੋਸਾ ਦਿਵਾਇਆ। ਉਨ੍ਹਾਂ ਯੂਨੀਅਨ ਨੂੰ ਉਨ੍ਹਾਂ ਦੀਆਂ ਸਮੱਸਿਆਵਾਂ ਸਬੰਧੀ ਠੋਸ ਭਰੋਸਾ ਦਿਵਾਉਂਦਿਆਂ ਦੱਸਿਆ ਕਿ ਸੂਬਾ ਸਰਕਾਰ ਇਨ੍ਹਾਂ ’ਤੇ ਹਮਦਰਦੀ ਨਾਲ ਵਿਚਾਰ ਕਰ ਰਹੀ ਹੈ।

# ਚੰਦਰ ਜਯੋਤੀ ਸਿੰਘ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਨੇ ਅਨਾਜ ਮੰਡੀਆਂ ਵਿੱਚ ਖਰੀਦ ਪ੍ਰਬੰਧਾਂ ਦਾ ਲਿਆ ਜਾਇਜ਼ਾ

ਸ੍ਰੀ ਅਨੰਦਪੁਰ ਸਾਹਿਬ, 24 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਚੰਦਰ ਜਯੋਤੀ ਸਿੰਘ ਆਈ.ਏ.ਐਸ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਨੇ ਅੱਜ ਸ੍ਰੀ ਅਨੰਦਪੁਰ ਸਾਹਿਬ ਅਧੀਨ ਆਉਂਦੀਆਂ ਅਨਾਜ ਮੰਡੀਆਂ ਦਾ ਦੌਰਾ ਕੀਤਾ ਅਤੇ ਕਣਕ ਦੀ ਖਰੀਦ ਦੇ ਚੱਲ ਰਹੇ ਕੰਮ ਦਾ ਜਾਇਜ਼ਾ ਲਿਆ ਉਹਨਾਂ ਨੇ ਅਨਾਜ ਮੰਡੀਆਂ ਵਿੱਚ ਕਿਸਾਨਾਂ ਦੀ ਸਹੂਲਤ ਲਈ ਕੀਤੇ ਪ੍ਰਬੰਧਾਂ ਦਾ ਵੀ ਨਿਰੀਖਣ ਕੀਤਾ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਚੰਦਰ ਜਯੋਤੀ ਸਿੰਘ ਨੇ ਕਿਹਾ ਕੀ ਕਿਸਾਨਾਂ ਦੀ ਫਸਲ ਦੀ ਖਰੀਦ ਲਈ ਪੰਜਾਬ ਸਰਕਾਰ ਵੱਲੋਂ ਪਹਿਲਾਂ ਹੀ ਸਾਰੇ ਪ੍ਰਬੰਧ ਮੁਕੰਮਲ ਕਰਨ ਦੇ ਦਿਸ਼ਾ-ਨਿਰਦੇਸ਼ ਦਿੱਤੇ ਜਾ ਚੁੱਕੇ ਹਨ। ਸ੍ਰੀ ਅਨੰਦਪੁਰ ਸਾਹਿਬ ਅਤੇ ਜ਼ਿਲ੍ਹਾ ਰੂਪਨਗਰ ਦੀਆਂ ਸਾਰੀਆਂ ਅਨਾਜ ਮੰਡੀਆਂ ਵਿੱਚ ਖਰੀਦ ਦੇ ਸਾਰੇ ਪ੍ਰਬੰਧ ਮੁਕੰਮਲ ਹਨ। ਉਨਾਂ ਨੇ ਕਿਹਾ ਕਿ ਅਨਾਜ ਮੰਡੀਆ ਵਿੱਚ ਕਿਸਾਨਾਂ ਦੀ ਸਹੂਲਤ ਲਈ ਤਰਪਾਲਾਂ , ਬਾਰਦਾਨਾ ,ਸਫਾਈ ,ਪੀਣ ਵਾਲਾ ਪਾਣੀ, ਪਖਾਨੇ ਅਤੇ ਰੋਸ਼ਨੀ ਦੀ ਢੁਕਵੀਂ ਵਿਵਸਥਾ ਕੀਤੀ ਹੋਈ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਿਸਾਨਾਂ ਦੀ ਫਸਲ ਦਾ ਦਾਣਾ - ਦਾਣਾ ਖਰੀਦਿਆ ਜਾ ਰਿਹਾ ਹੈ ਉਹਨਾਂ ਨੂੰ ਕਿਸੇ ਵੀ ਤਰਾ ਦੀ ਖੱਜਲ ਖੁਆਰੀ ਨਹੀਂ ਹੋਣ ਦਿੱਤੀ ਜਾ ਰਹੀ। ਉਹਨਾਂ ਨੇ ਕਿਹਾ ਕਿ ਕਿਸਾਨਾਂ ਨੂੰ ਇਸ ਦੇ ਨਾਲ ਹੀ ਅਪੀਲ ਕੀਤੀ ਗਈ ਹੈ ਕਿ ਉਹ ਆਪਣੀ ਫਸਲ ਮੰਡੀਆਂ ਵਿੱਚ ਪੂਰੀ ਤਰ੍ਹਾਂ ਸੁਕਾ ਕੇ ਲਿਆਉਣ ਤਾਂ ਜੋ ਉਹਨਾਂ ਨੂੰ ਅਨਾਜ ਮੰਡੀਆਂ ਵਿੱਚ ਬਿਨਾ ਦੇਰੀ ਖਰੀਦ ਕਰਕੇ ਅਦਾਇਗੀ ਕੀਤੀ ਜਾ ਸਕੇ।

ਵਧੀਕ ਡਿਪਟੀ ਕਮਿਸ਼ਨਰ ਨੇ ਹੋਰ ਦੱਸਿਆ ਕਿ ਕਿਸਾਨਾਂ ਨੂੰ ਮੰਡੀਆਂ ਵਿੱਚ ਸਾਰੀਆਂ ਸਹੂਲਤਾਂ ਸ਼ੈਡ ਆਦਿ ਉਪਲੱਬਧ ਕਰਵਾਏ ਗਏ ਹਨ। ਉਹਨਾਂ ਨੇ ਕਿਹਾ ਕਿ ਕਿਸਾਨਾਂ ਨੂੰ ਇਹ ਵੀ ਅਪੀਲ ਕੀਤੀ ਗਈ ਹੈ ਕਿ ਉਹ ਆਪਣੀ ਫਸਲਾਂ ਦੀ ਰਹਿੰਦ ਖੂੰਹਦ ਨੂੰ ਖੇਤਾਂ ਵਿੱਚ ਹੀ ਮਿਲਾਉਣ ਉਹਨਾਂ ਨੂੰ ਅੱਗ ਨਾ ਲਗਾਉਣ ਕਿਉਂਕਿ ਅੱਗ ਲਗਾਉਣ ਨਾਲ ਮਿੱਤਰ ਕੀੜੇ ਮਰ ਜਾਂਦੇ ਹਨ। ਉਹਨਾਂ ਨੇ ਕਿਹਾ ਕਿ ਖਾਦਾਂ ਅਤੇ ਕੀਟਨਾਸ਼ਕ ਦੀ ਅੰਨੇਵਾਹ ਵਰਤੋ ਨਾ ਕੀਤੀ ਜਾਵੇ ਕਿਉਂਕਿ ਇਸ ਦੇ ਨਾਲ ਵਾਤਾਵਰਨ ਵਿਸ਼ੈਲਾ ਬਣਦਾ ਹੈ। ਉਹਨਾਂ ਨੇ ਕਿਹਾ ਕਿ ਅੱਗ ਲਾਉਣ ਨਾਲ ਆਮ ਤੌਰ ਤੇ ਪਸ਼ੂ ਪੰਛੀਆਂ ਦਾ ਵੀ ਨੁਕਸਾਨ ਹੋ ਜਾਂਦਾ ਹੈ ਅਤੇ ਵਾਤਾਵਰਨ ਵੀ ਦੂਸ਼ਿਤ ਹੁੰਦਾ ਹੈ।

ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਅਸੀ ਅਨਾਜ ਮੰਡੀਆ ਤੇ ਨਿਰੰਤਰ ਨਜ਼ਰ ਰੱਖ ਰਹੇ ਹਾਂ ਸਾਰੇ ਪ੍ਰਬੰਧ ਸੁਚਾਰੂ ਕੀਤੇ ਹੋਏ ਹਨ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਕਿਲ ਪੇਸ਼ ਨਹੀਂ ਆ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਅਗੰਮਪੁਰ ਅਨਾਜ ਮੰਡੀ ਵਿੱਚ ਹੁਣ ਤੱਕ ਕੁੱਲ 1950 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ ਜਿਸ ਵਿਚੋ 1836 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਹੋਈ ਕੀਤੀ ਜਾ ਚੁੱਕੀ ਹੈ ਅਤੇ 1465 ਮੀਟ੍ਰਿਕ ਟਨ ਕਣਕ ਦੀ ਲਿਫਟਿੰਗ ਹੋ ਚੁੱਕੀ ਹੈ, ਜਿਸ ਵਿੱਚ ਪਨਗਰੇਨ ਵੱਲੋ 1816 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਹੈ ਅਤੇ ਮਾਰਕਫੈਡ ਨੇ 20 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਹੈ।

# ਭਾਸ਼ਾ ਵਿਭਾਗ ਪੰਜਾਬ ਵੱਲੋਂ ਮਹੀਨਾਵਾਰ 'ਪੁਸਤਕ ਬੈਠਕ' ਦਾ ਆਯੋਜਨ; ਚੰਗਾ ਸਾਹਿਤ ਮਨੁੱਖ ਨੂੰ ਹਰ ਦੁੱਖ-ਸੁੱਖ ਹੰਢਾਉਣਾ ਸਿਖਾਉਂਦਾ ਹੈ: ਜਸਵੰਤ ਸਿੰਘ ਜ਼ਫ਼ਰ

## ਕਿਤਾਬਾਂ ਪੜ੍ਹਕੇ ਇਨਸਾਨ ਕਈ ਜ਼ਿੰਦਗੀਆਂ ਜਿਉਂ ਲੈਂਦਾ ਹੈ: ਡਾ. ਬਲਵਿੰਦਰ ਕੌਰ ਬਰਾੜ

**ਪਟਿਆਲਾ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀ ਸਰਪ੍ਰਸਤੀ 'ਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਡਾਇਰੈਕਟਰ ਭਾਸ਼ਾਵਾਂ ਦੀ ਦੇਖ-ਰੇਖ 'ਚ ਕਰਵਾਈ ਗਈ ਮਹੀਨਾਵਾਰ 'ਪੁਸਤਕ ਬੈਠਕ' ਦੌਰਾਨ ਅੱਜ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਾਬਕਾ ਮੁਖੀ ਤੇ ਸਾਹਿਤਕਾਰਾ ਡਾ. ਬਲਵਿੰਦਰ ਕੌਰ ਬਰਾੜ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਜਿੱਥੇ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਪਿਛਲੇ ਮਹੀਨੇ ਪੜ੍ਹੀਆਂ ਪੁਸਤਕਾਂ ਦੇ ਅਨੁਭਵ ਸਾਂਝੇ ਕੀਤੇ ਉੱਥੇ ਡਾ. ਬਰਾੜ ਨੇ ਪੁਸਤਕ ਦੀ ਅਹਿਮੀਅਤ ਬਾਰੇ ਵਿਸਥਾਰ ਪੂਰਵਕ ਵਿਚਾਰ ਪੇਸ਼ ਕੀਤੇ।

ਡਾ. ਬਲਵਿੰਦਰ ਕੌਰ ਬਰਾੜ ਨੇ ਕਿਹਾ ਕਿ ਕਿਤਾਬਾਂ ਪੜ੍ਹਨ ਵਾਲਾ ਬੰਦਾ ਕਈ ਜ਼ਿੰਦਗੀਆਂ ਜਿਉਂ ਲੈਂਦਾ ਹੈ ਜਦੋਂ ਕਿ ਪੁਸਤਕ ਸੱਭਿਆਚਾਰ ਤੋਂ ਕੋਰਾ ਵਿਅਕਤੀ ਇੱਕ ਜੂਨ ਭੋਗ ਕੇ ਹੀ ਦੁਨੀਆ ਤੋਂ ਰੁਖ਼ਸਤ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸੱਭਿਅਕ ਮਨੁੱਖ ਕਿਵੇਂ ਬਣਨਾ ਹੈ ਇਹ ਸਾਨੂੰ ਸਾਹਿਤ ਹੀ ਸਿਖਾਉਂਦਾ ਹੈ। ਪਹਿਨੀਆਂ ਜਾਣ ਵਾਲੀਆਂ ਚੀਜ਼ਾਂ ਤਾਂ ਦਿਖਾਵਾ ਮਾਤਰ ਹੀ ਹੁੰਦੀਆਂ ਹਨ ਜਦੋਂਕਿ ਅੱਖਰ ਗਿਆਨ ਮਨੁੱਖ ਦੀ ਸ਼ਖ਼ਸੀਅਤ ਨੂੰ ਅੰਦਰੋਂ-ਬਾਹਰੋਂ ਨਿਖਾਰਦਾ ਹੈ। ਉਨ੍ਹਾਂ ਕਿਹਾ ਕਿ ਅੱਖਰ ਗਿਆਨ ਮਨੁੱਖ ਨੂੰ ਜਿੱਥੇ



ਸਮਾਜ 'ਚ ਵਿਚਰਨ ਦੇ ਸਮਰੱਥ ਬਣਾਉਂਦਾ ਹੈ ਉੱਥੇ ਉਸ ਨੂੰ ਚੰਗੀ ਰੋਟੀ ਖਾਣ ਦੇ ਸਮਰੱਥ ਵੀ ਬਣਾਉਂਦਾ ਹੈ। ਡਾ. ਬਰਾੜ ਨੇ ਕਿਹਾ ਕਿ ਹਰ ਵਿਅਕਤੀ ਮਾਂ ਦੇ ਦੁੱਧ ਨਾਲ ਮਿਲੀ ਬੋਲੀ ਰਾਹੀਂ ਆਪਣੇ ਦੁੱਖ-ਸੁੱਖ, ਖੁਸ਼ੀ-ਗਮੀ ਤੇ ਹਰ ਤਰ੍ਹਾਂ ਦੇ ਵਲਵਲੇ ਸਭ ਤੋਂ ਵਧੀਆ ਤਰੀਕੇ ਨਾਲ ਪ੍ਰਗਟ ਕਰ ਸਕਦਾ ਹੈ। ਦੂਸਰੀਆਂ ਭਾਸ਼ਾਵਾਂ ਸੰਚਾਰ ਤੇ ਗਿਆਨ ਦਾ ਸਾਧਨ ਤਾਂ ਬਣ ਸਕਦੀਆਂ ਹਨ ਪਰ ਅਹਿਸਾਸਾਂ ਦੇ ਆਦਾਨ-ਪ੍ਰਦਾਨ ਦਾ ਜ਼ਰੀਆ ਨਹੀਂ। ਉਨ੍ਹਾਂ ਕਿਹਾ ਕਿ ਸ਼ਬਦਾਂ ਨੂੰ ਬੋਚੋ, ਸੰਭਾਲੋ ਤੇ ਇਨ੍ਹਾਂ ਦੇ ਲੰਗਰ ਲਗਾਓ ਜੋ ਸਾਨੂੰ ਦੁਨੀਆਦਾਰੀ ਸਮਝਣ ਦੇ ਸਮਰੱਥ ਬਣਾਉਂਦੇ ਹਨ।

ਧੰਨਵਾਦੀ ਭਾਸ਼ਣ ਦੌਰਾਨ ਸ. ਜਸਵੰਤ ਸਿੰਘ ਜ਼ਫ਼ਰ ਨੇ ਕਿਹਾ ਕਿ ਦਾਨਿਸ਼ਵਰਾਂ ਦੇ ਵਿਚਾਰ ਹਮੇਸ਼ਾ ਹੀ ਸਮਾਜ ਨੂੰ ਸੇਧ ਦਿੰਦੇ ਹਨ। ਉਨ੍ਹਾਂ ਦੁਆਰਾ ਹੰਢਾਏ ਦੁੱਖਾਂ-ਸੁੱਖਾਂ ਤੇ ਸੰਕਟਾਂ 'ਚੋਂ ਪੈਦਾ ਹੋਏ ਤਜ਼ਰਬੇ ਹੀ ਸਾਹਿਤ ਦਾ ਰੂਪ ਧਾਰਨ ਕਰਦੇ ਹਨ ਅਤੇ ਅਜਿਹਾ ਸਾਹਿਤ ਹੀ ਸਮਾਜ ਲਈ ਮਾਰਗਦਰਸ਼ਕ ਬਣਨ ਦੇ ਸਮਰੱਥ ਬਣਦਾ ਹੈ।

ਉਨ੍ਹਾਂ ਕਿਹਾ ਕਿ ਡਾ. ਬਰਾੜ ਦੇ ਵਿਚਾਰਾਂ ਤੇ ਸਾਹਿਤ ਤੋਂ ਪਤਾ ਲੱਗਦਾ ਹੈ ਕਿ ਸੰਕਟਾਂ 'ਚੋਂ ਹੀ ਸੰਭਾਵਨਾਵਾਂ ਪੈਦਾ ਹੁੰਦੀਆਂ ਹਨ। ਇਸ ਕਰਕੇ ਸਾਨੂੰ ਸ਼ਬਦ ਤੇ ਸਾਹਿਤ ਦਾ ਪੱਲਾ ਕਦੇ ਵੀ ਨਹੀਂ ਛੱਡਣਾ ਚਾਹੀਦਾ। ਖੋਜ ਅਫ਼ਸਰ ਡਾ. ਮਨਜਿੰਦਰ ਸਿੰਘ, ਰਿਪਨਜੋਤ ਕੌਰ ਬੱਗਾ, ਰਾਜ ਕੌਰ ਕਮਾਲਪੁਰ ਆਦਿ ਨੇ ਡਾ. ਬਰਾੜ ਨੂੰ ਸੁਆਲ ਕਰਕੇ, ਸਮਾਗਮ ਨੂੰ ਹੋਰ ਰੋਚਕ ਬਣਾ ਦਿੱਤਾ। ਵਿਭਾਗ ਵੱਲੋਂ ਡਾ. ਬਰਾੜ ਨੂੰ ਵਿਭਾਗੀ ਸ਼ਾਲ ਅਤੇ ਪੁਸਤਕਾਂ ਦੇ ਸੈੱਟ ਨਾਲ ਸਨਮਾਨ ਦਿੱਤਾ ਗਿਆ। ਇਸ ਮੌਕੇ ਰਾਜ ਕੌਰ ਬਰਾੜ ਦੀ ਪੁਸਤਕ 'ਬਚਪਨ ਹੁੰਦਾ ਬਾਦਸ਼ਾਹ' ਲੋਕ ਅਰਪਣ ਕੀਤੀ ਗਈ। ਮੰਚ ਸੰਚਾਲਨ ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਕੀਤਾ। ਇਸ ਮੌਕੇ ਸਹਾਇਕ ਨਿਰਦੇਸ਼ਕਾ ਸੁਖਪ੍ਰੀਤ ਕੌਰ, ਤੇਜਿੰਦਰ ਸਿੰਘ ਗਿੱਲ, ਜਸਪ੍ਰੀਤ ਕੌਰ, ਸੁਰਿੰਦਰ ਕੌਰ ਤੇ ਵੱਡੀ ਗਿਣਤੀ ਵਿੱਚ ਸਰੋਤੇ ਹਾਜ਼ਰ ਸਨ।

# ਵਿਧਾਇਕ ਕੋਹਲੀ ਵੱਲੋਂ ਚਾਰ ਕਲਾਸਰੂਮ ਦਾ ਉਦਘਾਟਨ

- ➢ ਦੋ ਵੱਖ-ਵੱਖ ਸਕੂਲਾਂ ਨੂੰ ਮਿਲੇ ਚਾਰ ਨਵੇਂ ਕਲਾਸਰੂਮ
- ➢ ਸਕੂਲੀ ਸਿੱਖਿਆ ਨੂੰ ਉੱਚਾ ਚੁੱਕਣਾ ਆਪ ਸਰਕਾਰ ਦਾ ਮੁੱਖ ਟੀਚਾ



**ਪਟਿਆਲਾ, 24 ਅਪ੍ਰੈਲ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸਕੂਲੀ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਸਕੂਲਾਂ ਵਿੱਚ ਵਿਕਾਸ ਕਾਰਜ ਲਗਾਤਾਰ ਜਾਰੀ ਹਨ। ਜਿਸ ਦੇ ਤਹਿਤ ਹੀ ਬਲਾਕ ਪਟਿਆਲਾ-2 ਅਧੀਨ ਪੈਂਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਦਾਰੂ ਕੁਟੀਆ ਅਤੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਅਰਾਈ ਮਾਜਰਾ ਵਿਖੇ ਬਣਾਏ ਗਏ ਚਾਰ ਨਵੇਂ ਕਲਾਸ ਰੂਮ ਦਾ ਉਦਘਾਟਨ ਕਰਨ ਲਈ ਸਮਾਰੋਹ ਕਰਵਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਹਲਕਾ ਪਟਿਆਲਾ (ਸ਼ਹਿਰੀ) ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਨੇ ਸ਼ਿਰਕਤ ਕੀਤੀ। ਵਿਧਾਇਕ ਕੋਹਲੀ ਦੇ ਸਕੂਲ ਵਿੱਚ ਪਹੁੰਚਣ 'ਤੇ ਜ਼ਿਲ੍ਹਾ ਸਿੱਖਿਆ ਅਧਿਕਾਰੀ (ਐਲੀ. ਸਿੱ.) ਸ਼ਾਲੂ ਮਹਿਰਾ ਅਤੇ ਬੀਪੀਈਓ ਪ੍ਰਿਥੀ ਸਿੰਘ ਵੱਲੋਂ ਫੁੱਲਾ ਦਾ ਗੁਲਦਸਤਾ ਭੇਟ ਕਰਕੇ ਜੀ ਆਇਆਂ ਨੂੰ ਆਖਿਆ ਗਿਆ। ਉਦਘਾਟਨੀ ਸਮਾਰੋਹ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਸਿੱਖਿਆ ਕ੍ਰਾਂਤੀ ਦਾ ਨਾਰਾ ਦੇ ਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਸਰਕਾਰੀ ਸਕੂਲਾਂ ਦੀ ਦਸ਼ਾ ਨੂੰ ਸੁਧਾਰਨ ਵਿੱਚ ਲਗਾਤਾਰ ਲੱਗੀ ਹੋਈ ਹੈ। ਉਹਨਾਂ ਕਿਹਾ ਕਿ ਅੱਜ ਸੂਬੇ ਦੇ ਲੋਕ ਸਰਕਾਰੀ ਸਕੂਲਾਂ ਉਪਰ ਵਿਸ਼ਵਾਸ ਕਰਕੇ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾ ਰਹੇ ਹਨ। ਵਿਧਾਇਕ ਕੋਹਲੀ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਲੋਕਾਂ ਦਾ ਸਰਕਾਰੀ ਸਕੂਲਾਂ ਤੋਂ ਭਰੋਸਾ ਬਿਲਕੁਲ ਹੀ ਖਤਮ ਹੋ ਚੁੱਕਿਆ ਸੀ ਜਿਸ ਨੂੰ ਦੁਬਾਰਾ ਬਣਾਉਣ ਵਿੱਚ ਪੰਜਾਬ ਸਰਕਾਰ ਕਾਮਯਾਬ ਹੋਈ ਹੈ।

ਉਨਾਂ ਨੇ ਅੱਗੇ ਕਿਹਾ ਕਿ ਮੌਜੂਦਾ ਸਮੇਂ ਸਰਕਾਰੀ ਸਕੂਲਾਂ ਵਿੱਚ ਐਲਈਡੀ ਪੈਨਲ ਤੱਕ ਲੱਗ ਚੁੱਕੇ ਹਨ, ਜਿਨਾਂ ਦੀ ਮਦਦ ਨਾਲ ਵਿਦਿਆਰਥੀ ਹਰ ਇੱਕ ਔਖੇ ਤੋਂ ਔਖੇ ਵਿਸ਼ੇ ਬਾਰੇ ਜਾਣਕਾਰੀ ਬਹੁਤ ਹੀ ਸਰਲ ਅਤੇ ਸੌਖੀ ਭਾਸ਼ਾ ਵਿੱਚ ਹਾਸਲ ਕਰ ਰਹੇ ਹਨ। ਵਿਧਾਇਕ ਕੋਹਲੀ ਨੇ ਅੱਗੇ ਕਿਹਾ ਕਿ ਸਰਕਾਰੀ ਸਕੂਲਾਂ ਨੂੰ ਗਰਾਂਟ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਸੰਬੋਧਨ ਕਰਦਿਆਂ ਜ਼ਿਲ੍ਹਾ ਸਿੱਖਿਆ ਅਧਿਕਾਰੀ ਸ਼ਾਲੂ ਮਹਿਰਾ ਨੇ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਦਾਖਲਿਆਂ ਦਾ ਦੌਰ ਜਾਰੀ ਹੈ। ਉਹਨਾਂ ਨੇ ਲੋਕਾਂ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਦੀ ਅਪੀਲ ਕੀਤੀ ਹੈ।

ਬੀਪੀਈਓ ਪ੍ਰਿਥੀ ਸਿੰਘ ਨੇ ਕਿਹਾ ਕਿ ਸਰਕਾਰੀ ਸਕੂਲ ਕਿਸੇ ਵੀ ਪੱਖ ਤੋਂ ਪੜ੍ਹਾਈ ਵਿਚ ਪਿੱਛੇ ਨਹੀਂ ਹਨ। ਸਰਕਾਰੀ ਸਕੂਲਾਂ ਦੇ ਪੜ੍ਹੇ ਹੋਏ ਵਿਦਿਆਰਥੀ ਆਈਏਐਸ, ਪੀਸੀਐਸ, ਇੰਜੀਨੀਅਰ, ਡਾਕਟਰ, ਪ੍ਰੋਫੈਸਰ, ਅਧਿਆਪਕ ਵਰਗੇ ਅਹਿਮ ਅਹੁਦਿਆਂ 'ਤੇ ਸੇਵਾਵਾਂ ਨਿਭਾਅ ਰਹੇ ਹਨ। ਇਸ ਮੌਕੇ ਵਾਰਡ ਨੰਬਰ 36 ਦੇ ਕੌਂਸਲਰ ਰੀਨੂੰ ਬਾਲਾ, ਵਾਰਡ ਨੰਬਰ 37 ਦੇ ਕੌਂਸਲਰ ਹਰਪ੍ਰੀਤ ਸਿੰਘ, ਆਪ ਆਗੂ ਰਿੱਕੀ ਸੂਲਰ, ਵਿਧਾਇਕ ਕੋਹਲੀ ਦੇ ਓਐਸਡੀ ਹਰਸ਼ਪਾਲ ਸਿੰਘ, ਸਮਾਰਟ ਸਕੂਲ ਕੋਆਰਡੀਨੇਟਰ ਲਖਵਿੰਦਰ ਸਿੰਘ ਕੌਲੀ, ਸੀਐਚਟੀ ਘਾਸ ਮੰਡੀ ਅਮਨਦੀਪ ਕੌਰ, ਸੀਐਚਟੀ ਪੂਰਨ ਸਿੰਘ, ਬਲਾਕ ਮੀਡੀਆ ਕੋਆਰਡੀਨੇਟਰ ਸੁਖਜੀਤ ਸਿੰਘ, ਦਾਰੂ ਕੁਟੀਆ ਸਕੂਲ ਦੇ ਇੰਚਾਰਜ ਸਰਬਜੀਤ ਕੌਰ, ਭੁਪਿੰਦਰ ਕੌਰ, ਚਰਨਜੀਤ ਸਿੰਘ ਅਤੇ ਅਰਾਈ ਮਾਜਰਾ ਸਕੂਲ ਦੇ ਮੁੱਖ ਅਧਿਆਪਕਾ ਕਮਲਦੀਪ ਕੌਰ, ਰੋਹਿਤ ਕੌਸ਼ਲ ਅਤੇ ਵਿਸ਼ਾਲ ਗੋਇਲ ਸਮੇਤ ਸਮੂਹ ਅਧਿਆਪਕ ਹਾਜ਼ਰ ਸਨ।

# ਡੇਅਰੀ ਉੱਦਮ ਸਿਖਲਾਈ ਕੋਰਸ ਲਈ ਬਿਨੈਕਾਰਾਂ ਦੀ ਚੋਣ ਤੇ ਕਾਊਂਸਲਿੰਗ 27 ਅਪ੍ਰੈਲ ਨੂੰ

**ਪਟਿਆਲਾ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਵਿੱਚ ਡੇਅਰੀ ਧੰਦੇ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਦੀਆਂ ਸਕੀਮਾਂ ਦਾ ਵੱਧ ਤੋਂ ਵੱਧ ਪ੍ਰਚਾਰ ਕਰਨ ਤਹਿਤ ਡੇਅਰੀ ਧੰਦੇ ਲਈ 4 ਹਫਤਿਆਂ ਦਾ ਵੱਖਰਾ ਡੇਅਰੀ ਡੇਅਰੀ ਉੱਦਮ ਸਿਖਲਾਈ ਕੋਰਸ ਸ਼ੁਰੂ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਡੇਅਰੀ ਵਿਕਾਸ, ਪਟਿਆਲਾ ਦੇ ਡਿਪਟੀ ਡਾਇਰੈਕਟਰ ਦਲਬੀਰ ਕੁਮਾਰ ਨੇ ਦੱਸਿਆ ਕਿ ਡੇਅਰੀ ਵਿਕਾਸ ਵਿਭਾਗ ਪੰਜਾਬ ਦੇ ਡਾਇਰੈਕਟਰ ਵਰਿਆਮ ਸਿੰਘ ਦੀ ਗਤੀਸ਼ੀਲ ਅਗਵਾਈ ਵਿੱਚ ਇਸ ਸਿਖਲਾਈ ਕੋਰਸ ਦੌਰਾਨ ਡੇਅਰੀ ਫਾਰਮਿੰਗ ਸ਼ੁਰੂ ਕਰਨ ਤੋਂ ਪਹਿਲਾ ਧਿਆਨ ਯੋਗ ਗੱਲਾਂ, ਦੁਧਾਰੂ ਪਸ਼ੂਆਂ ਦੀਆਂ ਨਸਲਾਂ, ਨਸਲ ਸੁਧਾਰ ਲਈ ਨਸਲਕਸ਼ੀ, ਬਨਾਵਟੀ ਗਰਭਦਾਨ, ਸਾਰਾ ਸਾਲ ਹਰਾ ਚਾਰਾ ਪੈਦਾ ਕਰਨ ਦੀ ਵਿਉਂਤਬੰਦੀ, ਪਸ਼ੂਆ ਦੀ ਆਮ ਬੀਮਾਰੀਆਂ ਬਾਰੇ, ਦੁੱਧ ਦੀ ਫੈਟ, ਐਸ .ਐਨ ਐਫ ਬਾਰੇ, ਦੁੱਧ ਤੋਂ ਦੁੱਧ ਤੋਂ ਦੁੱਧ ਪਦਾਰਥ ਤਿਆਰ ਕਰਨ ਬਾਰੇ, ਗੰਡੋਇਆਂ ਦੀ ਖਾਦ ਤਿਆਰ ਕਰਨ ਬਾਰੇ, ਸੰਤੁਲਿਤ ਪਸ਼ੂ ਖੁਰਾਕ ਤਿਆਰ ਕਰਨ ਅਤੇ ਵਰਤੋਂ, ਸਾਫ ਦੁੱਧ ਪੈਦਾ ਕਰਨ, ਡੇਅਰੀ ਫਾਰਮਿੰਗ ਦੀ ਆਰਥਿਕਤਾ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਜਾਂਦੀ ਹੈ।

ਉਨ੍ਹਾਂ ਕਿਹਾ ਕਿ ਇਸ ਸਕੀਮ ਤਹਿਤ ਮਿਤੀ 04 ਮਈ 2026 ਤੋਂ ਚਾਰ ਹਫਤੇ ਦਾ ਪੰਜਾਬ ਡੇਅਰੀ ਵਿਕਾਸ ਬੋਰਡ ਵੱਲੋਂ ਡੇਅਰੀ ਉੱਦਮ ਸਿਖਲਾਈ ਤੇ ਵਿਸਥਾਰ ਸੇਵਾ ਕੇਂਦਰ, ਬੀਜਾ(ਲੁਧਿਆਣਾ) ਅਤੇ ਸੰਗਰੂਰ ਵਿਖੇ ਸ਼ੁਰੂ ਕੀਤਾ ਜਾ ਰਿਹਾ ਹੈ। ਜਿਸਦੀ ਜਨਰਲ ਜਾਤੀ ਲਈ ਫੀਸ 5000 ਰੁਪਏ ਅਤੇ ਅਨੁਸੂਚਿਤ ਜਾਤੀ ਲਈ 4000 ਰੁਪਏ ਹੈ। ਸਿਖਲਾਈ ਕੋਰਸ ਲਈ ਉਮੀਦਵਾਰਾਂ ਦੀ ਕਾਊਸਲਿੰਗ ਮਿਤੀ 27 ਅਪ੍ਰੈਲ 2026 ਨੂੰ ਸਵੇਰ 10.00 ਵਜੇ ਡੇਅਰੀ ਸਿਖਲਾਈ ਤੇ ਵਿਸਥਾਰ ਕੇਂਦਰ, ਬੀਜਾ (ਲੁਧਿਆਣਾ) ਅਤੇ ਸੰਗਰੂਰ ਵਿਖੇ ਕੀਤੀ ਜਾਣੀ ਹੈ।

ਦਲਬੀਰ ਕੁਮਾਰ ਨੇ ਦੱਸਿਆ ਕਿ ਸਿਖਲਾਈ ਲਈ ਘੱਟੋ ਘੱਟੋਂ ਯੋਗਤਾ ਦਸਵੀਂ ਪਾਸ ਹੈ ਅਤੇ ਉਮੀਦਵਾਰ ਪੇਂਡੂ ਖੇਤਰ ਨਾਲ ਸਬੰਧ ਰੱਖਦਾ ਹੋਵੇ। ਸਿਖਿਆਰਥੀਆਂ ਲਈ ਟ੍ਰੇਨਿੰਗ ਦੀ ਉਮਰ 18 ਤੋਂ 55 ਸਾਲ ਹੈ ਅਤੇ ਲਾਭਪਾਤਰੀ ਕੋਲ 5 ਜਾਂ 5 ਤੋਂ ਵੱਧ ਦੁਧਾਰੂ ਪਸ਼ੂ ਰੱਖੇ ਹੋਣੇਂ ਚਾਹੀਦੇ ਹਨ . ਲਾਭਪਾਤਰੀ ਦਫਤਰ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਪਟਿਆਲਾ, ਕੁਆਟਰ ਨੰ. 313-321, ਬਲਾਕ -1 ,ਘਲੋੜੀ ਗੇਟ, ਪਟਿਆਲਾ ਪਾਸੋ 100 ਰੁਪਏ ਦਾ ਪ੍ਰਾਸਪੈਕਟ ਪ੍ਰਾਪਤ ਕਰਕੇ ਕਾਊਸਲਿੰਗ/ਚੋਣ ਦੀ ਮਿਤੀ ਤੋਂ ਪਹਿਲਾ ਅਪਲਾਈ ਕਰ ਸਕਦੇ ਹਨ, ਵਧੇਰੇ ਜਾਣਕਾਰੀ ਲਈ ਚਾਹਵਾਨ ਫੋਨ ਨੰਬਰ 81461-00543 'ਤੇ ਵੀ ਸੰਪਰਕ ਕਰ ਸਕਦੇ ਹਨ।

# ਮਾਡਲ ਸਕੂਲ ਦਾ ਪੰਜਵੀਂ ਅਤੇ ਅੱਠਵੀਂ ਜਮਾਤ ਦਾ ਨਤੀਜਾ ਰਿਹਾ 100 ਫ਼ੀਸਦੀ



**ਪਟਿਆਲਾ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਮਾਰਚ 2025-26 ਲਈ ਪੰਜਵੀਂ ਅਤੇ ਅੱਠਵੀਂ ਜਮਾਤ ਦੇ ਨਤੀਜੇ ਵਿੱਚ ਸੀਨੀਅਰ ਸੈਕੰਡਰੀ ਮਾਡਲ ਸਕੂਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਨਤੀਜਾ ਸ਼ਾਨਦਾਰ ਰਿਹਾ । ਐਲਾਨੇ ਗਏ ਪੰਜਵੀਂ ਦੇ ਨਤੀਜੇ ਵਿਚ ਸਕੂਲ ਦੇ ਵਿਦਿਆਰਥੀ ਆਰੁਸ਼ ਕੰਧਾਰੀ (96.6%) ਦੀਪਇੰਦਰ ਸ਼ਰਮਾ (92.2%) ਅਤੇ ਬੀਨੋ ਰਾਣੀ (89.2%) ਅਤੇ ਅੱਠਵੀਂ ਜਮਾਤ ਦੇ ਦਸਮਸਰੂਪ ਕੌਰ (92%), ਹਰਲੀਨ ਕੌਰ (91.6%), ਗੁਰਨੀਤ ਕੌਰ ਵਿਰਕ (91.6%) ਅਤੇ ਅਰਸ਼ਦੀਪ ਕੌਰ (91.1%) ਨੇ ਪਹਿਲੀਆਂ ਪੁਜੀਸ਼ਨਾਂ ਹਾਸਲ ਕੀਤੀਆਂ।

ਸਕੂਲ ਦੇ ਪ੍ਰਿੰਸੀਪਲ ਸ੍. ਸਤਵੀਰ ਸਿੰਘ ਨੇ ਸਾਰੇ ਵਿਦਿਆਰਥੀਆਂ, ਜਮਾਤ ਇੰਚਾਰਜ ਸ੍ਰੀਮਤੀ ਹਰਮਿੰਦਰ ਕੌਰ (ਪੰਜਵੀਂ ਜਮਾਤ), ਸ੍ਰੀਮਤੀ ਰਮਨਜੀਤ ਕੌਰ ਅਤੇ ਸ੍ਰੀਮਤੀ ਬਲਵਿੰਦਰ ਕੌਰ ਨੂੰ ਇਸ ਮਾਣਮੱਤੀ ਉਪਲੱਬਧੀ ਉੱਤੇ ਵਧਾਈ ਦਿੰਦਿਆ ਅੱਗੋਂ ਵੀ ਆਪਣੀ ਮਿਹਨਤ ਜਾਰੀ ਰੱਖਣ ਲਈ ਕਿਹਾ। ਇਹਨਾਂ ਵਿਦਿਆਰਥੀਆਂ ਦੇ ਮਾਪਿਆਂ ਨੂੰ ਵੀ ਵਧਾਈ ਦਿੱਤੀ ਗਈ।

# ਭਵਾਨੀਗੜ੍ਹ ਵਿੱਚ ਕਿਸਾਨ ਜਾਗਰੂਕਤਾ ਕੈਂਪ, ਫਸਲੀ ਵਿਭਿੰਨਤਾ 'ਤੇ ਜ਼ੋਰ




**ਸੰਗਰੂਰ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਖੇਤੀਬਾੜੀ ਅਫਸਰ ਸੰਗਰੂਰ ਡਾ. ਧਰਮਿੰਦਰਜੀਤ ਸਿੰਘ ਸਿੱਧੂ ਦੇ ਦਿਸ਼ਾ-ਨਿਰਦੇਸ਼ਾਂ ਹੇਠ ਭਵਾਨੀਗੜ੍ਹ ਵਿਖੇ ਕਿਸਾਨ ਜਾਗਰੂਕਤਾ ਕੈਂਪ ਆਯੋਜਿਤ ਕੀਤਾ ਗਿਆ। ਇਸ ਕੈਂਪ ਦੀ ਅਗਵਾਈ ਖੇਤੀਬਾੜੀ ਉੱਪ ਨਿਰੀਖਕ ਕੁਲਦੀਪ ਸਿੰਘ ਵੱਲੋਂ ਕੀਤੀ ਗਈ, ਜਿਸ ਦਾ ਮੁੱਖ ਉਦੇਸ਼ ਕਿਸਾਨਾਂ ਨੂੰ ਆਧੁਨਿਕ ਖੇਤੀ ਤਕਨੀਕਾਂ ਅਤੇ ਟਿਕਾਊ ਖੇਤੀਬਾੜੀ ਪ੍ਰਣਾਲੀਆਂ ਬਾਰੇ ਜਾਗਰੂਕ ਕਰਨਾ ਸੀ। ਕੈਂਪ ਦੌਰਾਨ ਕਿਸਾਨਾਂ ਨੂੰ ਫਸਲੀ ਵਿਭਿੰਨਤਾ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੂੰ ਅਪੀਲ ਕੀਤੀ ਗਈ ਕਿ ਰਵਾਇਤੀ ਕਣਕ-ਝੋਨਾ ਚੱਕਰ ਤੋਂ ਹਟ ਕੇ ਸਾਉਣੀ ਮੱਕੀ, ਮੂੰਗੀ, ਦਾਲਾਂ ਵਰਗੀਆਂ ਫਸਲਾਂ ਦੀ ਕਾਸ਼ਤ ਅਪਣਾਈ ਜਾਵੇ, ਜਿਸ ਨਾਲ ਨਾ ਸਿਰਫ਼ ਆਮਦਨ ਵਿੱਚ ਵਾਧਾ ਹੋਵੇਗਾ ਸਗੋਂ ਮਿੱਟੀ ਦੀ ਉਪਜਾਊ ਸ਼ਕਤੀ ਅਤੇ ਜ਼ਮੀਨੀ ਪਾਣੀ ਦੀ ਸਥਿਤੀ ਵਿੱਚ ਵੀ ਸੁਧਾਰ ਆਵੇਗਾ। ਮਾਹਿਰਾਂ ਵੱਲੋਂ ਖਾਦਾਂ ਦੀ ਸੰਤੁਲਿਤ ਅਤੇ ਸਿਫਾਰਸ਼ੀ ਵਰਤੋਂ 'ਤੇ ਵੀ ਜ਼ੋਰ ਦਿੱਤਾ ਗਿਆ। ਕਿਸਾਨਾਂ ਨੂੰ ਮਿੱਟੀ ਅਤੇ ਪਾਣੀ ਦੀ ਜਾਂਚ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਨੂੰ ਨਿਯਮਿਤ ਤੌਰ 'ਤੇ ਟੈਸਟ ਕਰਵਾਉਣ ਲਈ ਪ੍ਰੇਰਿਤ ਕੀਤਾ ਗਿਆ, ਤਾਂ ਜੋ ਫਸਲਾਂ ਨੂੰ ਲੋੜ ਅਨੁਸਾਰ ਪੋਸ਼ਕ ਤੱਤ ਪ੍ਰਦਾਨ ਕੀਤੇ ਜਾ ਸਕਣ। ਇਸ ਦੇ ਨਾਲ ਹੀ ਕਿਸਾਨ ਰਜਿਸਟਰੀ ਦੀ ਪ੍ਰਕਿਰਿਆ ਬਾਰੇ ਵੀ ਵਿਸਥਾਰ ਨਾਲ ਸਮਝਾਇਆ ਗਿਆ ਅਤੇ ਕਿਸਾਨਾਂ ਨੂੰ ਆਪਣੀ ਰਜਿਸਟਰੇਸ਼ਨ ਕਰਵਾਉਣ ਲਈ ਉਤਸ਼ਾਹਿਤ ਕੀਤਾ ਗਿਆ। ਕਣਕ ਦੇ ਨਾੜ ਦੀ ਸੰਭਾਲ ਸਬੰਧੀ ਜਾਗਰੂਕ ਕਰਦਿਆਂ ਪਰਾਲੀ ਨੂੰ ਸਾੜਨ ਦੀ ਬਜਾਏ ਮਿੱਟੀ ਵਿੱਚ ਮਿਲਾਉਣ ਦੀ ਸਲਾਹ ਦਿੱਤੀ ਗਈ। ਇਸ ਮੌਕੇ ਖੇਤੀਬਾੜੀ ਵਿਭਾਗ ਦੀਆਂ ਵੱਖ-ਵੱਖ ਸਕੀਮਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਉਹ ਇਨ੍ਹਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ।

# ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਫਰੀਡਮ ਫਾਈਟਰ ਪਰਿਵਾਰਾਂ ਦੀ ਭਲਾਈ ਲਈ ਹੋਈ ਵਿਸ਼ੇਸ਼ ਮੀਟਿੰਗ

**ਪਟਿਆਲਾ, 24 ਅਪ੍ਰੈਲ**
**ਅਮਰਜੀਤ ਸਿੰਘ**
**-ਕੌਮੀ ਪੱਤ੍ਰਿਕਾ ਬਿਊਰੋ-**

ਮਿੰਨੀ ਸਕੱਤਰੇਤ ਪਟਿਆਲਾ ਵਿਖੇ ਬਤੌਰ ਡਿਪਟੀ ਕਮਿਸ਼ਨਰ ਦਾ ਅਹੁਦਾ ਸੰਭਾਲਣ ਤੋਂ ਬਾਅਦ ਡਿਪਟੀ ਕਮਿਸ਼ਨਰ ਹਿਮਾਂਸ਼ੂ ਅਗਰਵਾਲ ਵਲੋਂ ਵੱਖ ਵੱਖ ਸੰਸਥਾਵਾਂ, ਸਥਾਨਕ ਲੋਕਾਂ, ਜਥੇਬੰਦੀਆਂ ਨਾਲ ਮੁਲਾਕਾਤ ਕੀਤੀ ਜਾ ਰਹੀ ਹੈ। ਆਪਣੀਆ ਸਮੱਸਿਆਵਾਂ ਨੂੰ ਲੈ ਕੇ ਮਿੰਨੀ ਸਕੱਤਰੇਤ ਵਿਖੇ ਪਹੁੰਚ ਰਹੇ ਲੋਕਾਂ



ਨੂੰ ਮਿਲਣ ਲਈ ਟੋਕਨ ਨੰਬਰ ਦੀ ਵਿਵਸਥਾ ਕੀਤੀ ਗਈ ਹੈ। ਅੱਜ ਡਿਪਟੀ ਕਮਿਸ਼ਨਰ ਹਿਮਾਂਸ਼ੂ ਅਗਰਵਾਲ ਨੇ ਦੇਸ਼ ਦੀ ਆਜ਼ਾਦੀ ਲਈ ਅਹਿਮ ਯੋਗਦਾਨ ਪਾਉਣ ਵਾਲੇ ,ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਮਹਾਨ ਦੇਸ਼ ਭਗਤਾਂ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ। ਡਿਪਟੀ ਕਮਿਸ਼ਨਰ ਨੇ ਪੰਜਾਬ ਸਰਕਾਰ ਵੱਲੋਂ ਫਰੀਡਮ ਫਾਈਟਰ ਪਰਿਵਾਰਾਂ ਦੀ ਭਲਾਈ ਲਈ ਜਾਰੀ ਸਨਮਾਨ ਸਹੂਲਤਾਂ ਨੂੰ ਪਰਿਵਾਰਾਂ ਤੱਕ ਪਹੁਚਾਉਣ ਲਈ ਜ਼ਿਲਾ ਪੱਧਰ ਤੇ ਨੋਡਲ ਅਫ਼ਸਰ ਨਿਯੁਕਤ ਕਰਨ ਦੀ ਤਜਵੀਜ਼ ਤੇ ਵਿਚਾਰ ਕਰਨ ਲਈ ਸਹਿਮਤੀ ਪ੍ਰਗਟਾਈ। ਸੁਤੰਤਰਤਾ ਸੰਗਰਾਮੀ ਉਤਰਾਧਿਕਾਰੀ ਐਸੋਸੀਏਸ਼ਨ ਪੰਜਾਬ ਰਜਿ 234 ਦੀ ਜ਼ਿਲ੍ਹਾ ਇਕਾਈ ਵਲੋਂ ਫਰੀਡਮ ਫਾਈਟਰ ਪਰਿਵਾਰਾਂ ਦੀਆਂ ਸਨਮਾਨ ਸਹੂਲਤਾਂ ਸਬੰਧੀ ਡਿਪਟੀ ਕਮਿਸ਼ਨਰ ਪਟਿਆਲਾ ਨੂੰ ਜਾਣੂ ਕਰਵਾਇਆ। ਜਥੇਬੰਦੀ ਦੇ ਸੂਬਾ ਕਨਵੀਨਰ ਪ੍ਰਕਾਸ਼ ਸਿੰਘ ਧਾਲੀਵਾਲ ਅਤੇ ਸੂਬਾ ਜਨਰਲ ਸਕੱਤਰ ਇੰਦਰਪਾਲ ਸਿੰਘ ਧਾਲੀਵਾਲ ਸੋਨੀ ਨੇ ਫਰੀਡਮ ਫਾਈਟਰ ਪਰਿਵਾਰਾਂ ਦੇ ਮਾਣ ਸਨਮਾਨ ਨੂੰ ਜ਼ਿਲੇ ਦੇ ਸਮੂਹ ਵਿਭਾਗਾਂ ਅੰਦਰ ਜ਼ਮੀਨੀ ਪੱਧਰ ਤੇ ਲਾਗੂ ਕਰਾਉਣ ਦੀ ਮੰਗ ਕੀਤੀ। ਜਥੇਬੰਦੀ ਦੇ ਵਫ਼ਦ ਨੇ ਸੁਤੰਤਰਤਾ ਸੰਗਰਾਮੀ ਬੰਤਾ ਸਿੰਘ ਧਾਲੀਵਾਲ ਮਾਰਗ ਪਿੰਡ ਕਲਿਹਾਣਾ-ਰਾਮਗੜ੍ਹ ਸੜਕ ਦੇ ਨਵੀਨੀਕਰਨ ਲਈ ਆਪਣੇ ਵਿਚਾਰ ਸਾਂਝੇ ਕੀਤੇ।ਜ਼ਿਲ੍ਹਾ ਪ੍ਰਧਾਨ ਅਮਰਪ੍ਰੀਤ ਸਿੰਘ ਬੋਬੀ ਅਤੇ ਦਫ਼ਤਰ ਇੰਚਾਰਜ ਕਮਲਦੀਪ ਸਿੰਘ ਗਿੱਲ ਨੇ ਸੁਤੰਤਰਤਾ ਸੰਗਰਾਮੀ ਤੇਜਾ ਸਿੰਘ ਗਿੱਲ ਦੇ ਨਾਮ ਤੇ ਸਰਕਾਰੀ ਮਾਡਲ ਟਾਊਨ ਸਕੂਲ਼ ਦਾ ਨਾਮ ਰੱਖਣ ਦੀ ਪ੍ਰਕਿਰਿਆ ਨੂੰ ਪੂਰਾ ਜਲਦ ਕਰਨ ਅਤੇ ਸੁਤੰਤਰਤਾ ਸੰਗਰਾਮੀ ਹਰਚਰਨ ਸਿੰਘ ਮਾਰਗ ਕੋਹਲੀ ਸਵੀਟਸ ਤ੍ਰਿਪੜੀ ਤੋਂ ਝਿੱਲ ਰੋਡ ਨੂੰ ਬਣਾਉਣ ਦੀ ਤਜਵੀਜ਼ ਰੱਖੀ। ਡਿਪਟੀ ਕਮਿਸ਼ਨਰ ਪਟਿਆਲਾ ਹਿਮਾਂਸ਼ੂ ਅਗਰਵਾਲ ਨੇ ਫਰੀਡਮ ਫਾਈਟਰ ਪਰਿਵਾਰਾਂ ਵਲੋਂ ਸਨਮਾਨ ਦੇਣ ਲਈ ਧੰਨਵਾਦ ਕੀਤਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਦੇਸ਼ ਭਗਤ ਆਜ਼ਾਦੀ ਘੁਲਾਟੀਆਂ ਦੀਆ ਕੁਰਬਾਨੀਆਂ ਸਦਕਾ ਹੀ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ।ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲੇ ਦੇ ਸਮੂਹ ਵਿਭਾਗਾਂ ਅੰਦਰ ਫਰੀਡਮ ਫਾਈਟਰ ਪਰਿਵਾਰਾਂ ਦੇ ਮਾਣ ਸਨਮਾਨ ਨੂੰ ਯਕੀਨੀ ਬਣਾਇਆ ਜਾਵੇ। ਫਰੀਡਮ ਫਾਈਟਰ ਪਰਿਵਾਰਾਂ ਦੇ ਕੰਮ ਪਹਿਲ ਦੇ ਆਧਾਰ ਤੇ ਹੱਲ ਕੀਤੇ ਜਾਣ। ਉਨ੍ਹਾਂ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਵਿਸ਼ੇਸ਼ ਉਪਰਾਲੇ ਕਰਨ ਦੀ ਗੱਲ ਕੀਤੀ।

# ਝਾੜ ਸਾਹਿਬ ਕਾਲਜ ਵੱਲੋਂ ਜਾਗਰੂਕਤਾ ਲੈਕਚਰ ਆਯੋਜਿਤ

**ਮਾਛੀਵਾੜਾ ਸਾਹਿਬ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੀ ਇਲਾਕੇ ਦੀ ਸਿਰਮੌਰ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ,ਝਾੜ ਸਾਹਿਬ (ਲੁਧਿ.) ਦੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਅਤੇ ਆਈ.ਕਿਊ.ਏ.ਸੀ ਦੇ ਸਹਿਯੋਗ ਨਾਲ ਵਰਲਡ ਹੈਲਥ ਡੇ ਨੂੰ ਸਮਰਪਿਤ ਐਨ.ਐਸ.ਐਸ ਯੂਨਿਟ ਅਤੇ ਹੋਮ ਸਾਇੰਸ ਵਿਭਾਗ ਦੇ ਸਾਂਝੇ ਯਤਨਾਂ ਸਦਕਾ 'ਜੱਚਾ-ਬੱਚਾ ਦੀ ਸਿਹਤ ਸੰਭਾਲ' ਵਿਸ਼ੇ ਤੇ ਪਿੰਡ ਝਾੜ ਸਾਹਿਬ ਵਿਖੇ ਜਾਗਰੂਕਤਾ ਲੈਕਚਰ ਆਯੋਜਿਤ ਕੀਤਾ ਗਿਆ। ਇਸ ਮੌਕੇ ਹੋਮ ਸਾਇੰਸ ਵਿਭਾਗ ਦੇ ਮੁੱਖੀ ਡਾ. ਰਣਜੀਤ ਕੌਰ ਨੇ ਪਿੰਡ ਝਾੜ ਸਾਹਿਬ ਦੀਆਂ ਮਹਿਲਾਵਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਔਰਤ ਦੀ ਚੰਗੀ ਸਿਹਤ ਹੀ ਪਰਿਵਾਰ ਦਾ ਧੁਰਾ ਹੈ।ਜੇਕਰ ਔਰਤ ਸਿਹਤਮੰਦ ਹੋਵੇਗੀ ਤਾਂ ਹੀ ਪਰਿਵਾਰ ਸਿਹਤਮੰਦ ਅਤੇ ਖੁਸ਼ਹਾਲ ਹੋਵੇਗਾ। ਜੱਚਾ-ਬੱਚਾ ਦੀ ਸਿਹਤ ਸਾਡੀ ਪਹਿਲੀ ਤਰਜੀਹ ਹੋਣੀ ਚਾਹੀਦੀ ਹੈ। ਸਹੀ ਜਾਣਕਾਰੀ,ਸਹੀ ਖੁਰਾਕ ਅਤੇ ਸੰਭਾਲ ਨਾਲ ਹੀ ਇੱਕ ਸਿਹਤਮੰਦ ਸਮਾਜ ਬਣ ਸਕਦਾ ਹੈ।

ਉਨ੍ਹਾਂ ਨੇ ਔਰਤਾਂ ਦੀ ਸੰਤੁਲਿਤ ਖੁਰਾਕ ਅਤੇ ਖਾਣ ਪੀਣ ਦੀਆਂ ਚੰਗੀਆਂ ਆਦਤਾਂ ਬਾਰੇ ਜਾਣਕਾਰੀ ਦਿੱਤੀ।

ਹੋਮ ਸਾਇੰਸ ਦੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਤਰਾਂ ਦੇ ਪੌਸ਼ਟਿਕ ਪਕਵਾਨ ਬਣਾ ਕੇ ਔਰਤਾਂ ਨੂੰ ਪਰੋਸੇ ਗਏ ਅਤੇ ਛੋਟੇ ਬੱਚਿਆਂ ਨੂੰ ਫਾਸਟ ਫੂਡ ਤੋਂ ਪ੍ਰਹੇਜ਼ ਕਰਨ ਲਈ ਕਿਹਾ ਉਨ੍ਹਾਂ ਆਪਣੇ ਲੈਕਚਰ ਵਿੱਚ ਖਾਣ ਪੀਣ ਦੀਆਂ ਚੰਗੀਆਂ ਆਦਤਾਂ ਅਪਣਾਉਣ ਲਈ ਪ੍ਰੇਰਿਤ ਕੀਤਾ। ਇਸ ਤੋਂ ਇਲਾਵਾ ਐਨ.ਐਸ.ਐਸ ਯੂਨਿਟ ਦੇ ਵਲੰਟੀਅਰਜ਼ ਵੱਲੋਂ ਆਂਗਨਵਾੜੀ ਦੇ ਬੱਚਿਆਂ ਨੂੰ ਖੇਡਾਂ ਰਾਹੀਂ ਪੜਾਇਆ ਗਿਆ।ਅਖੀਰ ਵਿੱਚ ਐਨ.ਐਸ.ਐਸ ਯੂਨਿਟ ਦੇ ਪ੍ਰੋਗਰਾਮ ਅਫਸਰ ਜਸਵੀਰ ਕੌਰ ਵੱਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਪਿੰਡ ਝਾੜ ਸਾਹਿਬ ਦੇ ਆਂਗਨਵਾੜੀ ਸੈਂਟਰ ਦੇ ਵਰਕਰ ਸੁਰਦਰਸ਼ਨ ਕੌਰ,ਸਿਮਰਨ ਕੌਰ।

# ਗਿਆਨ ਭਾਰਤਮ ਮਿਸ਼ਨ ਤਹਿਤ ਕੌਮੀ ਮੈਨੂਸਕਰਿਪਟ ਸਰਵੇ ਰਾਹੀਂ ਅਮੀਰ ਬੌਧਿਕ ਵਿਰਾਸਤ ਤੋਂ ਅਗਲੀਆਂ ਪੀੜ੍ਹੀਆਂ ਨੂੰ ਜਾਣੂ ਕਰਵਾਇਆ ਜਾਵੇਗਾ : ਏ.ਡੀ.ਸੀ.

- ➢ ਲੋਕਾਂ ਨੂੰ ਪੁਰਾਤਨ ਹੱਥ ਲਿਖ਼ਤਾਂ, ਸਦੀਆਂ ਪੁਰਾਣੇ ਦਸਤਾਵੇਜਾਂ ਨੂੰ ਆਧੁਨਿਕ ਤਕਨੀਕਾਂ ਨਾਲ ਸੁਰੱਖਿਅਤ ਕਰਨ ਲਈ ਸਰਵੇ 'ਚ ਹਿੱਸਾ ਲੈਣ ਦੀ ਅਪੀਲ
- ➢ ਪੁਰਾਤਨ ਲਿਖ਼ਤਾਂ ਸੰਭਾਲਣ ਵਾਲੇ ਲੋਕਾਂ ਨੂੰ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਨਾਲ ਸੰਪਰਕ ਕਰਨ ਦਾ ਸੱਦਾ

**ਪਟਿਆਲਾ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨਵਰੀਤ ਕੌਰ ਸੇਖੋਂ ਨੇ ਕੇਂਦਰ ਸਰਕਾਰ ਦੇ ਸੱਭਿਆਚਾਰਕ ਮੰਤਰਾਲੇ ਵੱਲੋਂ ਸ਼ੁਰੂ ਕੀਤੇ ਗਏ ਗਿਆਨ ਭਾਰਤਮ ਮਿਸ਼ਨ ਬਾਰੇ ਜਾਣਕਾਰੀ ਦਿੰਦਿਆਂ ਪਟਿਆਲਾ ਜ਼ਿਲ੍ਹੇ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਕੋਈ ਪੁਰਾਤਨ ਗ੍ਰੰਥ, ਹੱਥ ਲਿਖ਼ਤ ਜਾਂ ਕੋਈ ਹੋਰ ਦਸਤਾਵੇਜ ਹੋਵੇ ਤਾਂ ਉਹ ਕੌਮੀ ਮੈਨੂਸਕਰਿਪਟ ਸਰਵੇ 'ਚ ਹਿੱਸਾ ਲੈਕੇ ਇਸ ਨੂੰ ਸੁਰੱਖਿਅਤ ਕਰਵਾਉਣ ਲਈ ਅੱਗੇ ਆਉਣ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਲੋਕ ਪੁਰਾਤਨ ਤੇ ਅਮੀਰ ਬੌਧਿਕ ਵਿਰਾਸਤ ਦੀ ਸੰਭਾਲ ਲਈ ਜ਼ਰੂਰ ਗਿਆਨ ਭਾਰਤਮ ਮਿਸ਼ਨ ਦੇ ਸਰਵੇ ਵਿੱਚ ਲਾਜ਼ਮੀ ਹਿੱਸਾ ਲੈਣ।

ਵੱਖ-ਵੱਖ ਜ਼ਿਲ੍ਹਾ ਅਧਿਕਾਰੀਆਂ ਨਾਲ ਬੈਠਕ ਕਰਦਿਆਂ ਏ.ਡੀ.ਸੀ. ਨਵਰੀਤ ਕੌਰ ਨੇ ਕਿਹਾ ਕਿ ਅਜਿਹੀਆਂ ਪੁਰਾਤਨ ਹੱਥ ਲਿਖ਼ਤਾਂ, ਜਿਨ੍ਹਾਂ 'ਚ ਧਾਰਮਿਕ, ਸਾਹਿਤਕ, ਸਮਾਜਿਕ ਜਾਂ ਕਿਸੇ ਹੋਰ ਵਿਧਾ ਨਾਲ ਸਬੰਧਤ ਕੋਈ ਪੁਰਾਤਨ ਸਮੱਗਰੀ ਹੋਵੇ, ਇਸ ਦੇ ਸਰਵੇ ਲਈ ਡਿਪਟੀ ਕਮਿਸ਼ਨਰ ਦਫ਼ਤਰ ਵਿਖੇ ਕਮਰਾ ਨੰਬਰ 303, ਦੂਜੀ ਮੰਜ਼ਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਪਟਿਆਲਾ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।

ਉਨ੍ਹਾਂ ਨੇ ਅਪੀਲ ਕੀਤੀ ਕਿ ਜੇਕਰ ਜ਼ਿਲ੍ਹੇ ਅੰਦਰ ਕਿਸੇ ਵਿਅਕਤੀ, ਸੰਸਥਾ ਕੋਲ ਅਜਿਹੀ ਸਮੱਗਰੀ ਹੋਵੇ ਤਾਂ ਉਹ ਜ਼ਰੂਰ ਗਿਆਨ ਭਾਰਤਮ ਡਾਟ ਕਾਮ ਪੋਰਟਲ ਉਪਰ ਜਾ ਕੇ ਇਸ ਸਬੰਧੀ ਜਾਣਕਾਰੀ ਸਾਂਝੀ ਕਰੇ ਅਤੇ ਇਸ ਸਰਵੇ ਵਿੱਚ ਹਿੱਸਾ ਲਵੇ। ਇਸ ਤੋਂ ਬਿਨ੍ਹਾਂ ਗਿਆਨ ਭਾਰਤਮ ਮੋਬਾਇਲ ਐਪ ਵੀ ਆਪਣੇ ਫੋਨਾਂ ਉਪਰ ਡਾਊਨਲੋਡ ਕਰਕੇ ਇਸ ਸਰਵੇ ਵਿੱਚ ਹਿੱਸਾ ਲਿਆ ਜਾ ਸਕਦਾ ਹੈ।

ਨਵਰੀਤ ਕੌਰ ਸੇਖੋਂ ਨੇ ਕਿਹਾ ਕਿ ਅਜਿਹੀ ਪੁਰਾਤਨ ਹੱਥ ਲਿਖਤ ਸਮੱਗਰੀ, ਧਾਰਮਿਕ ਤੇ ਸਾਹਿਤਕ ਗ੍ਰੰਥਾਂ ਤੇ ਲਿਖ਼ਤਾਂ ਨੂੰ ਸਾਡੀਆਂ ਅਗਲੀਆਂ ਪੀੜ੍ਹੀਆਂ ਅਤੇ ਖੋਜ ਕਾਰਜਾਂ ਲਈ ਸੁਰੱਖਿਅਤ ਕਰਨ ਲਈ ਕੇਂਦਰ ਸਰਕਾਰ ਨੇ ਭਾਰਤ ਗਿਆਨ ਮਿਸ਼ਨ ਚਲਾਇਆ ਹੈ। ਉਨ੍ਹਾਂ ਦੱਸਿਆ ਕਿ ਇਸ ਤਹਿਤ ਨੈਸ਼ਨਲ ਮੈਨੁਸਕਰਿਪਟ ਸਰਵੇ ਕਰਵਾਇਆ ਜਾਵੇਗਾ।

ਉਨ੍ਹਾਂ ਕਿਹਾ ਕਿ ਇਸ ਤਹਿਤ ਅਜਿਹੀ ਦੁਰਲੱਭ ਖ਼ਜ਼ਾਨੇ ਨੂੰ ਅਗਲੀਆਂ ਪੀੜ੍ਹੀਆਂ ਲਈ ਅਤੇ ਖੋਜ ਕਾਰਜਾਂ ਲਈ ਸੁਰੱਖਿਅਤ ਕਰਨ ਲਈ ਅਤਿਆਧੁਨਿਕ ਢੰਗ ਤਰੀਕਿਆਂ ਤੇ ਤਕਨੀਕਾਂ ਨਾਲ ਸੁਰੱਖਿਅਤ ਕਰਨ ਲਈ ਇਨ੍ਹਾਂ ਪੁਰਾਤਨ ਲਿਖ਼ਤਾਂ ਦੀ ਪਛਾਣ, ਡਾਕੂਮੈਂਟੇਸ਼ਨ ਡਿਜ਼ੀਟਾਈਸ਼ਨ ਤੇ ਵਿਗਿਆਨਕ ਤਰੀਕੇ ਨਾਲ ਸੰਭਾਲ ਕੀਤੀ ਜਾਣੀ ਹੈ ਏ.ਡੀ.ਸੀ. ਨੇ ਅੱਗੇ ਦੱਸਿਆ ਕਿ ਇਸ ਸਬੰਧੀ ਰਾਜ ਪੱਧਰ 'ਤੇ ਮੁੱਖ ਸਕੱਤਰ ਦੀ ਅਗਵਾਈ ਹੇਠ ਰਾਜ ਪੱਧਰੀ ਕਮੇਟੀ ਅਤੇ ਜ਼ਿਲ੍ਹਾ ਪੱਧਰ ਉਤੇ ਵੀ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਕਮੇਟੀ ਦਾ ਗਠਨ ਹੋ ਚੁੱਕਾ ਹੈ।

# ਮਾਡਰਨ ਸਕੂਲ ਨੇ ਇੰਟਰ-ਸਕੂਲ ਬਾਸਕਟਬਾਲ ਟੂਰਨਾਮੈਂਟ ਵਿੱਚ ਸੋਨ ਤਮਗਾ ਜਿੱਤਿਆ



**ਪਟਿਆਲਾ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਡਰਨ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਨੇ 20-21 ਅਪ੍ਰੈਲ, 2026 ਨੂੰ ਆਪਣਾ ਦੋ-ਰੋਜ਼ਾ ਇੰਟਰ-ਸਕੂਲ ਬਾਸਕਟਬਾਲ ਟੂਰਨਾਮੈਂਟ ਸਫਲਤਾਪੂਰਵਕ ਕਰਵਾਇਆ, ਜਿਸ ਵਿੱਚ ਮੁੰਡਿਆਂ ਦੇ ਅੰਡਰ-17 ਅਤੇ ਕੁੜੀਆਂ ਦੇ ਅੰਡਰ-14 ਦੋਵਾਂ ਵਰਗਾਂ ਵਿੱਚ ਚੋਟੀ ਦੇ 8 ਸਕੂਲਾਂ ਨੇ ਹਿੱਸਾ ਲਿਆ।

ਮਾਡਰਨ ਸਕੂਲ ਨੇ ਪ੍ਰਭਾਵਸ਼ਾਲੀ ਪ੍ਰਦਰਸ਼ਨ ਕੀਤਾ, ਕੁੜੀਆਂ ਦੇ ਅੰਡਰ-14 ਵਰਗ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦੋਂ ਕਿ ਮੁੰਡਿਆਂ ਦੇ ਵਰਗ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਕੁੜੀਆਂ ਵਿੱਚ ਦੂਜਾ ਅਤੇ ਤੀਜਾ ਸਥਾਨ ਦ ਮਿਲੇਨੀਅਮ ਸਕੂਲ ਅਤੇ ਆਵਰ ਲੇਡੀ ਆਫ਼ ਫਾਤਿਮਾ ਕਾਨਵੈਂਟ ਸਕੂਲ, ਪਟਿਆਲਾ ਨੇ ਹਾਸਲ ਕੀਤਾ। ਲੜਕਿਆਂ ਦੇ ਵਰਗ ਵਿੱਚ ਆਰਮੀ ਪਬਲਿਕ ਸਕੂਲ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਮੇਜ਼ਬਾਨ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਦੂਜੇ ਸਥਾਨ 'ਤੇ ਰਿਹਾ ਅਤੇ ਆਵਰ ਲੇਡੀ ਆਫ਼ ਫਾਤਿਮਾ ਕਾਨਵੈਂਟ ਸਕੂਲ, ਅੱਸਰਪੁਰ ਤੀਜੇ ਸਥਾਨ 'ਤੇ ਰਿਹਾ।

ਤੇਜ਼ ਬ੍ਰੇਕ ਤੋਂ ਲੈ ਕੇ ਭਿਆਨਕ ਹਮਲਿਆਂ ਤੱਕ , ਟੂਰਨਾਮੈਂਟ ਵਿੱਚ ਮੁਕਾਬਲੇ ਬਹੁਤ ਹੀ ਰੋਮਾਂਚਕ ਅਤੇ ਦਿਲਚਸਪ ਸਨ। ਜਿਨ੍ਹਾਂ ਵਿੱਚ ਸਾਰੀਆਂ ਭਾਗੀਦਾਰ ਟੀਮਾਂ ਵਿੱਚ ਹੁਨਰ, ਟੀਮ ਵਰਕ ਅਤੇ ਦ੍ਰਿੜਤਾ ਦਾ ਪ੍ਰਦਰਸ਼ਨ ਕੀਤਾ ਗਿਆ।

ਮੋਸਟ ਵੈਲਿਊਏਬਲ ਪਲੇਅਰ (ਐਮਵੀਪੀ) ਪੁਰਸਕਾਰ ਮਾਡਰਨ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ (ਲੜਕੀਆਂ) ਦੀ ਜਸਗੀਤ ਕੌਰ ਅਤੇ ਆਰਮੀ ਪਬਲਿਕ ਸਕੂਲ (ਲੜਕੇ) ਦੀ ਸ਼ਨੀ ਯਾਦਵ ਨੂੰ ਟੂਰਨਾਮੈਂਟ ਦੌਰਾਨ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਪ੍ਰਦਾਨ ਕੀਤੇ ਗਏ।

ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਭਾਰਤੀ ਬਾਸਕਟਬਾਲ ਟੀਮ ਦੇ ਸਾਬਕਾ ਕਪਤਾਨ ਜਗਦੀਪ ਸਿੰਘ ਬੈਂਸ ਸਨ, ਜਿਨ੍ਹਾਂ ਦੀ ਮੌਜੂਦਗੀ ਨੇ ਨੌਜਵਾਨ ਖਿਡਾਰੀਆਂ ਨੂੰ ਪ੍ਰੇਰਿਤ ਕੀਤਾ ਅਤੇ ਪ੍ਰੋਗਰਾਮ ਵਿੱਚ ਮਾਣ ਵਧਾਇਆ।

# ਪਟਿਆਲਾ 'ਚ ਦਿਨ ਦਿਹਾੜੇ ਗੁੰਡਾਗਰਦੀ ਦਾ ਨੰਗਾ ਨਾਚ ਨਿੰਦਣਯੋਗ : ਪਵਨ ਗੁਪਤਾ

**ਪਟਿਆਲਾ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਬੀਤੇ ਦਿਨੀਂ ਪਟਿਆਲਾ ਦੀ ਗੁੜ ਮੰਡੀ ਵਿੱਚ, ਕਾਨੂੰਨ ਵਿਵਸਥਾ ਦੀਆਂ ਧੱਜੀਆਂ ਉਡਾਈਆਂ ਗਈਆਂ ਅਤੇ ਖੁੱਲ੍ਹੇਆਮ ਗੁੰਡਾਗਰਦੀ ਕੀਤੀ ਗਈ। ਵਪਾਰੀਆਂ 'ਤੇ ਹਮਲਾ ਕੀਤਾ ਗਿਆ ਅਤੇ ਦੁਕਾਨਾਂ ਦੇ ਤਾਲੇ ਦਿਨ-ਦਿਹਾੜੇ ਕਟਰ ਨਾਲ ਕੱਟ ਕੇ ਅਤੇ ਹਥਿਆਰਾਂ ਦੀ ਨੋਕ 'ਤੇ ਜ਼ਬਰਦਸਤੀ ਨਵੇਂ ਤਾਲੇ ਲਗਾ ਕੇ ਜ਼ਬਰਦਸਤੀ ਕਬਜ਼ੇ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਘਟਨਾ ਦਾ ਪਤਾ ਲੱਗਦਿਆਂ ਹੀ, ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ, ਸ਼੍ਰੀ ਪਵਨ ਗੁਪਤਾ ਨੇ ਤੁਰੰਤ ਸ਼ਿਵ ਸੈਨਾ ਹਿੰਦੁਸਤਾਨ ਵਪਾਰ ਸ਼ਾਖਾ ਦੇ ਪੰਜਾਬ ਪ੍ਰਧਾਨ ਸ਼੍ਰੀ ਕ੍ਰਿਸ਼ਨਾ ਗਾਬਾ, ਸੀਨੀਅਰ ਉਪ ਪ੍ਰਧਾਨ ਪੰਜਾਬ ਅਤੇ ਜ਼ਿਲ੍ਹਾ ਇੰਚਾਰਜ ਪਟਿਆਲਾ ਸ਼੍ਰੀ ਸ਼ਮਾ ਕਾਂਤ ਪਾਂਡੇ ਅਤੇ ਜ਼ਿਲ੍ਹਾ ਜਨਰਲ ਸਕੱਤਰ ਸ਼੍ਰੀ ਨਵਦੀਪ ਮਿੱਤਲ, ਹਿੰਦੁਸਤਾਨ ਵਪਾਰ ਸੈਨਾ ਪਟਿਆਲਾ ਨੂੰ ਗੁੜ ਮੰਡੀ ਵਿੱਚ ਵਪਾਰੀਆਂ ਨੂੰ ਮਿਲਣ ਲਈ ਭੇਜਿਆ। ਸ਼ਿਵ ਸੈਨਾ ਹਿੰਦੁਸਤਾਨ ਦੇ ਇਨ੍ਹਾਂ ਸੀਨੀਅਰ ਆਗੂਆਂ ਨੇ ਗੁੜ ਮੰਡੀ ਵਿੱਚ ਪ੍ਰਭਾਵਿਤ ਵਪਾਰੀਆਂ ਨਾਲ ਮੁਲਾਕਾਤ ਕੀਤੀ ਅਤੇ ਇਸ ਗੁੰਡਾਗਰਦੀ ਵਿਰੁੱਧ ਆਪਣਾ ਪੂਰਾ ਸਮਰਥਨ ਪ੍ਰਗਟ ਕਰਦਿਆਂ ਕਿਹਾ ਕਿ ਪਾਰਟੀ ਦੇ ਰਾਸ਼ਟਰੀ ਪ੍ਰਧਾਨ, ਸ਼੍ਰੀ ਪਵਨ ਗੁਪਤਾ, ਵਪਾਰੀਆਂ ਨਾਲ ਏਕਤਾ ਅਤੇ ਸਮਰਥਨ ਪ੍ਰਗਟ ਕਰਨ ਲਈ ਗੁੜ ਮੰਡੀ ਦਾ ਨਿੱਜੀ ਤੌਰ 'ਤੇ ਦੌਰਾ ਕੀਤਾ। ਇਸ ਐਲਾਨ ਦੇ ਅਨੁਸਾਰ, ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਅੱਜ, 21 ਅਪ੍ਰੈਲ, 2026 ਨੂੰ ਦੁਪਹਿਰ 1:00 ਵਜੇ ਪਟਿਆਲਾ ਦੀ ਗੁੜ ਮੰਡੀ ਵਿਖੇ ਪ੍ਰਭਾਵਿਤ ਵਪਾਰੀਆਂ ਨਾਲ ਮੁਲਾਕਾਤ ਕਰਨ ਲਈ ਪਹੁੰਚੇ, ਅਤੇ ਨਿੱਜੀ ਤੌਰ 'ਤੇ ਸਾਰੀ ਘਟਨਾ ਬਾਰੇ ਜਾਣਕਾਰੀ ਇਕੱਠੀ ਕੀਤੀ। ਗੁੜ ਮੰਡੀ ਦੇ ਪ੍ਰਭਾਵਿਤ ਦੁਕਾਨਦਾਰਾਂ ਤੋਂ ਇਲਾਵਾ, ਪ੍ਰਸਿੱਧ ਸਮਾਜ ਸੇਵਕ, ਪ੍ਰਸਿੱਧ ਕਾਰੋਬਾਰੀ ਅਤੇ ਸ਼੍ਰੀ ਰਾਧਾ ਸੰਕੀਰਤਨ ਮੰਡਲੀ ਦੇ ਮੁਖੀ ਸ਼੍ਰੀ ਅਨੀਸ਼ ਮੰਗਲਾ ਵੀ ਮੌਜੂਦ ਸਨ। ਉਨ੍ਹਾਂ ਨੇ ਸਥਿਤੀ ਬਾਰੇ ਦੱਸਿਆ ਅਤੇ ਕਿਹਾ ਕਿ ਇਸ ਘਟਨਾ ਨੇ ਵਪਾਰੀਆਂ ਵਿੱਚ ਡਰ ਦੀ ਭਾਵਨਾ ਪੈਦਾ ਕਰ ਦਿੱਤੀ ਹੈ। ਪੂਰੀ ਘਟਨਾ ਦੀ ਵਿਸਥਾਰ ਨਾਲ ਸਮੀਖਿਆ ਕਰਨ ਤੋਂ ਬਾਅਦ, ਸ਼੍ਰੀ ਪਵਨ ਗੁਪਤਾ ਨੇ ਹੈਰਾਨੀ ਪ੍ਰਗਟ ਕੀਤੀ ਕਿ ਘਟਨਾ ਸਥਾਨ ਤੋਂ ਥੋੜ੍ਹੀ ਦੂਰੀ 'ਤੇ ਸਥਿਤ ਕੋਤਵਾਲੀ ਪੁਲਿਸ ਸਟੇਸ਼ਨ ਨੂੰ ਦਿਨ ਦਾ ਸਮਾਂ ਹੋਣ ਦੇ ਬਾਵਜੂਦ ਮੌਕੇ 'ਤੇ ਪਹੁੰਚਣ ਵਿੱਚ ਇੰਨਾ ਸਮਾਂ ਲੱਗਿਆ। ਸ਼ਹਿਰ ਦੇ ਪ੍ਰਮੁੱਖ ਕਾਰੋਬਾਰੀਆਂ ਨੇ ਤੁਰੰਤ ਅਤੇ ਸਖ਼ਤ ਕਾਰਵਾਈ ਦੀ ਮੰਗ ਕਰਦੇ ਹੋਏ ਕੋਤਵਾਲੀ ਪੁਲਿਸ ਸਟੇਸ਼ਨ ਵਿੱਚ ਤਿੰਨ ਘੰਟੇ ਇੰਤਜ਼ਾਰ ਕੀਤਾ। ਪੁਲਿਸ ਨੂੰ ਤੁਰੰਤ ਅਤੇ ਸਖ਼ਤ ਕਾਰਵਾਈ ਕਰਨੀ ਚਾਹੀਦੀ ਸੀ। ਉਨ੍ਹਾਂ ਕਿਹਾ ਕਿ ਜੋ ਤੱਤ ਇਸ ਤਰ੍ਹਾਂ ਦੀ ਗੁੰਡਾਗਰਦੀ ਵਿੱਚ ਸ਼ਾਮਲ ਹੋ ਕੇ ਪੰਜਾਬ ਸਰਕਾਰ ਨੂੰ ਖੁੱਲ੍ਹੇਆਮ ਬਦਨਾਮ ਕਰਦੇ ਹਨ, ਉਨ੍ਹਾਂ ਨੂੰ ਸਖ਼ਤ ਤੋਂ ਸਖ਼ਤ ਕਾਰਵਾਈ ਕਰਕੇ ਗ੍ਰਿਫ਼ਤਾਰ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਇਸ ਗੁੰਡਾਗਰਦੀ ਦੀ ਸਖ਼ਤ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਸਾਜ਼ਿਸ਼ ਲਈ ਜ਼ਿੰਮੇਵਾਰ ਵਿਅਕਤੀ, ਜਿਸ ਦੇ ਇਸ਼ਾਰੇ ਅਤੇ ਭੜਕਾਹਟ 'ਤੇ ਕਾਨੂੰਨ ਵਿਵਸਥਾ ਨੂੰ ਚੁਣੌਤੀ ਦਿੱਤੀ ਗਈ ਸੀ, ਨੂੰ ਬਿਨਾਂ ਦੇਰੀ ਦੇ ਗ੍ਰਿਫ਼ਤਾਰ ਕੀਤਾ ਜਾਣਾ ਚਾਹੀਦਾ ਹੈ। ਗੁੜ ਮੰਡੀ ਦੇ ਵਪਾਰੀਆਂ ਨੇ ਕਿਹਾ ਕਿ ਸੱਤਾਧਾਰੀ ਪਾਰਟੀ ਦੇ ਵਿਧਾਇਕ ਸਰਦਾਰ ਅਜੀਤ ਪਾਲ ਸਿੰਘ ਕੋਹਲੀ ਦੇ ਸਖ਼ਤ ਰੁਖ਼ ਕਾਰਨ, ਗ੍ਰਿਫ਼ਤਾਰ ਕੀਤਾ ਗਿਆ ਵਿਅਕਤੀ ਮੁੱਖ ਦੋਸ਼ੀ ਨਹੀਂ ਹਨ। ਪਟਿਆਲਾ ਪੁਲਿਸ ਨੂੰ ਮਾਸਟਰਮਾਈਂਡ ਅਤੇ ਮੁੱਖ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਨਾ ਚਾਹੀਦਾ ਹੈ, ਜੋ ਕਿ ਅਜੇ ਤੱਕ ਨਹੀਂ ਕੀਤਾ ਗਿਆ ਹੈ। ਵਪਾਰੀਆਂ ਦੀਆਂ ਸ਼ਿਕਾਇਤਾਂ ਸੁਣਨ ਤੋਂ ਬਾਅਦ, ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਨੇ ਕਿਹਾ ਕਿ ਜੇਕਰ ਵਪਾਰੀਆਂ ਨੂੰ ਇਨਸਾਫ਼ ਨਹੀਂ ਮਿਲਦਾ, ਤਾਂ ਸ਼ਿਵ ਸੈਨਾ ਹਿੰਦੁਸਤਾਨ ਕਿਸੇ ਵੀ ਅੰਦੋਲਨ ਦਾ ਪੂਰਾ ਸਮਰਥਨ ਕਰੇਗੀ। ਉਨ੍ਹਾਂ ਪੰਜਾਬ ਸਰਕਾਰ ਅਤੇ ਪਟਿਆਲਾ ਜ਼ਿਲ੍ਹਾ ਪੁਲਿਸ, ਖਾਸ ਕਰਕੇ ਪਟਿਆਲਾ ਦੇ ਐਸਐਸਪੀ ਨੂੰ ਅਪੀਲ ਕੀਤੀ ਕਿ ਦੋਸ਼ੀਆਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਾ ਜਾਵੇ। ਦੋਸ਼ੀਆਂ ਪ੍ਰਤੀ ਦਿਖਾਈ ਗਈ ਕੋਈ ਵੀ ਨਰਮੀ ਪਟਿਆਲਾ ਦੇ ਹਿੰਦੂ ਭਾਈਚਾਰੇ, ਖਾਸ ਕਰਕੇ ਵਪਾਰਕ ਭਾਈਚਾਰੇ ਨੂੰ ਗਲਤ ਸੁਨੇਹਾ ਦੇ ਸਕਦੀ ਹੈ। ਇਸ ਮੌਕੇ ਪਾਰਟੀ ਪ੍ਰਧਾਨ ਸ੍ਰੀ ਪਵਨ ਗੁਪਤਾ ਨਾਲ ਪਾਰਟੀ ਦੇ ਮੁੱਖ ਬੁਲਾਰੇ ਸ੍ਰੀ ਪ੍ਰਦੀਪ ਵਰਮਾ, ਕ੍ਰਿਸ਼ਨ ਗਾਬਾ ਪੰਜਾਬ ਪ੍ਰਧਾਨ ਹਿੰਦੁਸਤਾਨ ਵਪਾਰ ਸੈਨਾ, ਸ਼ਮਾ ਕਾਂਤ ਪਾਂਡੇ ਸੀਨੀਅਰ ਉਪ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ ਪੰਜਾਬ ਜਿਲਾ ਪ੍ਰਭਾਰੀ ਪਟਿਆਲਾ, ਸ੍ਰੀ ਸਾਹਿਲ ਗੋਇਲ ਸੀਨੀਅਰ ਹਿੰਦੂ ਨੇਤਾ, ਸ੍ਰੀ ਨਵਦੀਪ ਮਿੱਤਲ ਜਿਲਾ ਸੈਕਟਰੀ ਹਿੰਦੁਸਤਾਨ ਵਪਾਰ ਸੈਨਾ ਪਟਿਆਲਾ ਹਾਜ਼ਰ ਸਨ।

# ਪਿੰਡ ਦੀਆਂ ਸਾਂਝੀਆਂ ਬੇਬੇ

ਹਰ ਪਿੰਡਾਂ ਵਿਚ ਚਾਰ-ਪੰਜ ਬੁੜੀਆਂ ਜਾ ਕਹਿ ਲਉ ਸਿਆਣੀਆਂ ਬੀਬੀਆਂ ਅਜਿਹੀਆ ਮਿਲ ਜਾਣਗੀਆਂ ਜਿਨ੍ਹਾਂ ਨੂੰ ਸਾਰਾ ਪਿੰਡ ਹੀ ਬੇਬੇ ਕਹਿੰਦਾ ਹੈ। ਅੱਜ ਕੱਲ੍ਹ ਭਾਵੇਂ ਸਮਾਂ ਬਦਲ ਗਿਆ ਹੈ ਪਰ ਅੱਜ ਪੰਦਰਾਂ ਵੀਹ ਸਾਲ ਪਹਿਲਾ ਇਨ੍ਹਾਂ ਦੀ ਬਹੁਤ ਜਿਆਦਾ ਪੁੱਛਗਿੱਛ ਜਾਂ ਕਹਿ ਲਉ ਕਦਰ ਹੁੰਦੀ ਸੀ। ਉਨ੍ਹਾਂ ਸਮਿਆਂ ਵਿਚ ਇਨ੍ਹਾਂ ਦੇ ਨਾਂ ਬਚਨੀ, ਪ੍ਰਸਿਨੀ, ਜੰਗੀਰੋ, ਜੈਕੁਰ, ਚੰਦਕੁਰ ਆਦਿ ਹੁੰਦੇ ਸਨ। ਕੋਈ ਵੀ ਕਾਰ-ਵਿਹਾਰ ਜਿਵੇਂ ਵਿਆਹ, ਬੱਚੇ ਦੇ ਜਨਮ ਸਮੇਂ ਜਾਂ ਕਿਸੇ ਦੀ ਮੌਤ ਹੋ ਜਾਣੀ ਤਾਂ ਇਨ੍ਹਾਂ ਦੀ ਸਲਾਹ ਜ਼ਰੂਰ ਲਈ ਜਾਂਦੀ ਸੀ। ਪਿੰਡ ਦੀਆਂ ਇਹ ਔਰਤਾਂ ਹਰ ਕੰਮ ਵਿਚ ਮੁਹਾਰਤ ਹਾਸਲ ਹੁੰਦੀ ਸੀ। ਘਰ ਵਿਚ ਇਨ੍ਹਾਂ ਦੀ ਪੂਰੀ ਚਲਦੀ ਹੁੰਦੀ ਸੀ। ਘਰ ਦਾ ਕੋਈ ਵੀ ਮੈਂਬਰ ਉਸ ਦੀ ਸਲਾਹ ਤੋਂ ਬਿਨਾਂ ਕੋਈ ਕੰਮ ਨਹੀਂ ਸੀ ਕਰਦਾ। ਵਿਆਹ ਦਾ ਕੱਪੜਾ ਖਰੀਦਣਾ ਹੋਵੇ, ਸੱਸ ਦਾ ਕਿਹੋ ਜਿਹਾ ਸੂਟ, ਸਹੁਰੇ ਦਾ ਕਿਹੋ ਜਿਹਾ ਕੰਬਲ ਸਭ ਕੁਝ ਉਸ ਦੀ ਸਲਾਹ ਨਾਲ ਹੋਣਾ। ਕਿਸੇ ਦੇ ਮੁੰਡਾ ਜੰਮ ਪਵੇ ਖੁਸਰਿਆਂ ਨੂੰ ਕਿਨ੍ਹੇ ਪੈਸੇ ਦੇਣੇ, ਚੌਂਕੇ 'ਤੇ ਕੀ ਕੁਝ ਕਰਨਾ, ਛੋਟੀਆਂ-ਛੋਟੀਆਂ ਗੱਲਾਂ ਵੀ ਉਸ ਤੋਂ ਪੁੱਛੀਆ ਜਾਂਦੀਆਂ ਸਨ। ਰਾਤ ਦੇ ਅੱਠ ਵੱਜ ਦੇ ਤਾਂ ਗਲੀ ਦੇ ਸਾਰੇ ਬੱਚੇ ਬੇਬੇ ਦੇ ਦੁਆਲੇ ਹੋ ਜਾਂਦੇ। ਕਹਾਣੀ ਸੁਣਾ ਤੇ ਬੇਬੇ ਬਹਿ ਜਾਂਦੀ। ਫਿਰ ਰਾਜੇ ਰਾਣੀਆਂ



ਦੀਆਂ ਕਹਾਣੀਆਂ ਸੁਣਾਉਣ ਲੱਗਦੀ ਤਾਂ ਅੱਧੀ-ਅੱਧੀ ਰਾਤ ਤਕ ਕਹਾਣੀਆਂ ਸੁਣਾਈ ਜਾਂਦੀ। ਸਵੇਰੇ ਚਾਰ ਵੱਜੇ ਉੱਠਣਾ ਗੁਰੂ ਘਰ ਮੱਥਾ ਟੇਕਣਾ ਤੇ ਫਿਰ ਮੱਝਾਂ ਚੋਣੀਆ, ਗੋਹਾ ਕੂੜਾ ਕਰਨਾ, ਘਰ ਦਾ ਸਾਰਾ ਕੰਮ-ਕਾਰ ਸਾਝਰੇ ਨਬੇੜ ਦੇਣਾ। ਜੇ ਕੋਈ ਮੇਰੇ ਵਰਗਾ ਪੁੱਛ ਲੈਂਦਾ ਕਿ ਬੇਬੇ ਤੂੰ ਥੱਕਦੀ ਨਹੀਂ ਤਾਂ ਅੱਗੋਂ ਕਹਿੰਦੀ, 'ਕੰਮ ਕਰਨ ਨਾਲ ਬੰਦਾ ਥੱਕਦਾ ਨਹੀ ਸੱਗੋ ਉਮਰ ਵਧਦੀ ਹੈ। ਘਰ ਵਿਚ ਨੂੰਹਾ ਧੀਆਂ ਹੋਣ ਦੇ ਬਾਵਜੂਦ ਵੀ ਆਪਣਾ ਸਾਰੇ ਕੰਮ ਇਹ ਆਪ ਕਰਦੀਆਂ। ਜੇ ਕੋਈ ਨੂੰਹ ਕਹਿ ਵੀ ਦਿੰਦੀ ਕਿ ਬੇਬੇ ਬਥੇਰਾ ਕੰਮ ਕਰ ਲਿਆ ਹੁਣ ਤੂੰ ਅਰਾਮ ਕਰਿਆ ਕਰ, ਅੱਗੋ ਕਹਿੰਦੀ ਕਿ ਮੈ ਤੂਹਾਨੂੰ ਤੁਰਦੀ ਫਿਰਦੀ ਚੰਗੀ ਨਹੀ ਲੱਗਦੀ। ਅਗਲਾ ਚੁੱਪ ਕਰ ਜਾਂਦਾ। ਸੱਚ ਮੁੱਚ ਤੁਰਦੀ ਫਿਰਦੀ ਰੌਣਕ ਹੁੰਦੀਆਂ ਸਨ ਪਿੰਡ ਦੀਆਂ ਇਹ ਬੇਬੇ।

• **ਦਵਿੰਦਰ ਰਿੰਕੂ ਸਨੌਰ**
98788-22777

# ਲੋਪ ਹੋਈ ਬੁਣਨ ਵਾਲੀ ਪਣਖ



ਲੋਪ ਹੋਈਆਂ ਵੰਨਗੀਆਂ ਕਾਰਨ ਅੱਜ ਪੰਜਾਬੀ ਸੱਭਿਆਚਾਰ ਕਮਜ਼ੋਰ ਜਾਪਦਾ ਹੈ। ਸਾਡੀ ਤ੍ਰਾਸਦੀ ਹੈ ਕਿ ਅਸੀਂ ਅਜੋਕੇ ਯੁੱਗ ਵਿਚ ਮਸ਼ੀਨਰੀ ਦੇ ਵੱਸ ਪੈ ਕੇ ਆਪਣੇ ਸੱਭਿਆਚਾਰ ਦੀਆਂ ਅਮੁੱਲ ਚੀਜ਼ਾਂ ਗਵਾ ਚੁੱਕੇ ਹਾਂ। ਜਿਸ ਕਾਰਨ ਅਸੀਂ ਨਵੀਂ ਪੀੜ੍ਹੀ ਨੂੰ ਉਹ ਚੀਜ਼ਾਂ ਦਿਖਾ ਨਹੀਂ ਸਕਦੇ ਕਿਉਂਕਿ ਉਹ ਵੰਨਗੀਆਂ ਹੁਣ ਸਿਰਫ਼ ਅਖ਼ਬਾਰਾਂ ਜਾਂ ਕੰਧਾਂ ਦੀਆਂ ਤਸਵੀਰਾਂ ਬਣਕੇ ਰਹਿ ਗਈਆਂ ਹਨ। ਲੋਪ ਹੋਈਆਂ ਵੰਨਗੀਆਂ ਦੀ ਸੂਚੀ ਬਹੁਤ ਲੰਬੀ ਹੈ। ਇਨ੍ਹਾਂ ਵੰਨਗੀ ਵਿਚ ਇਕ ਪਣਖ ਹੁੰਦੀ ਸੀ। ਜੋ ਪੰਜਾਬੀ ਸੱਭਿਆਚਾਰ ਦਾ ਅਹਿਮ ਹਿੱਸਾ ਮੰਨੀ ਜਾਂਦੀ ਸੀ। ਪਣਖ ਲੱਕੜ ਦੀ ਬਣੀ ਹੁੰਦੀ ਸੀ। ਜੋ ਤਾਣੀ ਅਤੇ ਦਰੀਆਂ ਬੁਣਨ ਸਮੇਂ ਵਰਤੀ ਜਾਂਦੀ ਸੀ। ਜਿਸ ਪਣਖ ਨਾਲ ਦਰੀਆਂ ਜਾਂ ਤਾਣੀ ਬੁਣੀ ਜਾਂਦੀ ਸੀ। ਉਸ ਨੂੰ ਵੱਡੀ ਪਣਖ ਕਹਿੰਦੇ ਸਨ। ਇਸ ਤੋਂ ਇਲਾਵਾ ਇਕ ਛੋਟੇ ਆਕਾਰ ਦੀ ਪਣਖ ਹੁੰਦੀ ਸੀ। ਜਿਸ ਨਾਲ ਫੁੱਲ ਬੂਟੀਆਂ ਵਾਲੇ ਝੋਲੇ ਬੁਣੇ ਜਾਂਦੇ ਸਨ।

ਵੱਡੀ ਪਣਖ ਨਾਲ ਖੇਸ ਜਾਂ ਦਰੀ ਦੀ ਚੌੜਾਈ ਤੈਅ ਕੀਤੀ ਜਾਂਦੀ ਸੀ ਤਾਂ ਜੋ ਦਰੀ ਜਾਂ ਖੇਸ ਚੌੜਾਈ ਖ਼ਤਮ ਹੋਣ ਤਕ ਬਰਾਬਰ ਰਹੇ। ਪਣਖ ਵਿਚ ਦੋ ਪਤਲੇ ਆਕਾਰ ਦੀਆਂ ਫੱਟੀਆਂ ਜੜੀਆਂ ਹੁੰਦੀਆਂ ਸਨ। ਜਿਨ੍ਹਾਂ ਦੇ ਇਕ ਬਾਹਰ ਨਿਕਲਦੇ ਕੋਨਿਆਂ ਉੱਪਰ ਇਕ ਪਤਲੀ ਲੋਹੇ ਦੀ ਕਿੱਲ ਜਾਂ ਮੇਖ ਲੱਗੀ ਹੁੰਦੀ ਸੀ। ਦੋਵੇਂ ਫੱਟੀਆਂ ਦੇ ਵਿਚਕਾਰ ਛੋਟੀਆਂ-ਛੋਟੀਆਂ ਗਲੀਆਂ ਹੁੰਦੀਆਂ ਹਨ। ਇਸ ਵਿਚ ਕੋਈ ਵੱਡੀ ਕਿੱਲ ਮੇਖ ਪਾ ਕੇ ਦਰੀ ਜਾਂ ਖੇਸ ਵਿਚ ਲਾ ਦਿੱਤੀ ਜਾਂਦੀ ਸੀ। ਜਿਸ ਨਾਲ ਦਰੀ ਜਾਂ ਖੇਸ ਕਾਣ ਵਿਚ ਨਹੀਂ ਜਾਂਦੇ। ਇਹ ਘਰੇਲੂ ਉਦਯੋਗ ਦੇ ਸੰਦਾਂ ਵਿਚ ਇਕ ਅਹਿਮ ਸਥਾਨ ਰੱਖਦੀ ਸੀ ਜੋ ਸੱਭਿਆਚਾਰ ਦਾ ਇਕ ਅੰਗ ਬਣਦੀ ਸੀ। ਜਦੋਂ ਘਰਾਂ ਵਿਚ ਔਰਤਾਂ ਝੋਲੇ, ਦਰੀਆਂ ਜਾਂ ਖੇਸ ਬੁਣਦੀਆਂ ਉਸ ਵੇਲੇ ਪਣਖ ਵੀ ਉਨ੍ਹਾਂ ਦੀ ਸਾਥੀ ਬਣਦੀ। ਆਧੁਨਿਕ ਸਮੇਂ ਨੇ ਪੁਰਾਤਨ ਪਣਖਾਂ ਨੂੰ ਖ਼ਤਮ ਕਰ ਦਿੱਤਾ ਹੈ। ਅੱਜ ਕੱਲ੍ਹ ਹਰ ਤਰ੍ਹਾਂ ਕੱਪੜਾ ਮਸ਼ੀਨਾਂ 'ਤੇ ਹੀ ਤਿਆਰ ਹੁੰਦਾ ਹੈ। ਘਰਾਂ ਵਿਚ ਔਰਤਾਂ ਦਰੀਆਂ ਖੇਸ ਝੋਲੇ ਬੁਣਨੋਂ ਹੱਟ ਗਈਆਂ ਹਨ। ਜਿਸ ਕਰ ਕੇ ਪਣਖਾਂ ਵੀ ਲੋਪ ਹੋ ਗਈਆਂ ਹਨ।

• **ਬੇਅੰਤ ਬਾਜਵਾ**
70878-00168

# ਜੀਵਨ ਦੇ ਸੱਚ ਨੂੰ ਸਵੀਕਾਰੋ

ਜਿੱਥੇ ਲੋਕ ਆਪਣੇ ਮਕਸਦ ਨੂੰ ਹਾਸਲ ਕਰਨ ਵਿਚ ਜੁਟੇ ਹੋਏ ਹਨ ਉੱਥੇ ਹੀ ਇਨ੍ਹਾਂ ਵਿੱਚੋਂ ਕੁਝ ਖ਼ੁਦ ਨੂੰ ਉਹ ਸਾਬਤ ਕਰਨ ਲੱਗੇ ਹੋਏ ਹਨ ਜੋ ਅਸਲ ਵਿਚ ਉਹ ਹੈ ਹੀ ਨਹੀਂ। ਉਹ ਆਪਣਾ ਆਪ ਵਿਖਾਉਣ ਦੀ ਥਾਂ ਤੇ ਇਕ ਵੱਖਰਾ ਹੀ ਮਖੌਟਾ ਚਿਹਰੇ ਉੱਤੇ ਪਾ ਕੇ ਖ਼ੁਦ ਨੂੰ ਲੋਕਾਂ ਅੱਗੇ ਪੇਸ਼ ਕਰਦੇ ਹਨ ਜਦੋਂ ਕਿ ਅਸਲ ਵਿਚ ਉਹ ਇਸ ਦੇ ਉਲਟ ਹੁੰਦੇ ਹਨ। ਇਹੀ ਕਾਰਨ ਹੈ ਕਿ ਕੁਝ ਲੋਕ ਸਮਾਜ ਵਿਚ ਝੂਠੀ ਸ਼ਾਨ ਅਤੇ ਦਿਖਾਵੇ ਲਈ ਵਿਆਹ ਸ਼ਾਦੀ ਮੌਕੇ ਵਿੱਤੋਂ ਬਾਹਰਾ ਖ਼ਰਚ ਕਰਦੇ ਹਨ। ਜਿਸ ਕਾਰਨ ਉਹ ਕਰਜ਼ਈ ਹੋ ਜਾਂਦੇ ਹਨ। ਉਹ ਅਜਿਹਾ ਸਿਰਫ਼ ਸਮਾਜ ਵਿਚ ਆਪਣੀ ਨੱਕ ਰੱਖਣ ਲਈ ਕਰਦੇ ਹਨ। ਇਹ ਸਭ ਗੱਲਾਂ ਕਿੱਥੇ ਤਕ ਸਹੀ ਹਨ? ਸਵਾਲ ਇਹ ਉੱਠਦਾ ਹੈ ਕਿ ਜਦੋਂ ਉਹ ਕਰਜ਼ੇ ਦੀ ਮਾਰ ਹੇਠ ਆ ਜਾਂਦੇ ਹਨ ਤਾਂ ਕੀ ਸਮਾਜ ਉਨ੍ਹਾਂ ਦਾ ਕਰਜ਼ਾ ਉਤਾਰਨ ਵਿਚ ਕੋਈ ਮਦਦ ਕਰਦਾ ਹੈ? ਬਿਲਕੁਲ ਨਹੀਂ, ਫੇਰ ਉਹ ਅਜਿਹੇ ਸਮਾਜ ਦੀ ਪਰਵਾਹ ਹੀ ਕਿਉਂ ਕਰਦੇ ਹਨ? ਉਹ ਅਸਲੀਅਤ ਦਾ ਰਾਹ ਕਿਉਂ ਨਹੀਂ ਅਪਣਾਉਂਦੇ? ਉਹ ਖੁੱਲ੍ਹ ਕੇ ਸਮਾਜ ਅੱਗੇ ਕਿਉਂ ਨਹੀਂ ਆਉਂਦੇ। ਇਹ ਲੋਕ ਹਮੇਸ਼ਾ ਅਸਲੀਅਤ ਨੂੰ ਨਕਾਰਦੇ ਹਨ ਜੋ ਗ਼ਲਤ ਹੈ। ਅਕਸਰ ਵੇਖਣ ਵਿਚ ਆਇਆ ਹੈ ਕਿ ਕੋਈ ਪ੍ਰੋਗਰਾਮ ਹੋਵੇ ਜਾਂ ਕੋਈ ਫੰਕਸ਼ਨ ਸਭ ਇਕ ਦੂਜੇ ਤੋਂ ਸੋਹਣਾ ਵਿਖਣ ਦੀ ਜਦੋਂ-ਜਹਿਦ ਵਿਚ ਮਹਿੰਗੀ ਤੋਂ ਮਹਿੰਗੀ ਪੁਸ਼ਾਕ ਪਾ ਕੇ ਆਉਂਦੇ ਹਨ। ਇਕ ਦੂਜੇ ਤੋਂ ਬਿਹਤਰ ਦਿਖਣ ਦੀ ਇਹ ਬੁਰੀ ਆਦਤ ਅੱਜ ਸਮਾਜ ਦੇ ਹਰ ਵਿਅਕਤੀ ਵਿਚ ਵੇਖਣ ਲਈ ਮਿਲਦੀ ਹੈ।

ਹਰ ਵਿਅਕਤੀ ਆਪਣੇ ਆਪ ਨੂੰ ਅਸਲ ਰੰਗ ਰੂਪ ਤੋਂ ਹਟਾ ਕੇ ਦੂਜੇ ਨਾਲੋਂ ਕੁਝ ਅਲੱਗ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਜੱਦੋ-ਜਹਿਦ ਵਿਚ ਉਹ ਆਪਣੇ ਆਪ ਤੋਂ ਵੀ ਵਾਂਝਾ ਹੋ ਜਾਂਦਾ ਹੈ। ਹਰ ਵਿਅਕਤੀ ਆਪਣੇ ਆਪ ਵਿਚ ਕਿਧਰੇ ਗੁਆਚਿਆਂ ਹੋਇਆ ਹੈ ਪਰ ਅਫ਼ਸੋਸ ਤਾਂ ਇਹ ਹੈ ਕਿ ਉਹ ਆਪਣੇ ਆਪ ਨੂੰ ਲੱਭਣ ਦਾ ਯਤਨ ਵੀ ਨਹੀਂ ਕਰਦਾ ਕਿਉਂਕਿ ਅਸਲੀਅਤ ਨੂੰ ਸਵਿਕਾਰਨ ਦੀ ਉਸ ਵਿਚ ਹਿੰਮਤ ਨਹੀਂ ਹੁੰਦੀ। ਅਕਸਰ ਇਹ ਵੀ ਵੇਖਣ ਵਿਚ ਆਉਂਦਾ ਹੈ ਕਿ ਲੋਕ ਆਪਣੀ ਦਿੱਖ ਨੂੰ ਵਧੀਆ ਪੇਸ਼ ਕਰਨ ਲਈ ਕਈ ਵਾਰ ਝੂਠ ਦਾ ਸਹਾਰਾ ਲੈਂਦੇ ਹਨ। ਕਿਸੇ ਰਿਸ਼ਤੇਦਾਰ ਵਿਚ ਜਾ ਕੇ ਉਹ ਆਪਣੇ ਰਹਿਣ ਸਹਿਣ ਦੇ ਤੌਰ ਤਰੀਕੇ ਨੂੰ ਕੁਝ ਹੋਰ ਹੀ ਪੇਸ਼ ਕਰਦੇ ਹਨ, ਜਦੋਂ ਕਿ ਉਸ ਪਿੱਛੇ ਵਾਸਤਵਿਕਤਾ ਕੁਝ ਹੋਰ ਹੀ ਹੁੰਦੀ ਹੈ।

ਮਨੁੱਖ ਅਜਿਹੇ ਲੋਕ ਦਿਖਾਵੇ ਨਾਲ ਹੋ ਸਕਦਾ ਦੂਜਿਆਂ ਦੀਆ ਨਜ਼ਰਾਂ ਵਿਚ ਖ਼ੁਦ ਨੂੰ ਬਿਹਤਰ ਸਾਬਤ ਕਰ ਦੇਵੇ ਪਰ ਉਸ ਸਮੇਂ ਉਸ ਦੀ ਅੰਤਰ ਆਤਮਾ ਉਸ ਨੂੰ ਲਾਹਨਤਾਂ ਜ਼ਰੂਰ ਪਾਉਂਦੀ ਹੈ। ਅਜਿਹਾ ਮਨੁੱਖ ਆਪਣੇ ਆਪ ਵਿਚ ਹੀ ਹਲਕਾ ਪੈ ਜਾਂਦਾ ਹੈ। ਕਿਉਂਕਿ ਉਹ ਆਪਣੇ ਆਪ ਵਿਚ ਇਹ ਜਾਣਦਾ ਹੁੰਦਾ ਹੈ ਕਿ ਉਹ ਅਸਲੀਅਤ ਤੋਂ ਦੂਰ ਭੱਜ ਰਿਹਾ ਹੈ। ਮਨੁੱਖ ਅੰਦਰਲੀ ਇਹ ਨਕਾਰਾਤਮਕ ਅਜਿਹਾ ਵਿਅਕਤੀ ਜੀਵਨ ਦੇ ਮਨੋਰਥ ਨੂੰ ਹਾਸਲ ਕਰਨ ਵਿਚ ਵੀ ਵਾਂਝਾ ਰਹਿ ਜਾਂਦਾ ਹੈ। ਮਨੁੱਖ ਨੂੰ ਚਾਹੀਦਾ ਹੈ ਕਿ ਹੋਰਨਾਂ ਲਈ ਨਹੀਂ ਬਲਕਿ ਖ਼ੁਦ ਲਈ ਜਿਊਣ ਦਾ ਯਤਨ ਕਰੇ। ਉਹ ਜੀਵਨ ਦੀ ਖ਼ੂਬਸੂਰਤੀ ਨੂੰ ਪਛਾਣਦੇ ਹੋਏ ਇਸ ਨੂੰ ਆਪਣੇ ਤੌਰ-ਤਰੀਕਿਆਂ ਨਾਲ ਹੰਢਾਏ। ਮਨੁੱਖੀ ਜੀਵਨ ਬਹੁਤ ਉੱਤਮ ਹੈ। ਹਰ ਮਨੁੱਖ ਦੂਜਿਆਂ ਅੱਗੇ ਖ਼ੁਦ ਨੂੰ ਚੰਗਾ ਸਾਬਤ ਕਰਨ ਤੋਂ ਪਹਿਲਾ ਆਪਣੇ ਆਪ ਵਿਚ ਇੰਨਾ ਪਰਪੱਕ ਅਤੇ ਸੂਝਵਾਨ ਬਣੇ ਕਿ ਉਸ ਦੀਆਂ ਚੰਗਿਆਈਆਂ ਲੋਕਾਂ ਨੂੰ ਆਪ ਮੁਹਾਰੇ ਹੀ ਦਿਸਣ।

ਆਪਣੀਆਂ ਨਜ਼ਰਾਂ ਵਿਚ ਉੱਪਰ ਉੱਠ ਕੇ ਹੀ ਮਨੁੱਖ ਸਮਾਜ ਵਿਚ ਆਪਣੀ ਇਕ ਚੰਗੀ ਪਛਾਣ ਬਣਾ ਸਕਦਾ ਹੈ। ਸਮਾਜ ਦੇ ਹਰ ਮਨੁੱਖ ਨੂੰ ਅਸਲੀਅਤ ਨੂੰ ਸਵੀਕਾਰਦੇ ਹੋਏ ਲੋਕ ਦਿਖਾਵੇ ਭਰੀ ਸੋਚ ਤਿਆਗਣ ਦੀ ਲੋੜ ਹੈ। ਨੌਜਵਾਨ ਪੀੜ੍ਹੀ ਇਸ ਆਦਤ ਦਾ ਜ਼ਿਆਦਾ ਸ਼ਿਕਾਰ ਹੈ। ਉਸ ਨੂੰ ਵੀ ਇਹ ਚਾਹੀਦਾ ਹੈ ਕਿ ਉਹ ਖੁੱਲ੍ਹ ਕੇ ਸਾਹਮਣੇ ਆਉਣ ਦਾ ਯਤਨ ਕਰੇ ਅਤੇ ਆਪਣੇ ਆਪ ਨੂੰ ਸਮਾਜ ਅੱਗੇ ਉਹੀ ਬਿਆਨ ਕਰੇ ਜੋ ਅਸਲੀਅਤ ਵਿਚ ਉਹ ਹੈ। ਅਕਸਰ ਵੇਖਿਆ ਗਿਆ ਹੈ ਕਿ ਕੁਝ ਲੋਕ ਆਪਣਾ ਸਾਰਾ ਜੀਵਨ ਹੋਰਨਾਂ ਦੀਆਂ ਨਜ਼ਰਾਂ ਵਿਚ ਖ਼ੁਦ ਨੂੰ ਬਿਹਤਰ ਸਾਬਤ ਕਰਨ ਦੀ ਜਦੋਂ-ਜਹਿਦ ਵਿਚ ਹੀ ਲੰਘਾ ਦਿੰਦੇ ਹਨ ਜੋ ਕਿ ਗ਼ਲਤ ਹੈ। ਇਹ ਸੱਚਾਈ ਹੈ ਕਿ ਜਦੋਂ ਮਨੁੱਖ ਆਪਣੇ ਆਪ ਵਿਚ ਚੰਗਾ ਬਣ ਗਿਆ ਤਾਂ ਉਸ ਨੂੰ ਕਿਸੇ ਅੱਗੇ ਕੁਝ ਸਾਬਤ ਕਰਨ ਦੀ ਲੋੜ ਨਹੀਂ ਪਵੇਗੀ। ਅਜਿਹੀ ਵਿਖਾਵੇ ਭਰੀ ਸੋਚ ਤੋਂ ਰਹਿਤ ਲੋਕ ਹੀ ਜੀਵਨ ਨੂੰ ਖੁੱਲ੍ਹ ਕੇ ਜਿਉਂਦੇ ਹਨ ਅਤੇ ਆਪਣੇ ਮਕਸਦ ਵਿਚ ਕਾਮਯਾਬੀ ਹਾਸਲ ਕਰਦੇ ਹਨ।

ਸਮਾਜ ਵਿਚ ਰਹਿੰਦੇ ਹਰ ਵਿਅਕਤੀ ਨੂੰ ਜੀਵਨ ਦੀ ਮਹੱਤਤਾ ਨੂੰ ਸਮਝਦੇ ਹੋਏ ਇਸ ਨੂੰ ਹੋਰਨਾਂ ਦੇ ਤੌਰ-ਤਰੀਕਿਆਂ ਅਨੁਸਾਰ ਜਿਊਣ ਦੀ ਬਜਾਏ ਆਪਣੇ ਅਨੁਸਾਰ ਜਿਊਣ ਦਾ ਯਤਨ ਕਰਨਾ ਚਾਹੀਦਾ ਹੈ। ਅਸਲੀਅਤ ਨੂੰ ਸਵੀਕਾਰ ਦੇ ਹੋਏ ਇਸ ਤੋਂ ਦੂਰ ਭੱਜਣ ਦੀ ਬਜਾਏ। ਸੱਚ ਦਾ ਰਾਹ ਅਪਣਾ ਕੇ ਜੀਵਨ ਵਿਚ ਅੱਗੇ ਵਧਣਾ ਚਾਹੀਦਾ ਹੈ। ਮਨੁੱਖੀ ਜੀਵਨ ਬਹੁਮੁੱਲਾਂ ਹੈ ਇਸ ਦੀ ਖ਼ੂਬਸੂਰਤੀ ਨੂੰ ਪਛਾਣਦੇ ਹੋਏ ਮਨੁੱਖ ਨੂੰ ਹਰ ਇਕ ਪਲ ਨੂੰ ਜਿਊਣ ਦਾ ਯਤਨ ਕਰਨਾ ਚਾਹੀਦਾ ਹੈ। ਲੋਕ ਦਿਖਾਵੇ ਭਰੀ ਸੋਚ ਤੋਂ ਰਹਿਤ ਹੋ ਕੇ ਸਾਦਾ ਜੀਵਨ ਜਿਊਣ ਦੀ ਜਾਂਚ ਨੂੰ ਅਪਣਾਉਣਾ ਚਾਹੀਦਾ ਹੈ। ਸਾਦਗੀ ਭਰਪੂਰ ਜੀਵਨ ਹੀ ਸਭ ਤੋਂ ਉੱਤਮ ਜੀਵਨ ਹੈ। ਸੱਚ ਨੂੰ ਸਵੀਕਾਰਦੇ ਹੋਏ ਆਪਣੇ ਮਕਸਦ ਵੱਲ ਅੱਗੇ ਵਧਣਾ ਚਾਹੀਦਾ ਹੈ। ਅਸਲੀਅਤ ਵਿਚ ਜਿਊਣ ਵਾਲਾ ਜੀਵਨ ਹੀ ਸਰਵੋਤਮ ਜੀਵਨ ਹੈ।

• **ਨੂਰਦੀਪ ਕੋਮਲ**




**ਅਸਲੀਅਤ**

*ਸਮਾਜ 'ਚ ਰਹਿੰਦੇ ਹਰ ਵਿਅਕਤੀ ਨੂੰ ਜੀਵਨ ਦੀ ਮਹੱਤਤਾ ਨੂੰ ਸਮਝਦੇ ਹੋਏ ਇਸ ਨੂੰ ਹੋਰਨਾਂ ਦੇ ਤੌਰ-ਤਰੀਕਿਆਂ ਅਨੁਸਾਰ ਜਿਊਣ ਦੀ ਬਜਾਏ ਆਪਣੇ ਅਨੁਸਾਰ ਜਿਊਣ ਦਾ ਯਤਨ ਕਰਨਾ ਚਾਹੀਦਾ ਹੈ। ਅਸਲੀਅਤ ਨੂੰ ਸਵੀਕਾਰਦੇ ਹੋਏ ਇਸ ਤੋਂ ਦੂਰ ਭੱਜਣ ਦੀ ਬਜਾਏ। ਸੱਚ ਦਾ ਰਾਹ ਅਪਣਾ ਕੇ ਜੀਵਨ ਵਿਚ ਅੱਗੇ ਵਧਣਾ ਚਾਹੀਦਾ ਹੈ ਤੇ ਮਨੁੱਖੀ ਜੀਵਨ ਦੀ ਖ਼ੂਬਸੂਰਤੀ ਨੂੰ ਪਛਾਣਨਾ ਚਾਹੀਦਾ ਹੈ।*



# ਚਾਦਰ ਦੇਖ ਕੇ ਪੈਰ ਪਸਾਰੀਏ ਜੀ



ਕਦੇ ਸੁਣਦੇ ਹੁੰਦੇ ਸਾਂ, 'ਕੀ ਕਰੀਏ ਔਖੇ ਹੋ ਕੇ ਕਰਨਾ ਹੀ ਪਿਆ, ਨਹੀਂ ਤਾਂ ਸ਼ਰੀਕੇ ਬਰਾਦਰੀ 'ਚ ਨੱਕ ਨਹੀਂ ਰਹਿਣੀ ਸੀ। ਅਕਸਰ ਇਹ ਸਭ ਦਿਖਾਵਾ ਹੀ ਹੁੰਦਾ ਸੀ। ਆਪਣੇ-ਆਪ ਨੂੰ ਪੰਜ ਦੀ ਥਾਂ ਵੀਹ ਦੱਸਣਾ। ਜੇ ਕਿਸੇ ਨੇ ਕੁਝ ਨਵਾਂ ਖ਼ਰੀਦ ਲੈਣਾ ਤਾਂ ਦੇਖੋ ਦੇਖੀ ਕਰਜ਼ਾ ਚੁੱਕ ਚੀਜ਼ ਖ਼ਰੀਦ ਦਿਖਾਵਾ ਕਰਨਾ ਪਰ ਇਹ ਸਭ ਕੁਝ ਅਸਰ ਰਸੂਖ ਰੱਖਣ ਵਾਲੇ ਪਰਿਵਾਰਾਂ ਵਿਚ ਹੀ ਜ਼ਿਆਦਾਤਰ ਦੇਖਣ ਨੂੰ ਮਿਲਦਾ ਸੀ। ਬਾਕੀ ਕਹਿ ਛੱਡਦੇ, 'ਭਾਈ ਉਨ੍ਹਾਂ ਦੀਆਂ ਕੀ ਰੀਸਾਂ ? ਆਪਣੀ ਚਾਦਰ ਵੇਖ ਪੈਰ ਪਸਾਰੋ।' ਹੌਲੀ-ਹੌਲੀ ਵਕਤ ਬੀਤ ਦਾ ਗਿਆ,'ਵੱਡੇ ਨੱਕ' ਹੁਣ ਕਰੀਬ ਕਰੀਬ ਸਭ ਨੂੰ ਲਗਦੇ ਜਾ ਰਹੇ ਹਨ। ਕੋਈ ਟਾਵਾਂ ਹੀ ਇਸ ਦੀ ਮਾਰ ਤੋਂ ਬਚਿਆ ਹੈ। ਕਿਸੇ ਦਾ ਵਿਆਹ ਹੋਵੇ ਬੇਸ਼ੱਕ ਪਹੁੰਚ ਹੋਵੇ ਜਾਂ ਨਹੀਂ ਪਰ 4-5 ਫ਼ੰਕਸ਼ਨ ਕਰਨੇ ਆਮ ਹੋ ਗਿਆ ਹੈ। ਮਹਿੰਦੀ ਤੋਂ ਰਿਸੈਪਸ਼ਨ ਤਕ ਕਹਿੰਦਾ ਕਹਾਉਂਦਾ ਬੰਦਾ ਵੀ ਸੋਚੀ ਪੈ ਜਾਂਦਾ ਕਿ ਇਸ ਤੋਂ ਬਿਨ੍ਹਾਂ ਨਹੀਂ ਸਰ ਸਕਦਾ ਸੀ। ਫਿਰ ਨਾਲ ਹੀ ਦੂਜੇ ਪਲ ਕਹਿੰਦਾ ਚਲੋ ਨੱਕ ਤਾਂ ਰਹਿ ਗਈ। ਪਹਿਲਾਂ ਵਿਆਹਾਂ ਵਿਚ ਕਿਸੇ ਵੀ ਤਰ੍ਹਾਂ ਦੀਆਂ ਵਸਤਾਂ ਦਾ ਲੈਣ ਦੇਣ ਇਕ ਦੂਜੇ ਦੀ ਮਦਦ ਕਰਨਾ ਹੁੰਦਾ ਸੀ। ਇਸ ਬਹਾਨੇ ਲੋਕ ਇਕ ਦੂਜੇ ਦਾ ਭਾਰ ਵੰਡਾਉਂਦੇ ਸਨ ਪਰ ਅੱਜ ਇਹ ਬਹੁਤ ਵੱਡਾ ਪਾਖੰਡ ਬਣ ਚੁੱਕਾ ਹੈ। ਇਕ ਹੋਰ ਨਵਾਂ 'ਡਰਾਮਾ' ਚੱਲ ਪਿਆ ਹੈ ਜੋ ਇਹ ਹੈ ਕਿ ਦਾਜ ਕੋਈ ਨਹੀਂ ਲੈਣਾ ਬਸ ਤੁਸੀਂ ਬਰਾਤ ਦੀ ਸੇਵਾ ਚੰਗੀ ਤਰ੍ਹਾਂ ਕਰ ਦੇਣੀ। ਬਾਕੀ ਸਾਡਾ ਘਰ ਸਮਾਨ ਨਾਲ ਤਾਂ ਪਹਿਲਾਂ ਹੀ ਭਰਿਆ ਪਿਆ, ਕੋਈ ਨਕਦੀ ਜਾਂ ਗਹਿਣਾ ਦੇਣਾ ਉਹ ਤੁਹਾਡੀ ਕੁੜੀ ਦੇ ਹੀ ਕੰਮ ਆਊ। ਅੱਗੋਂ ਕੁੜੀ ਵਾਲੇ ਵੀ ਘੱਟ ਨਹੀਂ, ਉਹ ਵੀ ਜੇ ਕੋਈ ਭਲਾਮਾਣਸ ਕੁਝ ਵੀ ਲੈਣ ਤੋਂ ਮਨ੍ਹਾ ਕਰੇ ਤਾਂ ਕਰਜਾ ਚੁੱਕ ਕੇ ਵੱਡੀਆਂ ਕਾਰਾਂ ਦੇਣਗੇ, ਪਿੱਛੇ ਆਪਣੇ ਮੁੰਡੇ ਲਈ ਭਾਵੇਂ ਕੁਝ ਨਾ ਬਚੇ। ਲੋੜ ਦੀਆਂ ਚੀਜ਼ਾਂ ਤੋਂ ਵੱਧ ਖ਼ਰਚ ਦਿਖਾਵਿਆਂ ਦਾ ਹੈ ਜੋ ਕੇਵਲ ਮਾਨਸਿਕ ਪਰੇਸ਼ਾਨੀ ਹੀ ਹੈ ਕਿਉਂਕਿ ਕਿਸੇ ਨੂੰ ਤੁਹਾਡੀਆਂ ਇਨ੍ਹਾਂ ਚੀਜ਼ਾਂ ਨਾਲ ਕੋਈ ਫ਼ਰਕ ਨਹੀਂ ਪੈਂਦਾ ਪਰ ਦੂਜੇ ਦਾ ਲਾਲ ਮੂੰਹ ਦੇਖ ਆਪਣਾ ਮੂੰਹ 'ਚਪੇੜਾਂ' ਮਾਰ ਮਾਰ ਲਾਲ ਕਰਨਾ ਗ਼ਲਤ ਰੁਝਾਨ ਹੈ ਜੋ ਕਿ ਸਾਨੂੰ ਖ਼ੁਦਕੁਸ਼ੀਆਂ ਦੇ ਰਾਹ ਤੋਰ ਰਿਹਾ।ਮਹਿੰਗੇ ਹੋਟਲਾਂ 'ਚ ਜਨਮ ਦਿਨ, ਠਾਕੇ, ਨਵੇਂ ਸਾਲ ਮਨਾਉਣਾ, ਵਿਆਹ ਕਰਨੇ ਇੱਥੋਂ ਤਕ ਹੁਣ ਤਾਂ ਮਰਗ ਦੇ ਭੋਗ ਵੀ ਕਿਤੇ ਨਾ ਕਿਤੇ ਸਾਨੂੰ ਆਰਥਿਕ ਮੰਦਹਾਲੀ ਵੱਲ ਲਿਜਾ ਰਹੇ ਹਨ ਪਰ ਅਜੇ ਸਾਨੂੰ ਹੋਸ਼ ਨਹੀਂ। ਭਾਈਚਾਰਾ ਘੱਟ ਰਿਹਾ, ਲੋਕ ਦੁੱਖ ਸਾਂਝੇ ਨਹੀਂ ਕਰਦੇ ਸਗੋਂ ਨਕਲੀ ਮੁਸਕਰਾਹਟ ਨਾਲ ਦੂਜਿਆਂ ਨੂੰ ਖ਼ੁਸ਼ ਦਿਖਾਈ ਦੇਣ ਦਾ ਢੌਂਗ ਕਰ ਰਹੇ। ਇਸ ਸਭ 'ਚ ਪੇਂਡੂ ਭਾਈਚਾਰਾ ਵੀ ਬਹੁਤ ਅੱਗੇ ਲੰਘ ਚੁੱਕਾ ਹੈ। ਕਦੇ ਪ੍ਰਸਤਾਵ ਲਿਖਣ 'ਚ ਆਉਂਦਾ ਸੀ ਕਿ ਟੈਲੀਵਿਜ਼ਨ ਦੇ ਲਾਭ ਹਾਨੀਆਂ ਲਿਖੋ ਅਤੇ ਓਦੋਂ ਸਾਰਾ ਪ੍ਰਸਤਾਵ ਲਿਖ ਕੇ ਦੋ ਕੁ ਲਾਈਨਾਂ ਹਾਨੀਆਂ ਵੀ ਲਿਖਦੇ ਸਾਂ ਪਰ ਅੱਜ ਇਨਸਾਨ ਦੀ ਦਿਮਾਗੀ ਤਰੱਕੀ ਨੇ, ਇਨਸਾਨ ਨੂੰ ਹੀ ਰਿਸ਼ਤਿਆਂ ਤੋਂ ਦੂਰ, ਦਿਖਾਵੇ ਦੇ ਜੀਵਨ ਚੱਕਰ ਕਾਰਨ ਲੋੜਾਂ ਦੀ ਬਜਾਏ ਕੇਵ ਖਵਾਇਸ਼ਾਂ ਦੀ ਬੇਲੋੜੀ ਦੌੜ ਨੇ ਹਾਨੀਆਂ ਵਾਲਾ ਪੰਨਾ ਵੱਡਾ ਕਰ ਦਿੱਤਾ ਹੈ। 'ਲੋੜੋਂ ਵੱਧ ਪਸਾਰੇ ਪੈਰ ਅਤੇ ਵੱਡੇ ਨੱਕ ਹੀ ਸਾਹ ਲੈਣ 'ਚ ਤਕਲੀਫ਼ ਪੈਦਾ ਕਰ ਰਹੇ। ਲੋੜ ਹੈ ਆਪਣਿਆਂ ਨਾਲ ਜਿਊਣ ਦੀ। ਆਪਣੇ ਆਪ ਨਾਲ ਹੀ ਜਿਊਣ ਦੀ ਨਹੀਂ। ਅਪਣੱਤ, ਸਾਂਝਾ ਬਰਕਰਾਰ ਰੱਖਣ ਦੀ ਪਰ ਹੋੜ ਲੱਗੀ ਹੈ ਇਹ ਜਤਾਉਣ ਦੀ ਕਿ ਮੈਂ ਆਪਣੇ ਘਰੋਂ ਖਾਣਾ, ਮੈਨੂੰ ਕਿਸੇ ਦੀ ਕੀ ਲੋੜ ? ਪਤਾ ਨਹੀਂ ਅਸੀਂ ਕਿਉਂ ਭੁੱਲ ਗਏ ਹਾਂ ਕਿ ਖਾਂਦੇ ਸਾਰੇ ਹੀ ਆਪੋ ਆਪਣਾ ਨੇ ਪਰ ਛੋਟੀਆਂ ਛੋਟੀਆਂ ਖ਼ੁਸ਼ੀਆਂ ਸਾਂਝੀਆਂ ਕਰਨ ਨਾਲ ਜ਼ਿੰਦਗੀ ਖ਼ੂਬਸੂਰਤ ਹੋ ਜਾਂਦੀ ਹੈ, ਬਸ਼ਰਤੇ ਕਿ ਉਹ ਦਿਖਾਵਾ ਨਾ ਹੋਵੇ। ਅਸੀਂ ਸਾਰੇ ਵਧੀਆ ਜਿਊਣਾ ਚਾਹੁਦੇ ਹਾਂ। ਚਾਹੀਦਾ ਵੀ ਹੈ ਕਿਉਂਕਿ ਜ਼ਿੰਦਗੀ ਇਕ ਹੀ ਹੈ ਪਰ ਕਿਤੇ ਦਿਖਾਵੇ ਦੇ ਚੱਕਰ 'ਚ ਬੇਲੋੜੇ ਖ਼ਰਚਿਆਂ ਦੇ ਬੋਝ ਥੱਲੇ ਦੱਬ ਕੇ ਜ਼ਿੰਦਗੀ 'ਫ਼ਿਕਰਾਂ' 'ਚ ਲੰਘਾਈਏ ਨਾ ਸਗੋਂ ਚਾਵਾਂ ਨਾਲ ਜੀਵੀਏ ਤੇ ਇਸ ਦਾ ਆਨੰਦ ਮਾਣੀਏ।

• **ਪਰਮਜੀਤ ਕੌਰ**
83608-15955

# ਸਮਰੱਥਾ ਅਨੁਸਾਰ ਕਰੋ ਬੱਚੇ ਦੀ ਇੱਛਾ ਪੂਰੀ

**ਸੁਖਮਿੰਦਰ ਸਿੰਘ ਤੂਰ**

**ਬੱਚੇ ਦੇ ਦਿਮਾਗ਼ ਵਿਚ ਇਹ ਗੱਲ ਬੈਠਣ ਨਾ ਦਿਉ ਕਿ ਪੈਸਾ ਹੀ ਮਨੁੱਖ ਨੂੰ ਵੱਡਾ ਜਾਂ ਛੋਟਾ ਬਣਾਉਂਦਾ ਹੈ ਕਿਉਂਕਿ ਜ਼ਿਆਦਾਤਰ ਮਾਂ-ਬਾਪ ਅਜਿਹਾ ਹੀ ਕਰਦੇ ਹਨ ...**

ਕੋਈ ਬੱਚਾ ਵੱਡਾ ਹੋ ਕੇ ਕਿਹੋ-ਜਿਹਾ ਬਣੇਗਾ, ਇਹ ਬਹੁਤ ਕੁਝ ਉਸ ਦੇ ਮਾਂ-ਬਾਪ ਵੱਲੋਂ ਦਿੱਤੇ ਸੰਸਕਾਰਾਂ ਅਤੇ ਸਕੂਲ ਆਦਿ ਦੇ ਵਾਤਾਵਰਣ 'ਤੇ ਨਿਰਭਰ ਕਰਦਾ ਹੈ। ਜੇਕਰ ਤੁਸੀਂ ਬੱਚੇ ਨੂੰ ਸਹੀ ਰੂਪ ਵਿਚ ਸਮਾਜ ਲਈ ਉਪਯੋਗੀ ਬਣਾਉਣਾ ਹੈ ਤਾਂ ਉਸ ਵਿਚ ਸਦਾਚਾਰਕ, ਨੈਤਿਕ ਕਦਰਾਂ-ਕੀਮਤਾਂ ਅਤੇ ਚਰਿੱਤਰ ਦ੍ਰਿੜ੍ਹਤਾ ਵਰਗੇ ਗੁਣਾਂ ਦਾ ਵਿਕਾਸ ਸ਼ੁਰੂ ਤੋਂ ਹੀ ਕਰਨਾ ਹੋਵੇਗਾ। ਸਦਾਚਾਰਕ ਮੁੱਲਾਂ ਦਾ ਪ੍ਰਸੰਗ ਅੱਜ ਪਹਿਲਾਂ ਨਾਲੋਂ ਕਿਤੇ ਵਧ ਗਿਆ ਹੈ। ਇਹ ਤਾਂ ਸਪੱਸ਼ਟ ਹੈ ਕਿ ਆਮ ਨਾਗਰਿਕ ਸਮਾਜ ਨੂੰ ਜੋ ਦੇਣਗੇ, ਉਹੋ ਜਿਹਾ ਸਮਾਜ ਬਣੇਗਾ। ਜੇਕਰ ਅੱਜ ਭ੍ਰਿਸ਼ਟਾਚਾਰ, ਹਿੰਸਾ ਅਤੇ ਨੈਤਿਕ ਪਤਨ ਦਾ ਨਿਘਾਰ ਆਦਿ ਦਾ ਬੋਲਬਾਲਾ ਹੈ ਤਾਂ ਇਸ ਦਾ ਕਾਰਨ ਇਹੀ ਹੈ ਕਿ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਸਹੀ ਸੰਸਕਾਰ ਨਹੀਂ ਮਿਲ ਸਕੇ, ਨਾ ਸਕੂਲ 'ਚੋਂ ਅਤੇ ਨਾ ਹੀ ਮਾਂ-ਪਿਓ ਤੋਂ। ਅਸਲ ਵਿਚ ਜਦੋਂ ਬੱਚੇ ਦਾ ਆਧਾਰ ਕਮਜ਼ੋਰ ਹੁੰਦਾ ਹੈ, ਉਦੋਂ ਹੀ ਉਹ ਗੁਮਰਾਹ ਹੁੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਬੱਚੇ ਨੂੰ ਘਰ ਆਦਿ ਵਿੱਚੋਂ ਪਿਆਰ ਭਰਿਆ ਵਾਤਾਵਰਣ ਮਿਲੇ। ਜੇਕਰ ਬੱਚਾ ਘਰ 'ਚ ਮਾਂ-ਪਿਓ ਨੂੰ ਧੋਖੇ ਅਤੇ ਬੇਈਮਾਨੀ ਨਾਲ ਪੈਸਾ ਕਮਾਉਂਦਾ ਦੇਖਗਾ ਤਾਂ ਨਿਸ਼ਚਿਤ ਰੂਪ ਵਿਚ ਉਸ ਵਿਚ ਉਹੋ ਹੀ ਗੁਣ ਵਿਕਸਤ ਹੋਣਗੇ। ਇਸ ਲਈ ਕਦੀ ਵੀ ਆਪਣੇ ਬੱਚੇ ਕੋਲ ਝੂਠ ਨਾ ਬੋਲੋ ਅਤੇ ਨਾ ਹੀ ਉਸ ਕੋਲੋਂ ਝੂਠ ਬਲਵਾਉਣ ਦੀ ਕੋਸ਼ਿਸ਼ ਕਰੋ ਅਤੇ ਨਾ ਹੀ ਕਿਸੇ ਦੂਸਰੇ ਵਿਅਕਤੀ ਦੀ ਚੁਗਲੀ ਜਾਂ ਬੁਰਾਈ ਉਸ ਦੇ ਸਾਹਮਣੇ ਰੱਖੋ। ਚੰਗੇ ਗੁਣਾਂ ਦੇ ਵਿਕਾਸ ਲਈ ਉਸ ਨੂੰ ਸਿੱਖਿਆ ਦੇ ਨਾਲ-ਨਾਲ ਸਬੰਧਤ ਪੁਸਤਕਾਂ, ਪ੍ਰੇਰਨਾ ਸਰੋਤ ਪ੍ਰਸੰਗ ਅਤੇ ਆਪਣੇ ਸੱਭਿਆਚਾਰ ਦਾ ਗਿਆਨ ਕਰਵਾਉਣ ਵਾਲੀਆਂ ਪੁਸਤਕਾਂ ਅਤੇ ਹੋਰ ਸਾਧਨ ਬੱਚੇ ਦੇ ਧਿਆਨ ਵਿਚ ਲਿਆਓ। ਯਾਦ ਰੱਖੋ, ਕਹਿੰਦੇ-ਕਹਾਉਂਦੇ ਪੱਛਮੀ ਸੱਭਿਆਚਾਰ ਦੇ ਘੇਰੇ ਵਿਚ ਬੱਚਾ ਉਦੋਂ ਆਉਂਦਾ ਹੈ ਜਦੋਂ ਉਹ ਆਪਣੀ ਸੱਭਿਆਚਾਰਕ ਦ੍ਰਿਸ਼ਟੀ ਤੋਂ ਕੰਗਾਲ ਹੋ ਚੁੱਕਿਆ ਹੁੰਦਾ ਹੈ। ਰੂੜੀਵਾਦੀ ਹੋਣਾ ਠੀਕ ਨਹੀਂ ਹੈ ਪਰ ਅਧੂਰੇ ਪੱਛਮੀ ਸੱਭਿਆਚਾਰ ਵਿਚ ਰੰਗੇ ਜਾਣਾ ਵੀ ਤਾਂ ਠੀਕ ਨਹੀਂ। ਹੋਣਾ ਤਾਂ ਇਹ ਚਾਹੀਦਾ ਹੈ ਕਿ ਦੋਹਾਂ ਸੱਭਿਆਚਾਰਾਂ ਵਿੱਚੋਂ ਚੰਗੇ ਗੁਣ ਲਏ ਜਾਣ ਪਰ ਹੋ ਰਿਹਾ ਇਸ ਦੇ ਇਕਦਮ ਉਲਟ ਹੈ। ਸਾਡੇ ਬੱਚੇ ਭਾਰਤੀ ਅਤੇ ਪੱਛਮੀ ਸੱਭਿਆਚਾਰਾਂ ਦੇ ਦੋਸ਼ਾਂ ਨੂੰ ਹੀ ਆਪਣੀ ਸਿਮਰਤੀ ਦਾ ਅੰਗ ਬਣਾ ਰਹੇ ਹਨ। ਇਸ ਸਥਿਤੀ ਵਿਚ ਆਪਣੇ ਬੱਚੇ ਨੂੰ ਸੱਭਿਆਚਾਰ, ਦੇਸ਼, ਬੋਲੀ ਅਤੇ ਵਿਰਾਸਤ 'ਤੇ ਮਾਣ ਕਰਨਾ ਸਿਖਾਓ ਪਰ ਹੰਕਾਰੀ ਨਾ ਬਣਨ ਦਿਓ। ਗ਼ਰੀਬਾਂ, ਅੰਗਹੀਣਾਂ ਪ੍ਰਤੀ ਹਮਦਰਦੀ, ਪਿਆਰ ਅਤੇ ਸਹਿਯੋਗ ਦੀ ਭਾਵਨਾ ਬੱਚਾ ਘਰ ਵਿੱਚੋਂ ਹੀ ਸਿੱਖਦਾ ਹੈ, ਇਹ ਕੁਝ ਮਾਂ-ਪਿਓ ਹੀ ਉਸ ਨੂੰ ਸਹਿਜੇ ਹੀ ਸਿੱਖਾ ਸਕਦੇ ਹਨ। ਅੱਜ-ਕੱਲ੍ਹ ਦੇ ਬੱਚੇ ਛੋਟੀ ਉਮਰ ਵਿਚ ਹੀ ਸਕੂਲ ਜਾਣਾ ਸ਼ੁਰੂ ਕਰ ਦਿੰਦੇ ਹਨ, ਇਸ ਲਈ ਸਕੂਲ ਅਤੇ ਹਮਜਮਾਤੀਆਂ ਦਾ ਉਨ੍ਹਾਂ 'ਤੇ ਬਹੁਤ ਜ਼ਿਆਦਾ ਪ੍ਰਭਾਵ ਪੈਂਦਾ ਹੈ। ਜੇਕਰ ਬੱਚੇ ਦੇ ਸਕੂਲ ਅਤੇ ਨਾਲ ਪੜ੍ਹਨ ਵਾਲੇ ਸਾਥੀ ਬੱਚਿਆਂ ਦਾ ਆਰਥਿਕ ਪੱਧਰ ਬਹੁਤ ਉੱਚਾ ਹੈ ਤਾਂ ਬੱਚਾ ਹੀਣ ਭਾਵਨਾ ਨਾਲ ਗ੍ਰਸਤ ਰਹੇਗਾ ਜਾਂ ਨਵੀਆਂ-ਨਵੀਆਂ ਮੰਗਾਂ ਨਾਲ ਮਾਪਿਆਂ ਦੇ ਨੱਕ ਵਿਚ ਦਮ ਕਰੀ ਰੱਖੇਗਾ। ਸਿੱਖਿਆ ਵਿਚ ਵੀ ਬੱਚੇ ਦੀ ਸਮਰੱਥਾ ਤੋਂ ਵਧੇਰੇ ਇੱਛਾਵਾਂ ਪੂਰੀਆਂ ਨਾ ਕਰੋ। ਆਪਣੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਦਾ ਬੋਝ ਬੱਚੇ 'ਤੇ ਕਦੀ ਨਾ ਪਾਓ। ਇਸ ਤਰ੍ਹਾਂ ਬੱਚਾ ਆਪਣੀ ਸਰਲਤਾ ਗੁਆ ਦੇਵੇਗਾ ਅਤੇ ਤਣਾਅ ਆਦਿ ਦਾ ਸ਼ਿਕਾਰ ਹੋ ਜਾਵੇਗਾ। ਕਈ ਵਾਰੀ ਮਾਂ-ਪਿਓ ਬੱਚਿਆਂ ਦੀ ਮਾਨਸਿਕ ਪਰੇਸ਼ਾਨੀ ਦਾ ਕਾਰਨ ਖ਼ੁਦ ਹੁੰਦੇ ਹਨ। ਬੱਚਾ ਤੁਹਾਡੀਆਂ ਇੱਛਾਵਾਂ ਦੇ ਅਨੁਕੂਲ ਸਾਲਾਨਾ ਪ੍ਰੀਖਿਆਵਾਂ ਵਿਚ ਨੰਬਰ ਨਹੀਂ ਲਿਆ ਸਕਦਾ ਤਾਂ ਵੀ ਉਸ ਦੇ ਨਤੀਜੇ ਨੂੰ ਸਰਲਤਾ ਨਾਲ ਸਵੀਕਾਰ ਕਰੋ। ਉਸ ਨਾਲ ਗੁੱਸੇ ਹੋਣ ਜਾਂ ਦੂਸਰਿਆਂ ਬੱਚਿਆਂ ਦੇ ਬਰਾਬਰ ਤੁਲਨਾ ਕਰਨ ਦੀ ਬਜਾਏ ਉਤਸ਼ਾਹਿਤ ਕਰੋ। ਹਰ ਬੱਚੇ ਅੰਦਰ ਕਿਸੇ ਨਾ ਕਿਸੇ ਸੂਝਬੂਝ ਦਾ ਬੀਜ ਜ਼ਰੂਰ ਹੁੰਦਾ ਹੈ।

ਉਸ ਨੂੰ ਪਛਾਣ ਕੇ ਬੱਚੇ ਨੂੰ ਹੌਸਲਾ ਜ਼ਰੂਰ ਦਿਓ। ਕੀ ਪਤਾ ਕਿ ਇਸ ਵਿਚ ਭਾਵੀ ਕਲਾਕਾਰ ਲੁਕਿਆ ਹੋਇਆ ਹੋਵੇ। ਇੰਨਾ ਖ਼ਿਆਲ ਰੱਖੋ ਕਿ ਭੌਤਿਕ ਸੁਖ-ਸੁਵਿਧਾਵਾਂ ਕਦੀ ਮਾਂ-ਬਾਪ ਦੀ ਨੇੜਤਾ ਦਾ ਵਿਲੱਖਣ ਨਹੀਂ ਬਣ ਸਕਦੀਆਂ। ਬੱਚਿਆਂ ਨਾਲ ਵੱਧ ਤੋਂ ਵੱਧ ਸਮਾਂ ਗੁਜ਼ਾਰੋ। ਕੇਵਲ ਭੌਤਿਕ ਸੰਪੂਰਨਤਾ ਨੂੰ ਵੀ ਸਫਲਤਾ ਦੀ ਕਸੌਟੀ ਨਾ ਸਮਝੋ। ਬੱਚੇ ਦੇ ਦਿਮਾਗ਼ ਵਿਚ ਇਹ ਗੱਲ ਵੀ ਬੈਠਣ ਨਾ ਦਿਓ ਕਿ ਪੈਸਾ ਹੀ ਮਨੁੱਖ ਨੂੰ ਵੱਡਾ ਜਾਂ ਛੋਟਾ ਬਣਾਉਂਦਾ ਹੈ ਕਿਉਂਕਿ ਜ਼ਿਆਦਾਤਰ ਮਾਂ-ਬਾਪ ਅਜਿਹਾ ਹੀ ਸੋਚਦੇ ਹਨ ਅਤੇ ਬੱਚਿਆਂ 'ਤੇ ਵੀ ਅਜਿਹੇ ਵਿਚਾਰ ਥੋਪਦੇ ਹਨ। ਇਸੇ ਲਈ ਸਾਡੇ ਸਮਾਜ ਵਿਚ ਚੰਗੇ ਉੱਦਮੀ ਤੇ ਪ੍ਰਬੰਧਕ ਤਾਂ ਪੈਦਾ ਹੋ ਰਹੇ ਹਨ ਪਰ ਵਿਚਾਰਕ, ਸਮਾਜ ਸੁਧਾਰਕ ਜਾਂ ਦੇਸ਼ ਭਗਤ ਨਹੀਂ। ਕੋਸ਼ਿਸ਼ ਕਰੋ ਕਿ ਤੁਹਾਡਾ ਬੱਚਾ ਵੀ ਕੁਝ ਚੰਗਾ ਕਰ ਵਿਖਾਏ। •





## ਕਾਵਿ- ਕਿਆਰੀ

### ਜ਼ਿੰਦਗੀ

ਪੰਛੀਆਂ ਵਾਂਗੂ ਉੱਡ ਚਲੀਏ
ਕਿੱਤੇ ਆਲ੍ਹਣਾ ਜਾ ਕੇ ਪਾਈਏ
ਜਿੱਥੇ ਕੋਈ ਨਾ ਰੁੱਖ ਨੂੰ ਵੱਡੇ
ਕੋਈ ਐਸੀ ਥਾਂ ਲਭ ਆਈਏ।

ਜ਼ਿੰਦਗੀ ਦਾ ਉੱਥੇ ਮੁੱਲ ਪਵੇ ਤੇ
ਮੌਤ ਤੋਂ ਨਾ ਘਬਰਾਈਏ
ਦੁੱਖ-ਸੁੱਖ ਪਿੱਛੇ ਛੱਡ ਕੇ ਸੱਜਣਾ
ਬੱਸ ਨਾਮ ਖ਼ੁਦਾ ਦਾ ਧਿਆਈਏ।

ਨਾ ਰੌਲਾ ਹੋਵੇ ਜਾਤਪਾਤ ਦਾ
ਧਰਮ ਦੇ ਨਾਂ 'ਤੇ ਵੰਡੀਆਂ ਪਾਈਏ
ਸਭੇ ਲੋਕ ਬਰਾਬਰ ਹੋਣ ਜਿੱਥੇ
ਕੋਈ ਇਹੋ ਜਿਹਾ ਨਗਰ ਵਸਾਈਏ।

ਦੁਨੀਆ ਦੀ ਭੱਜ-ਦੌੜ ਤੋਂ ਪਿੱਛੇ
ਨਾ ਫੋਨ ਤੇ ਵਕਤ ਬਿਤਾਈਏ
ਮੈਸਜ਼ ਦੀ ਥਾਂ ਚਿੱਠੀਆਂ 'ਤੇ ਲਿਖ ਕੇ
ਗੁਰਮੀਤ ਦਿਲ ਦਾ ਹਾਲ ਸੁਣਾਈਏ।

•**ਗੁਰਮੀਤ ਸਿੰਘ**
98727-13109

### ਅੰਨਦਾਤਾ

ਦੇਸ਼ ਦੀ ਭੁੱਖ ਮਿਟਾਉਣ ਵਾਲੇ
ਤੁਸੀਂ ਅੰਨਦਾਤਾ ਅਖਵਾਉਂਦੇ ਹੋ।
ਅੱਧੀ ਰਾਤ ਨੂੰ ਸਾਰੇ ਸੁੱਤੇ ਹੁੰਦੇ
ਤੁਸੀਂ ਠੰਡ 'ਚ ਪਾਣੀ ਖੇਤਾਂ ਨੂੰ
ਲਗਾਉਂਦੇ ਹੋ।
ਪਸ਼ੂਆਂ ਦਾ ਦੁੱਧ ਵੇਚ ਕੇ
ਤੁਸੀਂ ਘਰ ਦਾ ਡੰਗ ਲੰਘਾਉਂਦੇ ਹੋ।
ਫ਼ਸਲਾਂ ਵੇਚਣ ਲਈ ਮੰਡੀਆਂ ਤੇ
ਮਿੱਲਾਂ 'ਚ ਰਾਤ ਕਈ-ਕਈ
ਬਿਤਾਉਂਦੇ ਹੋ।
ਫ਼ਸਲਾਂ ਦਾ ਮੁੱਲ ਸਹੀ ਨਹੀਂ ਮਿਲਦਾ
ਸੜਕਾਂ 'ਤੇ ਧਰਨੇ ਲਾਉਂਦੇ ਹੋ।
ਕੱਖਾਂ ਤੋਂ ਹੌਲੇ ਹੋ ਕੇ
ਖ਼ਾਲੀ ਹੱਥੀ ਘਰ ਨੂੰ ਆਉਂਦੇ ਹੋ।
ਸਰਕਾਰ ਤੁਹਾਡੀ ਗੱਲ ਸੁਣਦੀ ਨਹੀਂ
ਤੁਸੀਂ ਨਿੱਤ ਹੀ ਰੌਲਾ ਪਾਉਂਦੇ ਹੋ।
ਸਰਕਾਰ ਜਗਾਉਣ ਦੇ ਚੱਕਰ 'ਚ
ਆਪਣੇ ਹੀ ਹੱਡ ਤੁੜਵਾਉਂਦੇ ਹੋ।
ਵਿਦੇਸ਼ ਜਾਣ ਦੀ ਜਿੱਦ ਬੱਚਿਓ
ਬਾਪੂ ਦੀ ਜ਼ਮੀਨ ਵਿਕਾਉਂਦੇ ਹੋ।
ਕੁੜੀ ਨੂੰ ਵੀ ਦਾਜ 'ਚ ਗੱਡੀ ਦੇਣੀ
ਤਾਂ ਹੀ ਕਰਜ਼ੇ ਹੇਠਾਂ ਆਉਂਦੇ ਹੋ।
ਕਰਜ਼ੇ ਦੀ ਪੰਡ ਭਾਰੀ ਹੋ ਜਾਂਦੀ
ਫਿਰ ਕਦੇ ਨਿਕਲ ਨਾ ਪਾਉਂਦੇ ਹੋ।
ਕਿੱਦਾਂ ਕਰਜ਼ਾ ਵਾਪਸ ਕਰਨਾ ਏ
ਰਾਤ ਦਿਨ ਮਰ-ਮਰ ਜਿਊਂਦੇ ਹੋ।
ਕਰਜ਼ਾ ਮਾਫ਼ ਹੋਣ ਦਾ ਡਰਾਮਾ ਹੁੰਦਾ
ਕਿਉਂ ਜਲੂਸ ਆਪਣਾ ਕਢਵਾਉਂਦੇ ਹੋ।
ਕਰਜ਼ਾ ਲੋੜਾਂ ਜਾਂ ਐਸ਼ ਲਈ ਲਿਆ ਸੀ
ਹੁਣ ਸਰਕਾਰ ਨੂੰ ਕਿਉਂ ਡਰਾਉਂਦੇ ਹੋ।
ਪਤਾ ਲੱਗਦਾ ਜਦੋਂ ਕੁਝ ਨਹੀਂ ਹੋਣਾ
ਫਿਰ ਮੌਤ ਨੂੰ ਗਲ ਨਾਲ ਲਾਉਂਦੇ ਹੋ।
ਪੰਜ ਸਾਲ ਸੱਤਾ ਵਿਚ ਰਹਿਣ ਲਈ
ਕਿਉਂ ਐਨੇ ਲਾਰੇ ਲਾਉਂਦੇ ਹੋ।
ਕੁਰਸੀ 'ਤੇ ਬੈਠੇ ਰਹਿਣ ਲਈ
ਕਿਉਂ ਜਨਤਾ ਨੂੰ ਤੜਫ਼ਾਉਂਦੇ ਹੋ।
ਬਖ਼ਸ਼ ਦੇਵੋ ਮੇਰੇ ਪੰਜਾਬ ਨੂੰ
ਕਿਉਂ ਇਹਦੀ ਹੋਂਦ ਨੂੰ ਕਲੰਕ
ਲਾਉਂਦੇ ਹੋ?

• **ਐੱਨ ਕੌਰ ਬਾਜਵਾ**

### ਰੰਗਲਾ ਪੰਜਾਬ



ਖੇਡਦੇ ਖਡਾਉਂਦਿਆਂ ਅਪੰਗ ਕਿਵੇਂ ਹੋ ਗਿਆ।
ਰੰਗਲੇ ਪੰਜਾਬ ਨੂੰ ਅਧਰੰਗ ਕਿਵੇਂ ਹੋ ਗਿਆ।

ਸੱਥ ਵਿਚ ਵੀਰਾਂ ਦੀਆਂ ਵਾਰਾਂ ਜੋ ਸੁਣਾਉਂਦੇ ਸੀ
ਹੀਰ ਸੱਸੀ ਸੋਹਣੀ ਦੀਆਂ ਕਲੀਆਂ ਵੀ ਗਾਉਂਦੇ ਸੀ
ਡੀਜੇ ਦਾ ਉਹ ਪੰਜਾਬ ਪਵੰਦ ਕਿਵੇਂ ਹੋ ਗਿਆ...

ਯੁੱਧ ਕਲਾ ਵਿਚ ਮਹਾਂਰਤੀ ਜੋ ਕਹਾਉਂਦਾ ਸੀ
ਵੱਡੇ-ਵੱਡੇ ਯੋਧਿਆਂ ਨੂੰ ਭਾਜੜਾਂ ਜੋ ਪਾਉਂਦਾ ਸੀ
ਨਸ਼ਿਆਂ ਦੀ ਜੇਲ੍ਹ ਵਿਚ ਬੰਦ ਕਿਵੇਂ ਹੋ ਗਿਆ।

ਪੈਸੇ ਤੋਂ ਬਗ਼ੈਰ ਕਿਤੇ ਬਣਦੀ ਕੋਈ ਗੱਲ ਨਾ
ਬੇਰੁਜ਼ਗਾਰੀ ਦਾ ਵੀ ਹੋਵੇ ਕਿਤੇ ਹੱਲ ਨਾ
ਰਿਸ਼ਵਤਖੋਰੀ ਦਾ ਅਰੰਭ ਕਿਵੇਂ ਹੋ ਗਿਆ।

ਮੰਤਰੀ ਵੀ ਜਾਣਦੇ ਤੇ ਸੰਤਰੀ ਵੀ ਜਾਣਦੇ
ਹਾਲ ਜਿਹੜੇ ਅੱਜ ਮਜ਼ਦੂਰ ਤੇ ਕਿਸਾਨ ਦੇ
ਅੰਨਜਾਤਾ ਅਨ ਕੋਲੋਂ ਤੰਗ ਕਿਵੇਂ ਹੋ ਗਿਆ।

• **ਨੱਥਾ ਸਿੰਘ ਮੋਟਨ**
82880-60343

### ਖ਼ੁਸ਼ੀ ਛਾ ਗਈ

ਚੜ੍ਹਿਆ ਵਿਸਾਖ ਤਾਂ ਵਿਸਾਖੀ ਆ ਗਈ।
ਸਭ ਦੇ ਚਿਹਰੇ ਉੱਤੇ ਖ਼ੁਸ਼ੀ ਛਾ ਗਈ।

ਨਵੇਂ ਰੰਗਾਂ ਵਿਚ ਰੰਗ ਗਈ ਬਹਾਰ ਹੈ।
ਬਦਲੀ ਜੁ ਰੁੱਤ ਚੜ੍ਹਿਆ ਖੁਮਾਰ ਹੈ।

ਹਰੀਆਂ-ਕਚੂਰ ਕਿੱਥੇ ਗਈਆਂ ਕਣਕਾਂ।
ਸੁੱਕ ਕੇ ਸੁਨਹਿਰੀ ਹੋਈਆਂ ਪਈਆਂ ਕਣਕਾਂ।

ਸਿੱਟਿਆਂ 'ਚ ਦਾਣੇ ਕਿਸਾਨ ਨੂੰ ਪੁਕਾਰਦੇ।
ਦਾਤੀਆਂ ਦੇ ਨਾਲ ਸਾਡੀ ਰੂਹ ਨੂੰ ਸੰਵਾਰ ਦੇ।

ਖ਼ੁਸ਼ੀ ਦੇ ਵਿਚ ਲੋਕ ਨੱਚਦੇ ਤੇ ਗਾਉਂਦੇ ਨੇ।
ਬਾਵਰੇ ਹੋ ਮੇਲੇ ਵਿਚ ਗੇੜੇ ਇਹ ਲਾਉਂਦੇ ਨੇ।

ਮੇਲੇ ਦਿਆਂ ਤੰਬੂਆਂ 'ਚ ਹੱਟ ਸੱਜਦੇ।
ਢੋਲਾਂ ਦੇ ਦਗਾੜੇ ਚਾਰੇ ਪਾਸੇ ਵੱਜਦੇ।

ਦੁੱਕੀ-ਤਿੱਕੀ ਮੇਲਿਆਂ 'ਚ ਐਵੇਂ ਘੁੰਮਦੇ।
ਦਾਅ ਲੱਗੇ ਲੋਕਾਂ ਦੀਆਂ ਜੇਬਾਂ ਮੁੰਨਦੇ।

ਜਿਹਦੀ ਕੱਟੀ ਜੇਬ ਉਹ ਤਾਂ ਬਹਿ ਕੇ ਪਿੱਟਦਾ।
ਅੱਖੀਆਂ 'ਚੋਂ ਤਿੱਪ-ਤਿੱਪ ਹੰਝੂ ਸਿੱਟਦਾ।

ਲੋਕਾਂ ਦੇ ਜੇ ਆ ਜਾਏ ਹੱਥ ਜੇਬ-ਕਤਰਾ।
ਫੜ ਕੇ ਬਣਾਉਂਦੇ ਲੋਕੀਂ ਉਹਨੂੰ ਬੱਕਰਾ।

ਫੇਰ ਉਹੋ ਜੇਬ ਕੱਟਣੀ ਹੀ ਭੁੱਲਦਾ।
ਕੁੱਟ ਖਾ ਕੇ ਤੁਰੇ ਜਿਵੇਂ ਝੂਲਾ ਝੂਲਦਾ।

ਵਿਕਣ ਮਿਠਾਈਆਂ ਜਿੱਥੇ ਬੇ-ਹਿਸਾਬ ਜੀ।
ਵਿਕਦੀ ਨਾ ਉੱਥੇ ਤਿੱਪ ਵੀ ਸ਼ਰਾਬ ਦੀ।

ਇਸੇ ਦਿਨ ਗੁਰੂ ਜੀ ਦਾ ਪੰਥ ਸੱਜਿਆ।
ਸਾਰੀ ਦੁਨੀਆ 'ਚ ਜਿਹਦਾ ਨੂਰ ਗੱਜਿਆ।

ਪੰਜ ਪਿਆਰੇ ਗੁਰੂ ਜੀ ਨੇ ਸਾਜ'ਤੇ।
ਬੜ੍ਹਕਾਂ ਉਹ ਮਾਰਦੇ ਸੀ ਇੱਕੋ 'ਵਾਜ਼'ਤੇ।

ਗਿੱਦੜਾਂ ਤੋਂ ਸ਼ੇਰ ਸੀ ਬਣਾਏ ਗੁਰੂ ਨੇ।
ਅੰਮ੍ਰਿਤ ਬਾਟੇ ਸੀ ਛਕਾਏ ਗੁਰੂ ਨੇ।

ਉਨ੍ਹਾਂ ਕੋਲੋਂ ਆਪ ਸਜੇ ਸਿੰਘ ਗੁਰੂ ਜੀ।
ਦੁਨੀਆ 'ਚ ਉਨ੍ਹਾਂ ਦੀ ਕੀ ਰੀਸ ਕਰੂ ਜੀ।

ਅੱਜ ਪਰ ਰੰਗ ਵੱਖਰੇ ਹੀ ਹੋ ਗਏ।
ਪਹਿਲਾਂ ਦੀ ਵਿਸਾਖੀ ਵਾਲੇ ਭਾਗ ਰੋ ਰਹੇ।

ਅੱਜ ਗੱਲਾਂ ਹੋਣ ਤੇਰੀਆਂ ਤੇ ਮੇਰੀਆਂ।
ਰਾਜਨੀਤੀ ਵਾਲਿਆਂ ਨੇ ਲੀਕਾਂ ਫੇਰੀਆਂ।

ਮੇਲਿਆਂ 'ਚ ਲੱਗਦੇ ਸਟੇਜਾਂ ਦੇ ਸਟਾਲ।
ਪਾ ਦਿੰਦੇ ਲੋਕਾਂ ਮੂਹਰੇ ਲੱਖਾਂ ਹੀ ਸਵਾਲ।

ਮੇਲਾ ਹੁੰਦਾ ਲੋਕਾਂ ਦਾ ਤੇ ਲੋਕਾਂ ਵਾਸਤੇ।
ਬਣ ਗਿਆ ਅੱਜ ਕੱਲ੍ਹ ਜੋਕਾਂ ਵਾਸਤੇ।

ਹੁੰਦੀਆਂ ਸਪੀਚਾਂ ਅੱਗ ਲਾਉਂਦੇ ਬੇਰੜੇ।
ਲੋਕਾਂ ਦੀਆਂ ਸੋਚਾਂ ਤਾਈ ਤੋੜਦੇ ਬੜੇ।

ਲਾਈਲੱਗ ਲੋਕ ਪਿੱਛੇ ਲੱਗ ਜਾਂਵਦੇ।
ਇੱਥੋਂ ਹੀ ਪੁਆੜੇ ਪੈਂਦੇ ਸੁਬਹ-ਸ਼ਾਮ ਦੇ।

ਲੋਕੀਂ ਇਕ ਦੂਜੇ ਨੂੰ ਕਚੀਚ ਵੱਟਦੇ।
ਤੂੰ-ਤੂੰ, ਮੈਂ-ਮੈਂ ਦਾ ਰਾਗ ਰੱਟਦੇ।

ਰਾਜਨੀਤੀ ਵਾਲਿਆਂ ਬਣਾ'ਤੀ ਹੋਰ ਹੀ।
ਚਾਰੇ ਪਾਸੇ ਗੂੰਜਦਾ ਬੇ-ਬਹਿਰੀ ਸ਼ੋਰ ਹੀ।

ਹੁਣ ਨਾ ਵਿਸਾਖੀ ਉਹ ਵਿਸਾਖੀ ਰਹਿ ਗਈ।
ਹੁਣ ਤਾਂ ਲੜਾਈਆਂ ਦੀ ਇਹ ਪੰਡ ਰਹਿ ਗਈ।

ਹੁੰਦੀ ਇੱਥੇ ਰਾਜ ਦਿਆਂ ਘਾੜਿਆਂ ਦੀ ਗੱਲ।
ਬਹੁਤ ਪਿੱਛੇ ਰਹਿ ਗਈ ਲੋਕਾਂ ਸਾਰਿਆਂ ਦੀ ਗੱਲ।

• **ਓਮਕਾਰ ਸੂਦ**
096540-36080

### ਜੁਗਨੀ

ਜੁਗਨੀ ਗੁਰਬਤ ਦੇ ਵਿਚ ਧਸ ਗਈ
ਆਟੇ-ਦਾਲ ਦੇ ਜਾਲ਼ 'ਚ ਫਸ ਗਈ
ਨਿੱਤ ਨਵੇਂ-ਨਵੇਂ ਲਾਰੇ ਲਾਉਂਦੇ ਨੇ
ਨੇਤਾ ਵੋਟਾਂ ਦਾ ਮੁੱਲ ਪਾਉਂਦੇ ਨੇ।

ਪੱਕੀ ਨੌਕਰੀ ਖ਼ਤਮ ਹੀ ਕਰ'ਤੀ
ਜੁਗਨੀ ਠੇਕੇ ਉੱਤੇ ਭਰਤੀ
ਨਾ ਪੈਨਸ਼ਨ ਨਾ ਕੋਈ ਭੱਤਾ ਹੈ
ਮਨ ਜੁਗਨੀ ਦਾ ਖੱਟਾ ਹੈ।

ਜੁਗਨੀ ਮੰਡੀਆਂ ਦੇ ਵਿਚ ਰੁਲਦੀ
ਫ਼ਸਲ ਹੈ ਕੱਖਾਂ ਦੇ ਭਾਅ ਤੁਲਦੀ
ਪੈਲ਼ੀ ਸਾਰੀ ਹੀ ਗਹਿਣੇ ਪਾਈ ਹੈ
ਜੁਗਨੀ ਜੀ-ਜੀ ਦੀ ਕਰਜਾਈ ਹੈ।

ਸਰਕਾਰਾਂ ਨੇ ਮੂੰਹ ਜੁਗਨੀ ਤੋਂ ਮੋੜੇ,
ਸਕੂਲ ਤੇ ਹਸਪਤਾਲ ਨੇ ਤੋੜੇ,
ਔਲਾਦ ਵੀ ਦਿਹਾੜੀ ਕਰਦੀ ਹੈ
ਜੁਗਨੀ ਬਿਨਾਂ ਇਲਾਜ ਤੋਂ ਮਰਦੀ ਹੈ।

ਬਚਦੀ ਜੁਗਨੀ ਆਪ ਬਚਾ ਲਉ
ਕਰ ਕੇ ਏਕਾ ਜ਼ੋਰ ਲਗਾ ਲਉ
ਅੱਜ ਸਮਾਂ ਮੰਗਦਾ ਕੁਰਬਾਨੀ ਹੈ।
ਦਾਅ 'ਤੇ ਲੱਗੀ ਜ਼ਿੰਦਗਾਨੀ ਹੈ।

• **ਗੁਰਪ੍ਰੀਤ ਸਿੰਘ ਰੰਗੀਲਪੁਰ**
98552-07071

### ਜ਼ਰੂਰੀ ਨਹੀਂ

ਤੁਹਾਡੇ ਨਾਲ ਜੋ ਹੋਣਾ ਸੀ, ਉਹ ਹੋ ਗਿਆ ਭੁੱਲ ਜਾਓ,
ਤੁਹਾਡੇ ਨਾਲ ਉਹ ਦੁੱਖ ਵੰਡਾਏ, ਇਹ ਜ਼ਰੂਰੀ ਨਹੀਂ।

ਤੁਹਾਨੂੰ ਜੋ ਚੰਗਾ ਲੱਗਾ, ਤੁਸੀ ਕਹਿ ਦਿੱਤਾ ਦਿਲ ਖੋਲ੍ਹ
ਇਸ ਨੂੰ ਉਹ ਵੀ ਚੰਗਾ ਸਮੇਝ, ਇਹ ਜ਼ਰੂਰੀ ਨਹੀਂ।

ਆਪਣੀ ਗੱਲ ਤੁਸੀਂ ਦੂਜੇ ਨੂੰ ਦੱਸ ਦਿੰਦੇ ਆਪਣਾ ਜਾਣ,
ਉਹ ਵੀ ਹਰ ਗੱਲ ਦਿਲ ਦੀ ਦੱਸੇ, ਇਹ ਜ਼ਰੂਰੀ ਨਹੀਂ।

ਭੇਦ ਦੀ ਗੱਲ ਦੱਸਣ ਤੋਂ ਪਹਿਲਾ ਇਹ ਵੀ ਸੋਚ ਲਈਏ,
ਉਹ ਕਿਸੇ ਨੂੰ ਨਾ ਦੱਸੇਗਾ, ਇਹ ਜ਼ਰੂਰੀ ਨਹੀਂ।

ਪ੍ਰੇਮ ਪਿਆਰ ਨਾਲ ਦੁਨੀਆ ਨੂੰ ਜਿੱਤਿਆ ਜਾ ਸਕਦਾ ਏ,
ਉਹ ਵੀ ਇਸ ਨਾਲ ਸਹਿਮਤ ਹੋਵੇ, ਇਹ ਜ਼ਰੂਰੀ ਨਹੀਂ।

ਤੁਸੀਂ ਕਦੇ ਵੀ ਉਸ ਨਾਲ ਫ਼ਰਕ ਨਾ ਕੀਤਾ ਭੋਰਾ ਵੀ,
ਉਹ ਵੀ ਫ਼ਰਕ ਕਰੇ ਨਾਲ ਭੋਰਾ, ਇਹ ਜ਼ਰੂਰੀ ਨਹੀਂ।

• **ਪਰਮਜੀਤ ਕੌਰ ਭੁਲਾਣਾ**
94170-84440



# ਪੱਕੀ ਕਣਕ ਦਾ ਅੱਗ ਤੋਂ ਬਚਾਅ



**ਹਰ ਸਾਲ ਅੱਗਜ਼ਨੀ ਦੀਆਂ ਘਟਨਾਵਾਂ 'ਚ ਹਜ਼ਾਰਾਂ ਏਕੜ ਪੱਕੀ ਫ਼ਸਲ ਰਾਖ 'ਚ ਬਦਲ ਜਾਂਦੀ ਹੈ। ਥੋੜ੍ਹੀ ਜਿਹੀ ਅਹਿਤਿਆਤ ਵਰਤ ਕੇ ਇਸ ਵੱਡੇ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ...**

ਕਣਕਾਂ ਪੱਕਣ ਕੇ ਤਿਆਰ ਹੋ ਗਈਆਂ ਹਨ ਤੇ ਕਿਸਾਨਾਂ ਨੇ ਕਾਫ਼ੀ ਹੱਦ ਤਕ ਵਾਢੀ ਸ਼ੁਰੂ ਕਰ ਦਿੱਤੀ ਹੈ। ਇਨ੍ਹਾਂ ਦਿਨਾਂ ਵਿਚ ਕਣਕ ਨੂੰ ਅੱਗ ਲੱਗਣ ਤੋਂ ਬਚਾਉਣ ਲਈ ਕੁਝ ਸਾਵਧਾਨੀਆਂ ਵਰਤਣ ਦੀ ਲੋੜ ਹੈ :

- ਕਣਕ ਦੇ ਖੇਤ ਨੇੜੇ ਅੱਗ ਨਾ ਬਾਲੋ।
- ਜੇ ਕੋਈ ਨੌਕਰ, ਸੀਰੀ, ਪਾਲੀ ਬੀੜੀ-ਸਿਗਰਟ ਦੀ ਵਰਤੋਂ ਕਰਦਾ ਹੈ ਤਾਂ ਉਸ ਨੂੰ ਖੇਤ ਵਿਚ ਅਜਿਹਾ ਕਰਨ ਤੋਂ ਮਨ੍ਹਾਂ ਕਰੋ।
- ਟ੍ਰੈਕਟਰ, ਕੰਬਾਈਨ ਆਦਿ ਦੀ ਬੈਟਰੀ ਵਾਲੀਆਂ ਤਾਰਾਂ ਨੂੰ ਸਪਾਰਕ ਨਾ ਕਰਨ ਦਿਓ। ਖੇਤ ਵਿਚ ਟ੍ਰੈਕਟਰ ਲੈ ਕੇ ਜਾਣ ਤੋਂ ਪਹਿਲਾਂ ਆਟੋ ਇਲੈਕਟ੍ਰੀਸ਼ਨ ਪਾਸੋਂ ਤਾਰਾਂ ਚੰਗੀ ਤਰ੍ਹਾਂ ਮੁਰੰਮਤ ਕਰਵਾ ਲਵੋ।
- ਢਾਣੀਆਂ 'ਚ ਕੰਮ ਕਰਨ ਵਾਲੀਆਂ ਸੁਆਣੀਆਂ ਚੁੱਲ੍ਹੇ-ਚੌਂਕੇ ਦਾ ਕੰਮ ਕਰਨ ਤੋਂ ਬਾਅਦ ਅੱਗ ਨੂੰ ਚੁੱਲ੍ਹੇ 'ਚ ਬਲਦਾ ਨਾ ਛੱਡਣ। ਪਾਣੀ ਦਾ ਛੱਟਾ ਮਾਰ ਕੇ ਅੱਗ ਬੁਝਾ ਦੇਵੋ ਤਾਂ ਜੋ ਹਵਾ ਨਾਲ ਅੱਗ ਉੱਡ ਨਾ ਸਕੇ।
- ਖੇਤ ਨੇੜਲੇ ਖਾਲ, ਡਿੱਗੀਆਂ, ਚੁਬੱਚੇ, ਸਪਰੇਅ ਪੰਪ ਤੇ ਟੈਂਕੀਆਂ ਆਦਿ ਪਾਣੀ ਨਾਲ ਭਰ ਕੇ ਰੱਖੋ।
- ਬਾਂਸ ਜਾਂ ਸੋਟੀ ਨਾਲ ਬਿਜਲੀ ਦੀ ਸਪਲਾਈ ਲਾਈਨ ਨੂੰ ਨਾ ਛੇੜੋ।
- ਖੇਤਾਂ ਵਿਚ ਲੱਗੇ ਟਰਾਂਸਫਾਰਮ ਤੋਂ ਬਿਜਲੀ ਦੀ ਸਪਲਾਈ ਬੰਦ ਕਰਨ ਉਪਰੰਤ ਉਸ ਦੇ ਹੇਠੋਂ ਕੁਝ ਮਰਲੇ ਥਾਂ ਤੋਂ ਫ਼ਸਲ ਪਹਿਲਾਂ ਕੱਟ ਲਵੋ ਤੇ ਆਲੇ-ਦੁਆਲੇ ਦੇ 10 ਮੀਟਰ ਦੇ ਘੇਰੇ ਨੂੰ ਗਿੱਲਾ ਰੱਖੋ ਤਾਂ ਕਿ ਜੇਕਰ ਕੋਈ ਚੰਗਿਆੜੀ ਡਿੱਗ ਪਵੇ ਤਾਂ ਅੱਗ ਲੱਗਣ ਤੋਂ ਬਚਾਅ ਹੋ ਸਕੇ।
- ਦਿਨ ਵੇਲੇ ਖੇਤਾਂ ਵਿਚ ਬਿਜਲੀ ਦੀ ਵਰਤੋਂ ਤੋਂ ਗੁਰੇਜ਼ ਕਰੋ। ਬਿਜਲੀ ਦੀ ਵਰਤੋਂ ਰਾਤ ਵੇਲੇ ਹੀ ਕਰੋ।
- ਪਿੰਡ ਦੇ ਗੁਰਦੁਆਰੇ ਦੇ ਗ੍ਰੰਥੀ ਸਿੰਘ ਦਾ ਫੋਨ ਨੰਬਰ ਆਪਣੇ ਕੋਲ ਸੇਵ ਕਰ ਕੇ ਰੱਖੋ ਤਾਂ ਜੋ ਕਿਸੇ ਅਣਹੋਣੀ ਸਮੇਂ ਸਪੀਕਰ ਜ਼ਰੀਏ ਫੌਰੀ ਸਹਾਇਤਾ ਲਈ ਪਿੰਡ ਦੇ ਲੋਕਾਂ ਨੂੰ ਸੂਚਿਤ ਕਰ ਕੇ ਅੱਗ 'ਤੇ ਛੇਤੀ ਕਾਬੂ ਪਾਇਆ ਜਾ ਸਕੇ।
- ਪੁਰਾਣੇ ਟ੍ਰੈਕਟਰ ਜਾਂ ਉਹ ਖੇਤੀ ਮਸ਼ੀਨਰੀ, ਜਿਸ ਤੋਂ ਚੰਗਿਆੜੇ ਨਿਕਲਣ ਦਾ ਡਰ ਹੋਵੇ, ਦੀ ਵਰਤੋਂ ਤੋਂ ਗੁਰੇਜ਼ ਕਰੋ।
- ਲੋੜ ਪੈਣ ਤੇ ਫਾਇਰ-ਬ੍ਰਿਗੇਡ ਨੂੰ ਫੋਨ ਨੰਬਰ 101 'ਤੇ ਇਤਲਾਹ ਦੇਵੋ।



# ਤੇਰੀ ਕਣਕ ਦੀ ਰਾਖੀ ਮੁੰਡਿਆ...

• **ਇਬਲੀਸ,** *98143-98743*

ਹਾੜ੍ਹੀ ਦੀ ਅਹਿਮ ਫ਼ਸਲ ਕਣਕ ਦੀ ਵਾਢੀ ਦਾ ਦੌਰ ਸ਼ੁਰੂ ਹੋ ਚੁੱਕਾ ਹੈ। ਇਹ ਉਹ ਦਿਨ ਹੁੰਦੇ ਹਨ, ਜਦੋਂ ਕਿਸਾਨ ਨੂੰ ਕੁਦਰਤੀ ਔਕੜਾਂ ਨਾਲ ਜੂਝਦਿਆਂ ਹੋਇਆਂ ਆਪਣੀ ਫ਼ਸਲ ਨੂੰ ਪਾਲਣ ਦਾ ਫ਼ਿਕਰ ਮੁੱਕ ਜਾਂਦਾ ਹੈ ਅਤੇ ਉਸ ਨੂੰ ਆਪਣੇ ਸੁਪਨਿਆਂ ਨੂੰ ਬੂਰ ਪੈਂਦਾ ਨਜ਼ਰ ਆਉਣ ਲਗਦਾ ਹੈ। ਉਹ ਤੂੜੀ ਤੰਦ ਵੇਚ-ਵੱਟ ਕੇ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ ਦਮਾਮੇ ਮਾਰਦਾ ਹੋਇਆ ਮੇਲਿਆਂ 'ਚ ਸ਼ਾਮਲ ਹੁੰਦਾ ਹੈ, ਭੰਗੜੇ ਪਾਉਂਦਾ ਹੈ, ਧੀ ਦੇ ਵਿਆਹ ਦਾ ਕਾਰਜ ਰਚਾਉਂਦਾ ਹੈ ਤੇ ਆਪਣੀ ਤ੍ਰੀਮਤ ਦੀਆਂ ਨਵੀਂ ਟੂੰਬ ਖ਼ਰੀਦਣ ਦੀਆਂ ਸੱਧਰਾਂ ਪੂਰੀਆਂ ਕਰਦਾ ਹੈ।

1960 ਵਿਚ ਰਿਲੀਜ਼ ਹੋਈ ਫਿਲਮ 'ਦੋ ਲੱਛੀਆਂ' 'ਚ ਸਮਸ਼ਾਦ ਬੇਗਮ ਤੇ ਮੁਹੰਮਦ ਰਫ਼ੀ ਦਾ ਗਾਇਆ ਗੀਤ 'ਤੇਰੀ ਕਣਕ ਦੀ ਰਾਖੀ ਮੁੰਡਿਆ, ਹੁਣ ਮੈਂ ਨਹੀਓਂ ਬਹਿੰਦੀ' ਸੁਣ ਕੇ ਪੁਰਾਣੇ ਪੰਜਾਬ ਦਾ ਦ੍ਰਿਸ਼ ਅੱਖਾਂ ਅੱਗੇ ਮੂਰਤੀਮਾਨ ਹੋ ਜਾਂਦਾ ਹੈ। ਬਲਦਾਂ ਦੇ ਗਲ ਪਾਈਆਂ ਟੱਲੀਆਂ ਦਾ ਸੰਗੀਤ ਫ਼ਿਜ਼ਾ ਵਿਚ ਇਲਾਹੀ ਰੰਗ ਭਰ ਦਿੰਦਾ ਸੀ ਪਰ ਮਸ਼ੀਨੀਕਰਨ ਦੇ ਅਜੋਕੇ ਦੌਰ ਵਿਚ ਵਾਢੀਆਂ ਦਾ ਹੁਸਨ ਹੀ ਗੁਆਚ ਗਿਆ ਹੈ। ਖੇਤੀ ਦੇ ਮਸ਼ੀਨੀਕਰਨ ਤੋਂ ਪਹਿਲਾਂ ਵਾਢੀਆਂ ਦਾ ਦੌਰ ਲਗਪਗ ਇਕ ਮਹੀਨਾ ਚੱਲਦਾ ਸੀ। ਫ਼ਸਲ ਦੀ ਰਾਖੀ ਕਰਨਾ ਵੀ ਇਕ ਵੱਡਾ ਕਾਰਜ ਸੀ। ਕਣਕ ਦੇ ਬੋਹਲ ਲੱਗਣ ਤੋਂ ਬਾਅਦ ਵੀ ਜਦ ਕਿਸਾਨ ਆਪਣੀ ਤ੍ਰੀਮਤ ਜਾਂ ਪ੍ਰੇਮਿਕਾ ਦੀ ਸੱਧਰ ਪੂਰੀ ਕਰਨ ਤੋਂ ਆਨਾਕਾਨੀ ਕਰਦਾ ਨਜ਼ਰ ਆਉਂਦਾ ਤਾਂ ਉਹ ਇਸ ਗੀਤ ਜ਼ਰੀਏ ਨਿਹੋਰਾ ਮਾਰਦੀ :

*ਤੇਰੀ ਕਣਕ ਦੀ ਰਾਖੀ ਮੁੰਡਿਆ,*
*ਹੁਣ ਮੈਂ ਨਹੀਓਂ ਬਹਿੰਦੀ।*
*ਦਿਲ ਜੇ ਤੇਰਾ ਲੈ ਲਿਆ ਮੈਂ,*
*ਤੂੰ ਕਹੇਂਗਾ ਖੂਹ 'ਤੇ ਬਹਿ ਜਾ।*
*ਨਾਲੇ ਕਹੇਂ ਬਲਦਾਂ ਨੂੰ ਤੋਰੇਂ,*
*ਨਾਲੇ ਖੇਤਾਂ ਨੂੰ ਪਾਣੀ ਦੇ ਜਾ।*
*ਓ ਖੇਤਾਂ ਨੂੰ ਪਾਣੀ ਲਾਵਾਂ*
*ਤਾਂ ਮੇਰੀ ਮਹਿੰਦੀ ਲਹਿੰਦੀ।*

ਇਸ ਗੀਤ ਵਿਚ ਪ੍ਰੇਮੀ-ਪ੍ਰੇਮਿਕਾ ਦਾ ਸੰਵਾਦ ਅਤੇ ਨੋਕ-ਝੋਕ ਪੰਜਾਬੀਅਤ ਦੀਆਂ ਸਿਖ਼ਰਾਂ ਨੂੰ ਛੋਂਹਦਾ ਹੈ। ਇਹ ਛੋਟੇ-ਛੋਟੇ ਰੁੱਸ-ਰਸੇਵਿਆਂ ਤੇ ਪਿਆਰ ਭਰੇ ਨਿਹੋਰਿਆਂ ਦੇ ਬਾਵਜੂਦ ਕਿਸਾਨ ਦੇ ਖੇਤਾਂ 'ਤੇ ਰੱਬ ਵੱਸਦਾ ਸੀ ਅਤੇ ਰੁੱਸੀ ਹੋਈ ਆਪਣੀ ਪ੍ਰੇਮਿਕਾ ਨੂੰ ਮਨਾਉਣ ਲਈ ਕਿਸਾਨ ਜਵਾਬ ਦਿੰਦਾ :

*ਤੂੰ ਆਖੇਂ ਤਾਂ ਵੱਢ ਕੇ ਕਣਕਾਂ, ਗੱਡ ਦਿਆਂਗਾ ਮਹਿੰਦੀ।*
*ਮੇਰੀ ਕਣਕ ਮੋਤੀਆਂ ਵਰਗੀ, ਤੇਰੇ ਪੈਰੀਂ ਪੈਂਦੀ।*

ਅੱਜ ਪਿਆਰ ਭਰੀ ਨੋਕ-ਝੋਕ ਦੀ ਥਾਂ ਕਿਸਾਨ ਦੀ ਮਾਨਸਿਕਤਾ ਨੂੰ ਕਰਜ਼ੇ ਦੀ ਕਿਸ਼ਤ, ਤੇਲ ਤੇ ਖਾਦ ਦੀਆਂ ਵਧੀਆਂ ਹੋਈਆਂ ਕੀਮਤਾਂ, ਖੇਤੀ ਤੋਂ ਬੇਮੁੱਖ ਹੋ ਰਹੀ ਨਵੀਂ ਪੀੜ੍ਹੀ ਅਤੇ ਖੇਤੀ ਦੇ 'ਲਾਹੇਵੰਦ' ਤੋਂ 'ਫ਼ਾਹੇਵੰਦ' ਹੋਣ ਦੇ ਫ਼ਿਕਰਾਂ ਨੇ ਮੱਲ ਲਿਆ ਹੈ।

## ਪੰਜਾਬ ਤੇ ਕਣਕ ਦੀ ਖੇਤੀ

ਆਰੀਆ ਲੋਕ ਭਾਰਤ ਵਿਚ ਆ ਕੇ ਸਭ ਤੋਂ ਪਹਿਲਾਂ ਸਪਤ-ਸਿੰਧੂ (ਪੰਜਾਬ) ਵਿਚ ਆਬਾਦ ਹੋਏ। ਮੋਹੇਂਜੋਦੜੋ ਦੀ ਸੱਭਿਅਤਾ ਪੰਜਾਬ ਵਿਚ ਆਰੀਅਨ ਲੋਕਾਂ ਦੀ ਆਮਦ ਤੋਂ ਵੀ ਪੁਰਾਣੀ ਹੈ। ਆਰੀਅਨਾਂ ਦੀ ਆਮਦ ਤੋਂ ਵੀ ਪਹਿਲਾਂ ਪੰਜਾਬ ਵਿਚ ਕਣਕ ਦੀ ਖੇਤੀ ਪ੍ਰਚਲਤ ਸੀ। ਧਰਤੀ ਸਦੀਆਂ ਤੋਂ ਮਨੁੱਖ ਦੀ ਭੁੱਖ ਅਤੇ ਹੋਰ ਸੁੱਖ-ਸਹੂਲਤਾਂ ਪੂਰੀਆਂ ਕਰਦੀ ਆਈ ਹੈ। ਕਿਸਾਨ ਧਰਤੀ ਨੂੰ ਮਾਂ ਜਿੰਨਾ ਮੋਹ ਕਰਦਾ ਹੈ। ਇਸ ਦਾ ਜ਼ਿਕਰ ਅਥਰਵ ਵੇਦ ਦੇ 'ਪ੍ਰਿਥਵੀ ਸੂਕਤ' ਵਿਚ ਵੀ ਆਇਆ ਹੈ :

*ਮਾਤਾ ਭੂਮਿ ਪੁਤ੍ਰੋਅਹੰ ਪ੍ਰਿਥਿਵਯਾਂ।*
*ਨਮੋ ਮਾਤ੍ਰੇ, ਪ੍ਰਿਥਿਵਯੈ ਨਮੋ ਮਾਤ੍ਰੇ ਪ੍ਰਿਥਿਵਿਯੈ॥*

ਕਣਕ ਦੀ ਫ਼ਸਲ ਮੁੱਢ ਕਦੀਮ ਤੋਂ ਕਿਸਾਨ ਦੀ ਆਰਥਿਕਤਾ ਨੂੰ ਹੁਲਾਰਾ ਦਿੰਦੀ ਆਈ ਹੈ। ਹਰੀ ਕ੍ਰਾਂਤੀ ਦੀ ਆਮਦ ਨੇ ਇਸ ਫ਼ਸਲ ਨਾਲ ਜੁੜੇ ਵਿੱਤੀ ਪਹਿਲੂਆਂ ਨੂੰ ਹੋਰ ਮਜ਼ਬੂਤ ਕੀਤਾ। ਭਾਵੇਂ ਸੌ ਵਿੱਤੀ ਤੇ ਕੁਦਰਤੀ ਆਫ਼ਤਾਂ ਅੱਜ ਵੀ ਕਿਸਾਨ ਦਾ ਰਾਹ ਰੋਕਦੀਆਂ ਹਨ ਪਰ ਉਸ ਦੇ ਪੈਰਾਂ ਨੂੰ ਅੱਜ ਵੀ ਨੱਚਣਾ ਨਹੀ ਭੁੱਲਿਆ, ਧਰਤੀ ਅੱਜ ਵੀ ਉਸ ਲਈ ਮਾਤਾ ਸਮਾਨ ਹੈ:

*ਧਰਤੀਏ ਪਿਆਰ ਕਰੇਂਦੀਏ, ਪਰ ਮਾਖਿਉਂ ਦੀ ਰੀਸ।*
*ਕਣਕੋਂ ਕਣਕ ਵੰਡਾਈਏ, ਦੁੱਧੋਂ ਦੁੱਧ ਅਸੀਸ।*

ਇਸ ਤੋਂ ਇਲਾਵਾ ਪੰਜਾਬੀ ਲੋਕ ਗੀਤ "ਬੱਲੀਏ ਕਣਕ ਦੀਏ, ਤੈਨੂੰ ਖਾਣਗੇ ਨਸੀਬਾਂ ਵਾਲੇ" ਇਸ ਫ਼ਸਲ ਦੀ ਹਰਮਨਪਿਆਰਤਾ ਨੂੰ ਦਰਸਾਉਂਦਾ ਹੈ।

### ਪੰਜਾਬੀ ਸਾਹਿਤ 'ਚ ਕਣਕ ਦਾ ਜ਼ਿਕਰ

ਪੰਜਾਬੀ ਦੇ ਬਹੁਤ ਸਾਰੇ ਲੋਕ ਗੀਤਾਂ ਵਿਚ ਕਣਕ ਦੀ ਖੇਤੀ ਦਾ ਜ਼ਿਕਰ ਮਿਲਦਾ ਹੈ।

*ਹਿੰਮਤਪੁਰੇ ਦੇ ਮੁੰਡੇ ਬੰਬਲੇ,*
*ਸੱਤ ਪੱਤਣਾਂ ਦੇ ਤਾਰੂ।*
*ਸੂਇਆਂ ਕੱਸੀਆਂ 'ਤੇ ਕਣਕ ਬੀਜਦੇ,*
*ਛੋਲੇ ਬੀਜਦੇ ਮਾਰੂ।*

ਤਨਜ਼ ਦੀ ਤਿੱਖੀ ਤਲਵਾਰ ਨੂੰ ਲੋਕ ਗੀਤਾਂ ਵਰਗੀ ਮਿੱਠੀ ਬੋਲੀ ਦੇ ਮਿਆਨ ਵਿਚ ਰੱਖ ਕੇ ਪੇਸ਼ ਕਰਨਾ ਅਤੇ ਕਣਕ ਦੀ ਤਸ਼ਬੀਹ ਧੀ ਨਾਲ ਪੰਜਾਬ ਦਾ ਕਿਸਾਨ ਹੀ ਦੇ ਸਕਦਾ ਹੈ। ਨ.ਸ.ਦਿਓਲ ਆਪਣੀ ਕਵਿਤਾ ਵਿਚ ਲਿਖਦਾ ਹੈ :

*ਕਣਕਾਂ ਦੀ ਖ਼ੁਸ਼ਬੋ ਵੇ ਮਾਹੀਆ,*
*ਕਣਕਾਂ ਦੀ ਖ਼ੁਸ਼ਬੋ*
*ਸੀ ਪਾਲੀ ਧੀਆਂ ਵਾਂਗ ਵੇ*
*ਅੱਜ ਗਈ ਪਰਾਈ ਹੋ।*



## ਖੇਤੀ ਤੇ ਵਿੱਤੀ ਔਕੜਾਂ

ਫ਼ਸਲ ਦੀ ਬਿਜਾਈ ਤੋਂ ਲੈ ਕੇ ਵਾਢੀ ਤਕ ਔਰਤਾਂ ਵੀ ਇਸ ਵਿਚ ਬਰਾਬਰ ਯੋਗਦਾਨ ਪਾਉਂਦੀਆਂ ਸਨ। ਇਸੇ ਲਈ ਜਦ ਕਣਕ ਦੀ ਵਾਢੀ ਸ਼ੁਰੂ ਹੁੰਦੀ ਸੀ ਤਾਂ ਕਿਸਾਨ ਦੀ ਤ੍ਰੀਮਤ ਇਸ ਕੰਮ ਵਿਚ ਉਸ ਦਾ ਸਾਥ ਦੇਣ ਲਈ ਆਖਦੀ ਸੀ, "ਦਾਤੀ ਨੂੰ ਲੁਆ ਦੇ ਘੁੰਗਰੂ, ਵਾਢੀ ਕਰੂੰਗੀ ਬਰੋਬਰ ਤੇਰੇ।" ਖੇਤੀ ਦੇ ਖੇਤਰ ਵਿਚ ਔਰਤਾਂ ਦੀ ਭੂਮਿਕਾ ਨੂੰ ਉਜਾਗਰ ਕਰਦੀ ਹੈ। ਅੱਜ ਵੀ ਵਾਢੀ ਦੇ ਕੰਮ ਵਿਚ ਔਰਤਾਂ ਦਾ ਭਰਪੂਰ ਯੋਗਦਾਨ ਹੈ। ਅਜੋਕੀਆਂ ਕਿਸਾਨ ਔਰਤਾਂ ਭਾਵੇਂ ਅੱਜ ਦਾਤਰੀ ਨਾਲ ਕਣਕ ਦੀ ਵਾਢੀ ਨਹੀਂ ਕਰਦੀਆਂ ਪਰ ਖੇਤੀਬਾੜੀ ਦੇ ਕੰਮਾਂ ਵਿਚ ਅੱਜ ਵੀ ਉਹ ਭਰਪੂਰ ਯੋਗਦਾਨ ਦੇ ਰਹੀਆਂ ਹਨ। ਇਸੇ ਲਈ ਇਸ ਵਾਰ ਘੱਟੋ ਘੱਟ ਸਮਰਥਨ ਮੁੱਲ ਮੁੱਲ ਤੈਅ ਕਰਦਿਆਂ ਕੇਂਦਰ ਸਰਕਾਰ ਨੇ ਔਰਤਾਂ ਦੇ ਕੰਮ ਦੀ ਉਜ਼ਰਤ ਨੂੰ ਵੀ ਇਸ ਵਿਚ ਸ਼ਾਮਲ ਕੀਤਾ ਹੈ, ਜੋ ਸ਼ਲਾਘਾਯੋਗ ਹੈ ਪਰ ਇਸ ਦੇ ਨਾਲ ਵੀ ਕਿਸਾਨ ਪਰਿਵਾਰਾਂ ਦੇ ਪੱਲੇ ਕੁਝ ਜ਼ਿਆਦਾ ਨਹੀਂ ਪੈ ਰਿਹਾ। ਉਨ੍ਹਾਂ ਦੀ ਕਿਰਤ ਨੂੰ ਬਣਦਾ ਮਾਣ-ਤਾਣ ਦੇਣ ਦੀ ਅਜੇ ਹੋਰ ਲੋੜ ਹੈ। ਸਖ਼ਤ ਮਿਹਨਤ ਦੇ ਬਾਵਜੂਦ ਅਜ ਜਦੋਂ ਕਿਸਾਨ ਆਪਣੀ ਔਰਤ ਦੀ ਗਹਿਣਾ ਖ਼ਰੀਦਣ ਦੀ ਖ਼ਾਹਿਸ਼ ਪੂਰੀ ਨਹੀਂ ਕਰ ਪਾਉਂਦਾ ਤਾਂ ਸਦੀਆਂ ਪੁਰਾਣਾ ਮਿਹਣਾ ਅੱਜ ਵੀ ਉਸ ਦੇ ਸੀਨੇ 'ਚ ਬਰਛੀ ਵਾਂਗ ਵੱਜਦਾ ਹੈ - "ਮੁੰਡੇ ਮਰ ਗਏ ਕਮਾਈਆਂ ਕਰਦੇ, ਲੱਛੀ ਤੇਰੇ ਬੰਦ ਨਾ ਬਣੇ।"

## ਜੰਗ-ਏ-ਆਜ਼ਾਦੀ ਤੇ ਖੇਤੀਬਾੜੀ

ਭਾਰਤ ਦੇ ਸਵਤੰਤਰਤਾ ਸੰਗਰਾਮ ਵੇਲੇ ਜਦੋਂ 1907 ਵਿਚ ਬਰਤਾਨਵੀ ਸਾਮਰਾਜ ਨੇ ਕੌਲੋਨੀ ਬਿੱਲ ਪਾਸ ਕੀਤਾ ਤਾਂ ਇਸ ਦੀ ਵੱਡੀ ਸੱਟ ਪੰਜਾਬ ਦੀ ਕਿਰਸਾਨੀ ਨੂੰ ਵੱਜੀ। ਲਾਲਾ ਲਾਜਪਤ ਰਾਏ ਤੇ ਸਰਦਾਰ ਅਜੀਤ ਸਿੰਘ ਨੇ ਅੰਗਰੇਜ਼ਾਂ ਵਿਰੁੱਧ ਜਾਗ੍ਰਿਤੀ ਲਹਿਰ ਸ਼ੁਰੂ ਕੀਤੀ। ਉਸ ਵੇਲੇ ਬਾਂਕੇ ਦਿਆਲ ਦੇ ਲਿਖੇ ਇਕ ਗੀਤ ਨੇ ਕਿਸਾਨਾਂ, ਖੇਤ ਮਜ਼ਦੂਰਾਂ ਤੇ ਖੇਤੀ ਨਾਲ ਜੁੜੇ ਆਮ ਲੋਕਾਂ ਨੂੰ ਝੰਜੋੜਿਆ ਤੇ ਸਾਰੀਆਂ ਧਿਰਾਂ ਇਸ ਲਹਿਰ 'ਚ ਸ਼ਾਮਲ ਹੋਈਆਂ। ਬਾਅਦ ਵਿਚ ਇਹ ਲਹਿਰ 'ਪਗੜੀ ਸੰਭਾਲ ਲਹਿਰ' ਵਜੋਂ ਜਾਣੀ ਗਈ।

*ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ।*
*ਲੁੱਟ ਲਿਆ ਮਾਲ ਤੇਰਾ, ਕੀਤਾ ਬੇਹਾਲ ਓਏ।*

ਆਜ਼ਾਦੀ ਦੇ ਸੱਤ ਦਹਾਕਿਆਂ ਬਾਅਦ ਅੱਜ ਵੀ ਕਿਸਾਨ ਆਪਣੀਆਂ ਮੰਗਾਂ ਲਈ ਪੰਜਾਬ ਵਿਚ ਥਾਂ-ਥਾਂ ਧਰਨੇ ਪ੍ਰਦਰਸ਼ਨ ਕਰ ਰਹੇ ਹਨ, ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਇੰਨ-ਬਿੰਨ ਲਾਗੂ ਕਰਨ ਦੀ ਮੰਗ ਕਰ ਰਹੇ ਹਨ ਪਰ ਸੱਤਾ 'ਤੇ ਸਜੇ ਆਪਣੇ ਹੀ ਦੇਸ਼ ਦੇ ਲੋਕਾਂ ਅੱਗੇ ਉਨ੍ਹਾਂ ਦੀ ਆਵਾਜ਼ ਜੰਦਰਿਆਂ 'ਚ ਜਕੜੀ ਨਜ਼ਰ ਆ ਰਹੀ ਹੈ।

## ਸਿੱਖ ਧਰਮ ਤੇ ਖੇਤੀ ਦੀ ਅਹਿਮੀਅਤ

ਚਾਰ ਉਦਾਸੀਆਂ ਕਰਨ ਤੋਂ ਬਾਅਦ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਦੀ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਆ ਵੱਸੇ ਤਾਂ ਉਨ੍ਹਾਂ ਨੇ ਆਪਣੇ ਹੱਥੀ ਖੇਤੀ ਕਰ ਕੇ ਕਿਰਤ ਨੂੰ ਸਤਿਕਾਰਯੋਗ ਥਾਂ ਦਿੱਤੀ। ਗੁਰੂ ਸਾਹਿਬ ਨੇ ਕੁਦਰਤ ਨੂੰ ਅਹਿਮੀਅਤ ਦਿੰਦੇ ਹੋਏ ਆਖਿਆ - "ਬਲਿਹਾਰੀ ਕੁਦਰਤ ਵਸਿਆ ਤੇਰਾ ਅੰਤ ਨ ਜਾਈ ਲਖਿਆ।" ਇਸੇ ਤਰ੍ਹਾਂ ਉਨ੍ਹਾਂ ਦੀ ਬਾਣੀ ਵਿਚ ਕਣਕ ਦਾ ਜ਼ਿਕਰ ਵੀ ਬੜੇ ਸਨਮਾਨਯੋਗ ਢੰਗ ਨਾਲ ਆਇਆ ਹੈ, "ਜਤੁ ਸਤੁ ਚਾਵਲ ਦਇਆ ਕਣਕ ਕਰਿ ਪ੍ਰਾਪਤਿ ਪਾਤੀ ਧਾਨੁ।" ਇਸ ਤੋਂ ਪਹਿਲਾਂ ਉਮਰ ਦੇ ਪਹਿਲੇ ਵਰ੍ਹਿਆਂ ਦੌਰਾਨ ਗੁਰੂ ਨਾਨਕ ਸਾਹਿਬ ਨੇ ਆਪਣੀ ਜਨਮ ਭੋਇੰ ਨਨਕਾਣਾ ਸਾਹਿਬ ਵਿਖੇ ਮੱਝਾਂ ਵੀ ਚਾਰੀਆਂ। ਮੱਝਾਂ ਵੱਲੋਂ ਇਕ ਖੇਤ ਨੂੰ ਉਜਾੜ ਦਿੱਤੇ ਜਾਣ 'ਤੇ ਕਿਸਾਨਾਂ ਦੇ ਖੇਤ ਨੂੰ ਮੁੜ ਹਰਿਆ-ਭਰਿਆ ਕਰਨ ਦਾ ਕੌਤਕ ਰਚਿਆ। ਇਸ ਅਸਥਾਨ 'ਤੇ ਅੱਜ ਗੁਰਦੁਆਰਾ 'ਕਿਆਰਾ ਸਾਹਿਬ' ਸੁਸ਼ੋਭਿਤ ਹੈ।

ਅਜੋਕੀ ਖੇਤੀ ਕੁਦਰਤੀ ਆਫ਼ਤਾਂ, ਨਵੀਂ ਪੀੜ੍ਹੀ ਦੀ ਬੇਮੁੱਖਤਾ, ਸਰਕਾਰਾਂ ਦੇ ਅਵੇਸਲੇਪਣ ਤੇ ਮਿਹਨਤ ਦਾ ਸਹੀ ਮੁੱਲ ਨਾ ਮਿਲਣ ਕਾਰਨ ਨਿਘਾਰ ਵੱਲ ਜਾ ਰਹੀ ਹੈ ਪਰ ਸਮੇਂ ਦੀ ਕੋਈ ਵੀ ਸਰਕਾਰ ਕਿਸਾਨ ਦੀ ਬਾਂਹ ਫੜ ਕੇ ਉਸ ਦੇ ਖੇਤਾਂ ਨੂੰ ਹਰਿਆ-ਭਰਿਆ ਕਰਨ ਲਈ ਤਿਆਰ ਨਜ਼ਰ ਨਹੀਂ ਆਉਂਦੀ। •

# ਕੰਬਾਈਨ ਨਾਲ ਕਣਕ ਦੀ ਸੁਚੱਜੀ ਕਟਾਈ

**ਕੰਬਾਈਨ ਨਾਲ ਕਣਕ ਦੀ ਕਟਾਈ ਕਰਦੇ ਸਮੇਂ ਉਪਜ ਦੇ ਨੁਕਸਾਨ ਨੂੰ ਰੋਕਣ ਲਈ ਕੰਬਾਈਨ ਨੂੰ ਮਿੱਥੀ ਹੋਈ ਰਫ਼ਤਾਰ 'ਤੇ ਚਲਾਇਆ ਜਾਵੇ। ਕਣਕ ਦੀ ਕਟਾਈ 10-12 ਫ਼ੀਸਦੀ ਨਮੀ 'ਤੇ ਕੀਤੀ ਜਾਵੇ। ਕਟਾਈ ਸਮੇਂ ਕੰਬਾਈਨ ਦੀ ਫਿਰਕੀ ਦੀ ਉਚਾਈ ਅਤੇ ਚਾਲ ਫ਼ਸਲ ਦੀ ਸਥਿਤੀ ਅਨੁਸਾਰ ਸੈੱਟ ਕਰ ਲੈਣੀ ਚਾਹੀਦੀ ਹੈ...**



• **ਬਲਦੇਵ ਡੋਗਰਾ**
**ਮਹੇਸ਼ ਕੁਮਾਰ ਨਾਰੰਗ**

ਪੰਜਾਬ ਵਿਚ ਕਣਕ ਦੀ 75 ਫ਼ੀਸਦੀ ਕਟਾਈ ਕੰਬਾਈਨਾਂ ਨਾਲ ਹੁੰਦੀ ਹੈ। ਬਾਕੀ 25 ਫ਼ੀਸਦੀ ਫ਼ਸਲ ਦੀ ਰੀਪਰ ਨਾਲ ਜਾਂ ਹੱਥਾਂ ਨਾਲ ਕਟਾਈ ਕੀਤੀ ਜਾਂਦੀ ਹੈ। ਇਸ ਤੋਂ ਉਪਰੰਤ ਥਰੈਸ਼ਰ ਨਾਲ ਗਹਾਈ ਕੀਤੀ ਜਾਂਦੀ ਹੈ। ਕੰਬਾਈਨਾਂ ਨਾਲ ਕਟਾਈ ਆਮ ਤੌਰ 'ਤੇ ਕਿਰਾਏ 'ਤੇ ਕਰਵਾਈ ਜਾਂਦੀ ਹੈ। ਕਿਰਾਏ ਤੇ ਕੰਮ ਕਰਨ ਵਾਲਿਆਂ ਨੂੰ ਕੰਮ ਨੂੰ ਜਲਦੀ ਖ਼ਤਮ ਕਰਨ ਦੀ ਕਾਹਲੀ ਹੁੰਦੀ ਹੈ, ਜਿਸ ਨਾਲ ਕਿਸਾਨਾਂ ਨੂੰ ਕੁਝ ਨੁਕਸਾਨ ਝੱਲਣਾ ਪੈਂਦਾ ਹੈ। ਇਸ ਨੁਕਸਾਨ ਨੂੰ ਕੁਝ ਗੱਲਾਂ ਨੂੰ ਧਿਆਨ ਵਿਚ ਰੱਖ ਕੇ ਘੱਟ ਕੀਤਾ ਜਾ ਸਕਦਾ ਹੈ। ਇਕ ਅੰਦਾਜ਼ੇ ਮੁਤਾਬਕ ਸਭ ਤੋਂ ਵੱਧ ਨੁਕਸਾਨ ਕਣਕ ਦੀ ਪਛੇਤੀ ਕਟਾਈ ਦਾ ਹੁੰਦਾ ਹੈ। ਕਣਕ ਦੀ ਕਟਾਈ 10-12 ਫ਼ੀਸਦੀ ਨਮੀ 'ਤੇ ਕੀਤੀ ਜਾਣੀ ਚਾਹੀਦੀ ਹੈ। ਨਮੀ ਇਸ ਤੋਂ ਘੱਟ ਹੋਣ 'ਤੇ ਰੀਲ ਜਾਂ ਫਿਰਕੀ ਨਾਲ ਹੋਣ ਵਾਲਾ ਨੁਕਸਾਨ ਕਾਫ਼ੀ ਵਧ ਜਾਂਦਾ ਹੈ। ਕੰਬਾਈਨ ਨਾਲ ਹੋਣ ਵਾਲੇ ਨੁਕਸਾਨ ਕਈ ਤਰ੍ਹਾਂ ਦੇ ਹਨ :

### ਘੱਟ ਨਮੀ ਕਾਰਨ ਹੋਣ ਵਾਲਾ ਨੁਕਸਾਨ

ਜਿਵੇਂ-ਜਿਵੇਂ ਫ਼ਸਲ ਦੀ ਨਮੀ ਘਟਦੀ ਜਾਂਦੀ ਹੈ, ਖੇਤ 'ਚ ਦਾਣੇ ਕਿਰਨੇ ਸ਼ੁਰੂ ਹੋ ਜਾਂਦੇ ਹਨ ਤੇ ਫਿਰਕੀ ਨਾਲ ਹੋਣ ਵਾਲਾ ਨੁਕਸਾਨ ਵਧ ਜਾਂਦਾ ਹੈ।

### ਫਿਰਕੀ ਨਾਲ ਹੋਣ ਵਾਲਾ ਨੁਕਸਾਨ

ਕੰਬਾਈਨ ਵਿਚ ਫਸਲ ਨੂੰ ਅੱਗੇ ਧੱਕਣ ਲਈ ਇਕ ਫਿਰਕੀ ਲੱਗੀ ਹੁੰਦੀ ਹੈ, ਜਿਸ ਦੀ ਉਚਾਈ ਤੇ ਚਾਲ ਫ਼ਸਲ ਦੇ ਅਨੁਸਾਰ ਸੈੱਟ ਕਰ ਲੈਣੀ ਚਾਹੀਦੀ ਹੈ। ਜੇ ਨਮੀ ਘੱਟ ਹੋਵੇ ਤਾਂ ਫਿਰਕੀ ਨਾਲ ਕੁਝ ਦਾਣੇ ਖੇਤ ਵਿਚ ਹੀ ਕਿਰ ਜਾਂਦੇ ਹਨ। ਇਸ ਲਈ ਫਿਰਕੀ ਦੀ ਸੈਟਿੰਗ ਤੇ ਫ਼ਸਲ ਦੀ ਨਮੀ ਦਾ ਸਹੀ ਹਿਸਾਬ ਰੱਖਣਾ ਜ਼ਰੂਰੀ ਹੈ।

### ਗਹਾਈ ਨਾਲ ਹੋਣ ਵਾਲਾ ਨੁਕਸਾਨ

ਜਦੋਂ ਕੰਬਾਈਨ ਨਾਲ ਕਟਾਈ ਕੀਤੀ ਜਾਂਦੀ ਹੈ ਤਾਂ ਫ਼ਸਲ ਦਾ ਮਲਬਾ ਪਿੱਛੇ ਡਿੱਗਦਾ ਹੈ। ਕਈ ਵਾਰ ਉਸ ਵਿਚ ਕੁਝ ਦਾਣੇ ਰਹਿ ਜਾਂਦੇ ਹਨ। ਕੁਝ ਦਾਣੇ ਸਿੱਟਿਆਂ ਵਿਚ ਵੀ ਹੋ ਸਕਦੇ ਹਨ।

### ਦਾਣਿਆਂ ਦੀ ਟੁੱਟ-ਭੱਜ

ਜੇ ਕੰਬਾਈਨ ਦੇ ਗਹਾਈ ਥਰੈਸ਼ਰ ਦੀ ਰਫ਼ਤਾਰ ਜਾਂ ਸਿਲੰਡਰ ਤੇ ਕਨਕੇਵ ਵਿਚ ਵਿੱਥ ਸਹੀ ਨਾ ਹੋਵੇ ਤਾਂ ਦਾਣਿਆਂ ਦੀ ਟੁੱਟ-ਭੱਜ ਵਧ ਜਾਂਦੀ ਹੈ।

### ਨੁਕਸਾਨ ਦਾ ਅੰਦਾਜ਼ਾ

ਕੰਬਾਈਨ ਨਾਲ ਕਟਾਈ ਤੋਂ ਪਹਿਲਾਂ ਕਿਰੇ ਹੋਏ ਦਾਣਿਆਂ ਦਾ ਹਿਸਾਬ ਲਗਾਉ। ਇਸ ਦੇ ਲਈ ਇਕ ਵਰਗ ਮੀਟਰ ਰਕਬੇ ਦੀ ਕਣਕ ਦਾਤਰੀ ਨਾਲ ਕੱਟ ਲਵੋ। ਉਸ ਉਪਰੰਤ ਇਸ ਜਗ੍ਹਾ ਕਿਰੇ ਹੋਏ ਦਾਣੇ ਇਕੱਠੇ ਕਰ ਲਵੋ। ਇਸ ਨਾਲ ਇਹ ਅੰਦਾਜ਼ਾ ਲੱਗ ਜਾਵੇਗਾ ਕਿ ਕੰਬਾਈਨ ਨਾਲ ਕਟਾਈ ਤੋਂ ਪਹਿਲਾਂ ਕਿੰਨੇ ਦਾਣੇ ਖੇਤ ਵਿਚ ਡਿੱਗੇ ਹਨ।

ਇਕ ਅੰਦਾਜ਼ੇ ਮੁਤਾਬਕ ਜੇ ਇਨ੍ਹਾਂ ਦਾਣਿਆਂ ਦੀ ਗਿਣਤੀ ਪ੍ਰਤੀ ਵਰਗ ਮੀਟਰ ਵਿਚ 100 ਹੋਵੇ ਤਾਂ ਇਹ ਝਾੜ ਦਾ ਲਗਪਗ ਇਕ ਫ਼ੀਸਦੀ ਨੁਕਸਾਨ ਹੈ। ਕੰਬਾਈਨ ਚੱਲਣ ਉਪਰੰਤ 4-5 ਥਾਵਾਂ ਤੋਂ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਕਿਰੇ ਹੋਏ ਦਾਣੇ ਅਤੇ ਸਿੱਟੇ ਇਕਠੇ ਕੀਤੇ ਜਾ ਸਕਦੇ ਹਨ।

ਸਿੱਟਿਆਂ ਤੋਂ ਦਾਣੇ ਭੋਰ ਕੇ ਅੰਦਾਜਾ ਲੱਗ ਸਕਦਾ ਹੈ ਕਿ ਕੰਬਾਈਨ ਨਾਲ ਅਣਗਾਹੇ ਦਾਣੇ ਤਾਂ ਨਹੀਂ ਜਾ ਰਹੇ। ਇਸ ਤਰ੍ਹਾਂ ਔਸਤਨ ਪ੍ਰਤੀ ਵਰਗ ਮੀਟਰ ਜਿੰਨੇ ਦਾਣੇ ਕੰਬਾਈਨ ਪਿੱਛੇ ਡਿਗਦੇ ਹਨ, ਉਨ੍ਹਾਂ ਤੋਂ ਸੌਖਿਆਂ ਹੀ ਨੁਕਸਾਨ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਧਿਆਨ ਰੱਖੋ ਕਿ ਜੇ ਦਾਣੇ ਕੰਬਾਈਨ ਦੇ ਪਿੱਛੇ ਡਿੱਗੇ ਮਲਬੇ 'ਚੋਂ ਚੁਗੇ ਗਏ ਹਨ ਤਾਂ ਇਨ੍ਹਾਂ ਨੂੰ ਕਟਰਬਾਰ ਦੀ ਮੀਟਰਾਂ ਵਿਚ ਚੌੜਾਈ ਨਾਲ ਤਕਸੀਮ ਕਰੋ।



ਦਾਣਿਆਂ ਦੀ ਟੁੱਟ-ਭੱਜ ਦੀ ਜਾਂਚ ਵਾਸਤੇ ਟਰਾਲੀ ਜਾਂ ਕੰਬਾਈਨ ਦੇ ਟੈਂਕ ਵਿਚੋਂ 100 ਗ੍ਰਾਮ ਦਾਣੇ ਲੈ ਕੇ ਤੋਲ ਲਵੋ। ਇਨ੍ਹਾਂ ਦਾਣਿਆਂ ਨੂੰ ਸਾਫ ਕਰ ਕੇ ਤੂੜੀ ਆਦਿ ਅੱਡ ਕਰ ਦੇਵੋ। ਇਸੇ ਤਰ੍ਹਾਂ ਟੁੱਟੇ ਹੋਏ ਦਾਣੇ ਵੀ ਅੱਡ ਕਰ ਲਵੋ। ਇਸ ਤਰੀਕੇ ਨਾਲ ਅਸੀਂ ਦਾਣਿਆਂ ਦੀ ਸਫ਼ਾਈ ਤੇ ਟੁੱਟੇ-ਭੱਜੇ ਦਾਣਿਆਂ ਦਾ ਹਿਸਾਬ ਲਗਾ ਸਕਦੇ ਹਾਂ। ਜੇ ਇਹ ਨੁਕਸਾਨ 4 ਫ਼ੀਸਦੀ ਤੋਂ ਜ਼ਿਆਦਾ ਹੋਵੇ ਤਾਂ ਕੰਬਾਈਨ ਚਾਲਕ ਨੂੰ ਜਾਣੂ ਕਰਵਾ ਕੇ ਦਾਣਿਆਂ ਦੇ ਨੁਕਸਾਨ ਨੂੰ ਘਟਾਉਣ ਦੀ ਕੋਸ਼ਿਸ਼ ਕਰੋ। •

### ਦਾਣਿਆਂ ਦਾ ਨੁਕਸਾਨ ਘਟਾਉਣਾ

ਦਾਣਿਆਂ ਦਾ ਬੇਲੋੜਾ ਨੁਕਸਾਨ ਕੰਬਾਈਨ ਦੇ ਨੁਕਸ ਦੂਰ ਕਰ ਕੇ ਘੱਟ ਕੀਤਾ ਜਾ ਸਕਦਾ ਹੈ। ਇਸ ਦੇ ਲਈ ਕੁਝ ਅਹਿਮ ਨੁਕਤਿਆਂ ਨੂੰ ਧਿਆਨ 'ਚ ਰੱਖੋ :

- ਕੰਬਾਈਨ ਨੂੰ ਮਿੱਥੀ ਹੋਈ ਰਫ਼ਤਾਰ 'ਤੇ ਚਲਾਓ।
- ਡਿੱਗੀ ਹੋਈ ਫ਼ਸਲ ਨੂੰ ਚੁੱਕਣ ਵਾਸਤੇ ਕੰਬਾਈਨ ਨੂੰ ਫ਼ਸਲ ਡਿੱਗਣ ਦੀ ਉਲਟ ਦਿਸ਼ਾ 'ਚ ਚਲਾਓ।
- ਫ਼ਸਲ ਦੀ ਨਮੀ 12 ਫ਼ੀਸਦੀ ਤੋਂ ਵੱਧ ਹੋਵੇ ਤਾਂ ਵਾਢੀ ਨਾ ਕਰੋ।
- ਖੁੰਢੇ ਹੋ ਚੁੱਕੇ ਕਟਰਬਾਰ ਦੇ ਬਲੇਡ ਬਦਲੋ।
- ਜੇ ਕੰਬਾਈਨ ਦੇ ਪਿੱਛੇ ਦਾਣਿਆਂ ਦਾ ਨੁਕਸਾਨ ਇਕ ਫ਼ੀਸਦੀ ਤੋਂ ਵੱਧ ਹੋਵੇ ਤਾਂ ਪੱਖੇ ਦੀ ਹਵਾ ਘਟਾਓ। ਜੇ ਫਿਰ ਵੀ ਫ਼ਰਕ ਨਾ ਪਵੇ ਤਾਂ ਸਫ਼ਾਈ ਵਾਲੀ ਜਾਲੀ ਦੀ ਵਿੱਥ ਵਧਾਓ।
- ਜੇ ਦਾਣਿਆਂ ਵਾਲੇ ਟੈਂਕ ਵਿਚ ਦਾਣਿਆਂ ਦੀ ਟੁੱਟ-ਭੱਜ ਵੱਧ ਹੈ ਤਾਂ ਸਿਲੰਡਰ ਅਤੇ ਕਨਕੇਵ ਦਰਮਿਆਨ ਵਿੱਥ ਵਧਾਓ।
- ਜੇ ਅਣਗਾਹੇ ਦਾਣੇ ਇਕ ਫ਼ੀਸਦੀ ਤੋਂ ਵੱਧ ਹਨ ਤਾਂ ਸਿਲੰਡਰ ਤੇ ਕਨਕੇਵ ਵਿਚ ਵਿੱਥ ਘਟਾਓ।
- ਕੰਬਾਈਨ ਓਵਰਲੋਡ ਹੋ ਰਹੀ ਹੋਵੇ ਤਾਂ ਰਫ਼ਤਾਰ ਘਟਾਓ ਜਾਂ ਫ਼ਸਲ ਨੂੰ ਉੱਚੀ ਵੱਢੋ।
- ਕੰਬਾਈਨ ਦੇ ਟਾਇਰਾਂ ਵਿਚ ਹਵਾ ਦਾ ਦਬਾਅ ਸਹੀ ਰੱਖੋ।
- ਕੰਬਾਈਨ ਦੇ ਬੈਰਿੰਗ ਵਾਲੇ ਹਿੱਸਿਆਂ ਨੂੰ ਗਰੀਸ ਦੇਵੋ।



# ਸਜਾਵਟੀ ਪੱਤਿਆਂ ਨਾਲ ਸ਼ਿੰਗਾਰੋ ਘਰ-ਸੰਸਾਰ

• **ਸ਼ਾਲਿਨੀ ਝਾਂਜੀ,**
**ਕਿਰਨਜੀਤ ਕੌਰ ਢੱਟ**

ਫੁੱਲ ਸਾਡੀ ਜ਼ਿੰਦਗੀ ਦਾ ਜ਼ਰੂਰੀ ਹਿੱਸਾ ਬਣ ਗਏ ਹਨ। ਪੁਰਾਣੇ ਜ਼ਮਾਨੇ ਤੋਂ ਹੀ ਤਾਜ਼ੇ ਤੇ ਸੁੱਕੇ ਫੁੱਲਾਂ ਦੀ ਵਰਤੋਂ ਪੂਜਾ, ਘਰਾਂ ਦੀ ਸਜਾਵਟ, ਖ਼ੁਸ਼ੀ-ਗ਼ਮੀ ਨਾਲ ਜੁੜੇ ਅਹਿਸਾਸਾਂ ਦੇ ਪ੍ਰਗਟਾਵੇ ਲਈ ਕੀਤੀ ਜਾਂਦੀ ਹੈ। ਘਰਾਂ ਦੀ ਸਜਾਵਟ ਲਈ ਸੁੱਕੇ ਫੁੱਲਾਂ ਦੀ ਵਰਤੋਂ ਕਈ ਲੰਬੇ ਸਮੇਂ ਤੋਂ ਕੀਤੀ ਜਾਂਦੀ ਹੈ ਤੇ ਅਜੋਕੀ ਜੀਵਨ ਸ਼ੈਲੀ ਵਿਚ ਸੁੱਕੇ ਫੁੱਲਾਂ ਦੀ ਮੰਗ ਤੇਜ਼ੀ ਨਾਲ ਵਧ ਰਹੀ ਹੈ। ਤਾਜ਼ੇ ਫੁੱਲਾਂ ਦੇ ਮੁਕਾਬਲੇ ਸੁੱਕੇ ਫੁੱਲਾਂ ਦੀ ਕੀਮਤ ਘੱਟ ਹੁੰਦੀ ਹੈ ਪਰ ਇਹ ਜ਼ਿਆਦਾ ਸਮੇਂ ਤਕ ਚੱਲਦੇ ਹਨ। ਸੁੱਕੇ ਫੁੱਲਾਂ ਨੂੰ ਕਿਸੇ ਵੀ ਮੌਸਮ ਵਿਚ ਇਸਤੇਮਾਲ 'ਚ ਲਿਆਂਦਾ ਜਾ ਸਕਦਾ ਹੈ। ਸੁੱਕੇ ਫੁੱਲਾਂ ਜ਼ਰੀਏ ਸਜਾਵਟ ਵਿਚ ਫੁੱਲਾਂ ਤੋਂ ਇਲਾਵਾ ਫਲ, ਪੱਤੀਆਂ, ਪੱਤੇ, ਨਦੀਨ, ਜੜ੍ਹਾਂ, ਟਹਿਣੀਆਂ, ਡੋਡੀਆਂ ਆਦਿ ਦੀ ਵੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਦੀ ਵਰਤੋਂ ਗੁਲਦਸਤੇ ਬਣਾਉਣ, ਕੋਲਾਜ਼, ਤਸਵੀਰਾਂ ਦੀ ਸਜਾਵਟ, ਫੁੱਲਾਂ ਨੂੰ ਤਰਤੀਬਵਾਰ ਸਜਾਉਣ, ਫੁੱਲ-ਲੜੀਆਂ ਤਿਆਰ ਕਰਨ, ਪੋਸਟ ਕਾਰਡ ਬਣਾਉਣ, ਤਿਉਹਾਰਾਂ ਮੌਕੇ ਘਰ ਦੀ ਸਜਾਵਟ, ਮੋਮਬੱਤੀਆਂ ਤੇ ਖ਼ੁਸ਼ਬੂਦਾਰ ਪੋਟ ਪੋਰੀਜ਼ ਆਦਿ ਤਿਆਰ ਕਰਨ ਲਈ ਕੀਤੀ ਜਾਂਦੀ ਹੈ।

## ਫੁੱਲ-ਪੱਤੀਆਂ ਨੂੰ ਸੁਕਾਉਣ ਦੇ ਢੰਗ

ਫੁੱਲਾਂ ਨੂੰ ਸੁਕਾ ਕੇ ਉਨ੍ਹਾਂ ਵਿਚੋਂ ਨਮੀ ਨੂੰ ਇਸ ਹੱਦ ਤਕ ਘਟ ਕਰ ਦਿੱਤਾ ਜਾਂਦਾ ਹੈ ਕਿ ਫੁੱਲਾਂ ਵਿਚਲੇ ਸੂਖ਼ਮ ਜੀਵਾਂ ਦੀ ਕਿਰਿਆ ਘੱਟ ਤੋਂ ਘੱਟ ਜਾਂ ਪੂਰੀ ਤਰ੍ਹਾਂ ਬੰਦ ਹੋ ਜਾਵੇ ਤਾਂ ਕਿ ਫੁੱਲ ਆਪਣਾ ਰੰਗ, ਚਮਕ ਤੇ ਆਕਾਰ ਪਹਿਲਾਂ ਵਰਗਾ ਬਣਾਈ ਰੱਖਣ। ਫੁੱਲਾਂ ਤੇ ਪੱਤਿਆਂ ਨੂੰ ਬਣਤਰ, ਕਿਸਮ ਤੇ ਲੋੜ ਮੁਤਾਬਕ ਅਲੱਗ-ਅਲੱਗ ਵਿਧੀਆਂ ਨਾਲ ਸੁਕਾਇਆ ਜਾਂਦਾ ਹੈ। ਇਸ ਦੇ ਲਈ ਆਮ ਤੌਰ 'ਤੇ ਹਵਾ ਅਤੇ ਧੁੱਪ 'ਚ ਸੁਕਾਉਣ ਤੋਂ ਇਲਾਵਾ ਦਾਬ ਦੇ ਕੇ, ਰੇਤ ਜਾਂ ਸਿਲੀਕਾ ਜੈੱਲ ਵਿਚ ਦਬਾ ਕੇ ਅਤੇ ਗਲਿਸਰੀਨ ਨਾਲ ਸੁਕਾਉਣ ਦੇ ਢੰਗ ਵਰਤੇ ਜਾਂਦੇ ਹਨ।

ਸਜਾਵਟੀ ਬੂਟਿਆਂ ਦੇ ਸੁਕਾਏ ਹੋਏ ਪੱਤੇ ਕਈ ਢੰਗਾਂ ਨਾਲ ਸਜਾਵਟ ਲਈ ਵਰਤੇ ਜਾ ਸਕਦੇ ਹਨ। ਹਵਾ ਵਿਚ ਸੁਕਾਏ ਹੋਏ ਪੱਤੇ ਸੁੰਗੜ ਜਾਂਦੇ ਹਨ ਤੇ ਚੁਰਮਰੇ ਜਿਹੇ ਹੋ ਜਾਂਦੇ ਹਨ ਤੇ ਹੱਥ ਲਗਾਉਂਦਿਆਂ ਹੀ ਝੜ ਜਾਂਦੇ ਹਨ। ਦਾਬ ਨਾਲ ਸੁਕਾਏ ਕੁਝ ਪੱਤੇ ਆਪਣਾ ਅਕਾਰ ਬਰਕਰਾਰ ਰੱਖਦੇ ਹਨ ਪਰ ਹੱਥ ਲਾਇਆਂ ਭੁਰਦੇ ਹੋਣ ਕਾਰਨ ਇਹ ਪੱਤੇ ਵੀ ਵਰਤੋਂ 'ਚ ਨਹੀਂ ਆਉਂਦੇ। ਪੱਤਿਆਂ ਨੂੰ ਸੁਕਾਉਣ ਲਈ ਵਧੀਆ ਢੰਗ ਹੈ ਉਨ੍ਹਾਂ ਨੂੰ ਗਲਿਸਰੀਨ ਦੇ ਘੋਲ ਵਿਚ ਸੁਕਾਉਣਾ।

ਇਸ ਤਰ੍ਹਾਂ ਸੁਕਾਏ ਪੱਤਿਆਂ ਦਾ ਆਕਾਰ, ਚਮਕ ਤੇ ਲਚਕ ਤਾਜ਼ੇ ਪੱਤਿਆਂ ਵਰਗੀ ਹੁੰਦੀ ਹੈ। ਪੱਤਿਆਂ ਨੂੰ ਸੁਕਾਉਣ ਸਮੇਂ ਗਲਿਸਰੀਨ ਦਾ ਘੋਲ ਪੱਤੇ ਅੰਦਰਲੇ ਪਾਣੀ ਦੀ ਥਾਂ ਲੈ ਲੈਂਦਾ ਹੈ ਜਿਸ ਕਾਰਨ ਪੱਤਾ ਕੋਮਲ ਤੇ ਲਚਕਦਾਰ ਰਹਿੰਦਾ ਹੈ। ਇਸ ਵਿਧੀ ਦੀ ਊਣਤਾਈ ਇਹ ਹੈ ਕਿ ਪੱਤੇ ਆਪਣਾ ਹਰੇ ਦੀ ਥਾਂ ਭੂਰੇ ਰੰਗ ਦੇ ਹੋ ਜਾਂਦੇ ਹਨ। ਇਹ ਹੱਥ ਲਗਾਉਣ 'ਤੇ ਵੀ ਭੁਰਦੇ ਨਹੀਂ। ਇਨ੍ਹਾਂ ਨੂੰ ਰੰਗ ਕਰ ਕੇ ਵਰਤੋਂ 'ਚ ਲਿਆਂਦਾ ਜਾ ਸਕਦਾ ਹੈ, ਝਾੜ-ਪੂੰਝ ਕੇ ਆਸਾਨੀ ਨਾਲ ਸਾਫ਼ ਕੀਤਾ ਜਾ ਸਕਦਾ ਹੈ ਤੇ ਲੰਬੇ ਸਮੇਂ ਤਕ ਵਰਤਿਆ ਜਾ ਸਕਦਾ ਹੈ।

**ਖ਼ੂਬਸੂਰਤ ਦਿੱਖ ਵਾਲੇ ਪੱਤਿਆਂ ਨੂੰ ਸੁਕਾ ਕੇ ਉਨ੍ਹਾਂ ਦੀ ਵਰਤੋਂ ਗੁਲਦਸਤੇ, ਕੋਲਾਜ਼, ਫੁੱਲ-ਲੜੀਆਂ ਤਿਆਰ ਕਰਨ, ਪੋਸਟ ਕਾਰਡ ਬਣਾਉਣ, ਤਿਉਹਾਰਾਂ ਮੌਕੇ ਘਰ ਦੀ ਸਜਾਵਟ ਆਦਿ ਲਈ ਕੀਤੀ ਜਾ ਸਕਦੀ ਹੈ...**

### ਘੋਲ ਬਣਾਉਣ ਦੀ ਵਿਧੀ

ਪੱਤਿਆਂ ਨੂੰ ਸੁਕਾਉਣ ਲਈ 20 ਫ਼ੀਸਦੀ ਗਲਿਸਰੀਨ ਦਾ ਘੋਲ ਵਰਤਿਆ ਜਾਂਦਾ ਹੈ। ਇਹ ਘੋਲ 20 ਮਿਲੀਲਿਟਰ ਗਲਿਸਰੀਨ ਨੂੰ 80 ਮਿਲੀਲਿਟਰ ਕੋਸੇ ਪਾਣੀ ਵਿਚ ਪਾ ਕੇ ਬਣਾਇਆ ਜਾਂਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਲਵਰਓਕ, ਫਰਨ ਤੇ ਅਸਪੈਰੇਗਸ ਦੇ ਪੱਤਿਆਂ ਨੂੰ 20 ਫ਼ੀਸਦੀ ਗਲਿਸਰੀਨ ਦੇ ਘੋਲ ਵਿਚ 7-8 ਦਿਨਾਂ ਤਕ ਡੋਬ ਕੇ ਸੁਕਾਉਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਸ ਵਿਧੀ ਨਾਲ ਸੁਕਾਏ ਪੱਤਿਆਂ ਦਾ ਆਕਾਰ, ਚਮਕ, ਰੰਗ ਤੇ ਬਣਤਰ ਕਾਇਮ ਰਹਿੰਦਾ ਹੈ ਤੇ ਇਨ੍ਹਾਂ ਨੂੰ 6 ਮਹੀਨਿਆਂ ਤੋਂ ਜ਼ਿਆਦਾ ਸਮੇਂ ਤਕ ਸਜਾਵਟ ਲਈ ਵਰਤੋਂ 'ਚ ਲਿਆਇਆ ਜਾ ਸਕਦਾ ਹੈ।







### ਪੱਤੇ ਤੋੜਨ ਦੀ ਅਵਸਥਾ

ਪੱਤਿਆਂ ਨੂੰ ਸੁਕਾਉਣ ਲਈ ਸਹੀ ਅਵਸਥਾ 'ਚ ਤੋੜਨਾ ਬਹੁਤ ਜ਼ਰੂਰੀ ਹੈ। ਬਹੁਤ ਤਾਜ਼ੇ ਜਾਂ ਪੁਰਾਣੇ ਪੱਤੇ ਸੁਕਾਉਣ ਲਈ ਨਹੀਂ ਤੋੜਨੇ ਚਾਹੀਦੇ ਕਿਉਂਕਿ ਇਹ ਗਲਿਸਰੀਨ ਦੇ ਘੋਲ ਨੂੰ ਜਜ਼ਬ ਨਹੀਂ ਨਹੀਂ ਸਕਦੇ। ਨਵੇਂ ਪੱਤਿਆਂ ਦੀ ਨੋਕ ਬਹੁਤ ਕਮਜ਼ੋਰ ਹੁੰਦੀ ਹੈ ਤੇ ਪੁਰਾਣੇ ਪੱਤਿਆਂ ਵਿਚ ਸਤ ਦਾ ਵਗਣਾ ਰੁਕ ਚੁੱਕਾ ਹੁੰਦਾ ਹੈ, ਜਿਸ ਕਾਰਨ ਘੋਲ ਪੱਤੇ ਅੰਦਰ ਨਹੀਂ ਜਾਂਦਾ। ਪੱਤਿਆਂ ਨੂੰ ਤ੍ਰੇਲ ਸੁੱਕਣ ਤੋਂ ਬਾਅਦ ਪਰ ਸੂਰਜ ਦੇ ਸਿਖ਼ਰ 'ਤੇ ਚੜ੍ਹਨ ਤੋਂ ਪਹਿਲਾਂ ਕੱਟਣਾ ਚਾਹੀਦਾ ਹੈ ਤਾਂ ਕਿ ਇਨ੍ਹਾਂ ਅੰਦਰ ਉਚਿਤ ਨਮੀ ਬਰਕਰਾਰ ਰਹੇ। ਵਧੇਰੇ ਨਮੀ ਪੱਤਿਆਂ ਦੀ ਵੱਡੀ ਦੁਸ਼ਮਣ ਹੈ। ਇਹ ਕੀੜਿਆਂ ਤੇ ਕਈ ਬਿਮਾਰੀਆਂ ਨੂੰ ਸੱਦਾ ਦਿੰਦੀ ਹੈ। ਪੱਤੇ ਕੱਟਣ ਲਈ ਤਿੱਖੇ ਚਾਕੂ ਦੀ ਵਰਤੋਂ ਕਰੋ।

## ਗਲਿਸਰੀਨ ਨਾਲ ਪੱਤਿਆਂ ਨੂੰ ਸੁਕਾਉਣ ਦੇ ਢੰਗ

ਪੱਤਿਆਂ ਨੂੰ ਦੋ ਤਰੀਕਿਆਂ ਨਾਲ ਗਲਿਸਰੀਨ ਦੇ ਘੋਲ ਵਿਚ ਸੁਕਾਇਆ ਜਾ ਸਕਦਾ ਹੈ :

**ਸੋਖ ਕੇ ਜਾਂ ਅਪਟੇਕ** : ਇਸ ਵਿਧੀ ਵਿਚ ਪੱਤਿਆਂ ਨੂੰ ਗੁੱਛਿਆਂ 'ਚ ਬੰਨ੍ਹ ਕੇ ਉਨ੍ਹਾਂ ਦੀਆਂ ਡੰਡੀਆਂ ਨੂੰ ਗਲਿਸਰੀਨ ਦੇ ਘੋਲ 'ਚ ਡੁਬੋਇਆ ਜਾਂਦਾ ਹੈ। ਜਿਵੇਂ-ਜਿਵੇਂ ਪੱਤਿਆਂ 'ਚੋਂ ਪਾਣੀ ਭਾਫ਼ ਬਣ ਕੇ ਉਡਦਾ ਜਾਂਦਾ ਹੈ, ਗਲਿਸਰੀਨ ਦਾ ਘੋਲ ਡੰਡੀ ਰਾਹੀਂ ਪੱਤਿਆਂ ਵਿਚ ਪਹੁੰਚ ਜਾਂਦਾ ਹੈ।

**ਡੋਬ ਕੇ** : ਇਸ ਵਿਧੀ ਵਿਚ ਪੱਤਿਆਂ ਨੂੰ ਗਲਿਸਰੀਨ ਦੇ ਘੋਲ ਵਿਚ ਪੂਰੀ ਤਰ੍ਹਾਂ ਡੁਬੋ ਕੇ ਰੱਖਿਆ ਜਾਂਦਾ ਹੈ।

ਅਲੱਗ-ਅਲੱਗ ਪੱਤਿਆਂ ਨੂੰ ਸੁਕਣ ਲਈ ਵੱਖੋ-ਵੱਖ ਸਮਾਂ ਲਗਦਾ ਹੈ, ਜੋ ਪੱਤੇ ਦੀ ਕਿਸਮ ਅਤੇ ਬਣਤਰ 'ਤੇ ਨਿਰਭਰ ਕਰਦਾ ਹੈ। ਜਦੋਂ ਪੱਤੇ ਦੀ ਨੋਕ ਤਕ ਗਲਿਸਰੀਨ ਪਹੁੰਚ ਜਾਵੇ, ਉਸ ਤੋਂ ਬਾਅਦ ਪੱਤਿਆਂ ਨੂੰ ਘੋਲ ਵਿਚੋਂ ਕੱਢ ਕੇ 4-5 ਦਿਨਾਂ ਤਕ ਆਮ ਤਾਪਮਾਨ 'ਤੇ ਪੁੱਠੇ ਲਟਕਾ ਕੇ ਸੁਕਾ ਲਿਆ ਜਾਂਦਾ ਹੈ। •

### ਸਿਲਵਰਓਕ

ਇਹ ਤੇਜ਼ੀ ਨਾਲ ਵਧਣ ਵਾਲਾ ਸਦਾਬਹਾਰ ਰੁੱਖ ਹੈ, ਜਿਸ ਦੇ ਪੱਤੇ ਗੂੜ੍ਹੇ ਹਰੇ ਤੇ 15-30 ਸੈਂਟੀਮੀਟਰ ਲੰਬੇ ਹੁੰਦੇ ਹਨ। ਪੱਤਿਆਂ ਦੀ ਬਣਤਰ ਬਹੁਤ ਸੋਹਣੀ ਹੁੰਦੀ ਹੈ ਤੇ ਸੁੱਕਣ ਤੋਂ ਬਾਅਦ ਇਹ ਕਾਰਡ, ਤੋਹਫ਼ਿਆਂ, ਮੋਮਬੱਤੀਆਂ ਤੇ ਹੋਰ ਘਰੇਲੂ ਦਸਤਕਾਰੀ ਵਿਚ ਵਰਤਣ ਲਈ ਢੁੱਕਵੇਂ ਹਨ।

### ਫਰਨ

ਫਰਮ ਛਾਂ 'ਚ ਉੱਗਣ ਵਾਲਾ ਸਜਾਵਟੀ ਬੂਟਾ ਹੈ, ਜਿਸ ਦੇ ਪੱਤੇ 50-70 ਸੈਂਟੀਮੀਟਰ ਲੰਬੇ ਹੁੰਦੇ ਹਨ। ਪੱਤੇ ਦੀ ਡੰਡੀ ਦੇ ਆਸਪਾਸ ਛੋਟੀਆਂ ਪੱਤੀਆਂ ਹੁੰਦੀਆਂ ਹਨ ਅਤੇ ਸੁੱਕਣ ਤੋਂ ਬਾਅਦ ਇਨ੍ਹਾਂ ਦੀ ਵਰਤੋਂ ਫੁੱਲਾਂ ਨੂੰ ਤਰਤੀਬ ਦੇਣ, ਗੁੱਛੇ ਤੇ ਹੋਰ ਤੋਹਫ਼ਿਆਂ ਨੂੰ ਸ਼ਿੰਗਾਰਨ ਲਈ ਕੀਤੀ ਜਾ ਸਕਦੀ ਹੈ।

### ਅਸਪੈਰੇਗਸ

ਇਹ ਇਕ ਸਦਾਬਹਾਰ ਪੌਦਾ ਹੈ, ਜਿਸ ਦੀ ਡੰਡੀ ਹਰੀ ਹੁੰਦੀ ਹੈ ਤੇ ਪੱਤੇ ਸੂਈ ਵਰਗੇ ਪਤਲੇ ਹੁੰਦੇ ਹਨ। ਮਾਰਚ-ਅਪ੍ਰੈਲ ਤੇ ਅਕਤੂਬਰ-ਨਵੰਬਰ ਵਿਚ ਪੱਤਿਆਂ ਦੀ ਕੁਆਲਿਟੀ ਵਧੀਆ ਹੁੰਦੀ ਹੈ ਅਤੇ ਸੁੱਕਣ ਤੋਂ ਬਾਅਦ ਇਨ੍ਹਾਂ ਨੂੰ ਫੋਟੋਆਂ ਨੂੰ ਸਜਾਉਣ, ਕਾਰਡ ਬਣਾਉਣ ਤੇ ਹੋਰ ਘਰੇਲੂ ਸਜਾਵਟ ਲਈ ਵਰਤਿਆ ਜਾਂਦਾ ਹੈ।

# ’ਹੁਣ ਇਕ ਮੌਕਾ ਭਾਜਪਾ ਨੂੰ ਦਿਓ, ਪੰਜਾਬ ਨੂੰ ਨਸ਼ੇ ਅਤੇ ਗੈਂਗਸਟਰਾਂ ਦੇ ਚੁੰਗਲ ਤੋਂ ਮੁਕਤ ਕਰਾਵਾਂਗੇ’ : ਤਰੁਣ ਚੁੱਘ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 24 ਅਪ੍ਰੈਲ। ਭਾਰਤੀ ਜਨਤਾ ਪਾਰਟੀ ਪੰਜਾਬ ਦੀ ਧੜਕਣ, ਦਿੱਲੀ ਵਿਚ ਸੰਗਠਨ ਦੀ ਤਾਕਤ, 2027 ਦੀਆਂ ਚੋਣਾਂ ਦੀ ਰਣਨੀਤੀ ਦੀ ਸੂਤਰਧਾਰ ਅਤੇ ਪੰਜਾਬ ਲਈ ਨਵੇਂ ਬਦਲ ਦੀ ਆਵਾਜ਼ ਬਣ ਕੇ ਉੱਭਰ ਰਹੀ ਹੈ। ਪੇਸ਼ ਹਨ ਆਗਾਮੀ ਚੋਣਾਂ ਨੂੰ ਲੈ ਕੇ ਭਾਜਪਾ ਦੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ ਦੀ ‘ਜਗ ਬਾਣੀ’ ਨਾਲ ਖਾਸ ਗੱਲਬਾਤ ਦੇ ਅੰਸ਼ :- ਦੇਖੋ, ਸਾਡੀ ਰਣਨੀਤੀ ਬੜੀ ਸਿੱਧੀ ਅਤੇ ਸਾਫ਼ ਹੈ। ਪੰਜਾਬ ਦੀ ਜਨਤਾ ਨੂੰ ਇਕ ਮਜ਼ਬੂਤ, ਇਮਾਨਦਾਰ ਅਤੇ ਸੁਰੱਖਿਅਤ ਬਦਲ ਦੇਣਾ। ਅੱਜ ਪੰਜਾਬ ਕਿਸ ਹਾਲਤ ਵਿਚ ਹੈ, ਇਹ ਕਿਸੇ ਤੋਂ ਲੁਕਿਆ ਨਹੀਂ ਹੈ। ਨਸ਼ੇ ਨੇ ਇਕ ਪੀੜ੍ਹੀ ਨੂੰ ਤਬਾਹ ਕਰ ਦਿੱਤਾ ਹੈ, ਗੈਂਗਸਟਰ ਸਰਪੰਚਾਂ ਅਤੇ ਆਮ ਨਾਗਰਿਕਾਂ ਨੂੰ ਧਮਕੀਆਂ ਦੇ ਰਹੇ ਹਨ ਅਤੇ ਉਦਯੋਗਪਤੀ ਸੂਬਾ ਛੱਡ ਕੇ ਜਾ ਰਹੇ ਹਨ। ਅਜਿਹੇ ਵਿਚ ਸਾਡੀ ਰਣਨੀਤੀ ਹੈ—ਜ਼ਮੀਨ ’ਤੇ ਜਾਓ, ਲੋਕਾਂ ਨਾਲ ਜੁੜੋ ਅਤੇ ਇਕ ਸਪੱਸ਼ਟ ਰੋਡਮੈਪ ਪੇਸ਼ ਕਰੋ। ਅਸੀਂ 2027 ਦੀਆਂ ਚੋਣਾਂ ਇਕੱਲੇ ਆਪਣੇ ਦਮ ’ਤੇ ਲੜਨ ਅਤੇ ਪੂਰਨ ਬਹੁਮਤ ਨਾਲ ਸਰਕਾਰ ਬਣਾਉਣ ਦੇ ਇਰਾਦੇ ਨਾਲ ਮੈਦਾਨ ਵਿਚ ਹਾਂ। ਸਾਡੀ ਪਕੜ ਹੁਣ ਸਿਰਫ਼ ਸ਼ਹਿਰਾਂ ਤੱਕ ਸੀਮਤ ਨਹੀਂ ਰਹੀ, ਪਿੰਡ-ਪਿੰਡ ਵਿਚ ਭਾਜਪਾ ਦਾ ਸੰਗਠਨ ਮਜ਼ਬੂਤ ਹੋ ਰਿਹਾ ਹੈ। 2024 ਦੀਆਂ ਲੋਕ ਸਭਾ ਚੋਣਾਂ ਵਿਚ ਸਾਨੂੰ 19 ਫੀਸਦੀ ਵੋਟਾਂ ਮਿਲੀਆਂ। ਇਹ ਅੰਕੜਾ ਬਹੁਤ ਮਾਇਨੇ ਰੱਖਦਾ ਹੈ। ਜਿੱਥੇ ਭਾਜਪਾ 19 ਫੀਸਦੀ ’ਤੇ ਪਹੁੰਚਦੀ ਹੈ, ਉੱਥੇ ਅਗਲੀ ਸਰਕਾਰ ਭਾਜਪਾ ਦੀ ਹੀ ਬਣਦੀ ਹੈ। ਓਡਿਸ਼ਾ, ਅਸਾਮ ਅਤੇ ਤ੍ਰਿਪੁਰਾ ਵਿਚ ਅਜਿਹਾ ਹੀ ਹੋਇਆ। ਹੁਣ ਪੰਜਾਬ ਵਿਚ ਪਰਿਵਰਤਨ ਹੋਵੇਗਾ ਅਤੇ ‘ਡਬਲ ਇੰਜਣ’ ਦੀ ਸਰਕਾਰ ਬਣੇਗੀ। ਸਾਡੀ ਰਣਨੀਤੀ ਦਾ ਦੂਜਾ ਥੰਮ?ਹ ਹੈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ। ਪੰਜਾਬ ਦੀਆਂ ਮਾਵਾਂ-ਭੈਣਾਂ, ਕਿਸਾਨ ਅਤੇ ਨੌਜਵਾਨ ਜਾਣਦੇ ਹਨ ਕਿ ਮੋਦੀ ਜੀ ਜੋ ਵਾਅਦਾ ਕਰਦੇ ਹਨ, ਉਹ ਨਿਭਾਉਂਦੇ ਹਨ। ਹੁਣ ਪੰਜਾਬ ਵਿਚੋਂ ਨਸ਼ੇ ਦਾ ਸਫਾਇਆ ਕਰਨ ਦਾ ਵਾਅਦਾ ਹੈ। ਪੰਜਾਬ ਦੀ ਜਨਤਾ ਦਾ ਭਾਜਪਾ ’ਤੇ ਭਰੋਸਾ ਹੈ ਅਤੇ ਬਦਲਾਅ ਹੋ ਕੇ ਰਹੇਗਾ। 2022 ਵਿਚ ਪੰਜਾਬ ਦੀ ਜਨਤਾ ਨੇ ਬਦਲਾਅ ਦੇ ਨਾਂ ’ਤੇ ਆਮ ਆਦਮੀ ਪਾਰਟੀ ਨੂੰ ਮੌਕਾ ਦਿੱਤਾ ਸੀ। ਉਹ ਮੌਕਾ ਇਕ ਪ੍ਰਯੋਗ ਸੀ, ਜੋ ਬੁਰੀ ਤਰ੍ਹਾਂ ਅਸਫ਼ਲ ਹੋ ਚੁੱਕਾ ਹੈ। ਹੁਣ ਪੰਜਾਬ ਦੀ ਜਨਤਾ ਕਾਂਗਰਸ, ਅਕਾਲੀ ਦਲ ਅਤੇ ‘ਆਪ’ ਨਾਲ ਬਰਾਬਰ ਨਫ਼ਰਤ ਕਰਦੀ ਹੈ। ਪੰਜਾਬ ਅਤੇ ਪੰਜਾਬੀਅਤ ਲਈ ਆਪਣਾ ਸਭ ਕੁਝ ਤਿਆਗ ਕੇ ਅਸੀਂ ਗੱਠਜੋੜ ਦੀ ਰਾਜਨੀਤੀ ਵਿਚ ਫਸੇ ਰਹੇ ਅਤੇ ਆਪਣੀ ਸੁਤੰਤਰ ਪਛਾਣ ਪੂਰੀ ਤਰ੍ਹਾਂ ਨਹੀਂ ਬਣਾ ਸਕੇ। ਹੁਣ ਉਹ ਗਲਤੀ ਨਹੀਂ ਦੁਹਰਾਵਾਂਗੇ, ਭਾਜਪਾ ਇਕੱਲਿਆਂ ਪੂਰੀ ਤਿਆਰੀ ਨਾਲ ਆਪਣੇ ਮਿਸ਼ਨ ’ਚ ਲੱਗੀ ਹੋਈ ਹੈ। ਇਸ ਵਾਰ ਅਸੀਂ 3 ਪੱਧਰਾਂ ’ਤੇ ਕੰਮ ਕਰ ਰਹੇ ਹਾਂ। ਪਹਿਲਾ ਸੰਗਠਨ ਦਾ ਵਿਸਥਾਰ : ਹਰ ਵਿਧਾਨ ਸਭਾ ਹਲਕੇ ਵਿਚ ਬੂਥ ਪੱਧਰ ਤੱਕ ਭਾਜਪਾ ਦਾ ਨੈੱਟਵਰਕ ਤਿਆਰ ਹੋ ਰਿਹਾ ਹੈ। ਦੂਜਾ ਨੌਜਵਾਨਾਂ ਅਤੇ ਕਿਸਾਨਾਂ ਨਾਲ ਸਿੱਧੀ ਗੱਲਬਾਤ। ਪਿੰਡ-ਪਿੰਡ ਜਾ ਕੇ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਦੀ ਅਸਲੀਅਤ ਲੋਕਾਂ ਤੱਕ ਪਹੁੰਚਾਉਣਾ, ਜਿਨ੍ਹਾਂ ਨੂੰ ‘ਆਪ’ ਸਰਕਾਰ ਦਬਾ ਕੇ ਰੱਖਦੀ ਹੈ। ਤੀਜਾ ਇਕ ਸਪੱਸ਼ਟ ਅਤੇ ਭਰੋਸੇਯੋਗ ਬਿਰਤਾਂਤ। ਪੰਜਾਬ ਦੀ ਹਰ ਸਮੱਸਿਆ ਦਾ ਇਕ ਹੀ ਹੱਲ—‘ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਡਬਲ ਇੰਜਣ ਵਾਲੀ ਸਰਕਾਰ।’ ਭਾਜਪਾ ਪੰਜਾਬ ਵਿਚ ਇਕੱਲਿਆਂ ਹੀ ਚੋਣ ਲੜੇਗੀ ਅਤੇ ਆਪਣੇ ਦਮ ’ਤੇ ਸਰਕਾਰ ਬਣਾਏਗੀ। ਇਹ ਸਾਡਾ ਸਪੱਸ਼ਟ ਇਰਾਦਾ ਹੈ। ਗੱਠਜੋੜ ਦੀ ਰਾਜਨੀਤੀ ਪੰਜਾਬ ਦੇ ਲੋਕਾਂ ਨੂੰ




ਬਹੁਤ ਭੰਬਲਭੂਸੇ ਵਿਚ ਪਾ ਚੁੱਕੀ ਹੈ। ਅਕਾਲੀ ਦਲ-ਭਾਜਪਾ ਗੱਠਜੋੜ ਦੀ ਸਰਕਾਰ ਦੇ ਦੌਰ ਵਿਚ ਜੋ ਕਮੀਆਂ ਸਨ, ਉਨ੍ਹਾਂ ਦਾ ਭਾਂਡਾ ਵੀ ਸਾਡੇ ਸਿਰ ਭੰਨਿਆ ਜਾਂਦਾ ਰਿਹਾ। ਹੁਣ ਅਸੀਂ ਖੁਦ ਆਪਣੇ ਦਮ ’ਤੇ ਜਨਤਾ ਦੇ ਸਾਹਮਣੇ ਜਾਣਾ ਚਾਹੁੰਦੇ ਹਾਂ। ਸਾਨੂੰ ਗੱਠਜੋੜ ਦੀ ਫਹੁੜੀ ਦੀ ਲੋੜ ਨਹੀਂ ਹੈ। ਮੋਦੀ ਜੀ ਦਾ ਨਾਂ, ਕੇਂਦਰ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਪੰਜਾਬ ਪ੍ਰਤੀ ਸਾਡੀ ਵਚਨਬੱਧਤਾ ਹੀ ਸਾਡੀ ਤਾਕਤ ਹੈ। ਸੁਨੀਲ ਜਾਖੜ ਅਤੇ ਅਸ਼ਵਨੀ ਸ਼ਰਮਾ ਦੀ ਅਗਵਾਈ ਵਿਚ ਪੰਜਾਬ ਭਾਜਪਾ ਪਹਿਲਾਂ ਨਾਲੋਂ ਕਿਤੇ ਵੱਧ ਸੰਗਠਿਤ ਅਤੇ ਆਤਮ-ਵਿਸ਼ਵਾਸ ਨਾਲ ਭਰੀ ਹੋਈ ਹੈ। ਇਹ ਤਿੰਨੋ ਸਮੱਸਿਆਵਾਂ ਵੱਖ-ਵੱਖ ਨਹੀਂ ਹਨ। ਇਹ ਇਕ ਹੀ ਜ਼ਹਿਰੀਲੇ ਰੁੱਖ ਦੀਆਂ ਵੱਖ-ਵੱਖ ਟਾਹਣੀਆਂ ਹਨ। ਜਦੋਂ ਬੇਰੁਜ਼ਗਾਰੀ ਹੁੰਦੀ ਹੈ ਤਾਂ ਨੌਜਵਾਨ ਦਿਸ਼ਾਹੀਣ ਹੋ ਜਾਂਦੇ ਹਨ। ਦਿਸ਼ਾਹੀਣ ਬੇਰੁਜ਼ਗਾਰ ਨੌਜਵਾਨ ਨਸ਼ੇ ਦੀ ਗ੍ਰਿਫ਼ਤ ਵਿਚ ਆਉਂਦੇ ਹਨ ਅਤੇ ਨਸ਼ੇ ਦਾ ਤੰਤਰ ਗੈਂਗਸਟਰਾਂ ਰਾਹੀਂ ਚੱਲਦਾ ਹੈ। ਇਸ ਲਈ ਸਾਡਾ ਰੋਡਮੈਪ ਇਨ੍ਹਾਂ ਤਿੰਨਾਂ ਨੂੰ ਇਕੱਠਿਆਂ ਖ਼ਤਮ ਕਰਨ ਦਾ ਹੈ। ਅਸੀਂ ਦੋ ਸਾਲਾਂ ਦੇ ਅੰਦਰ ਪੰਜਾਬ ਨੂੰ ਨਸ਼ਾ-ਮੁਕਤ ਬਣਾਉਣ ਦਾ ਵਾਅਦਾ ਕਰਦੇ ਹਾਂ। ਜਦੋਂ ਕਾਨੂੰਨ-ਵਿਵਸਥਾ ਠੀਕ ਹੋਵੇਗੀ ਤਾਂ ਉਦਯੋਗ ਵਾਪਸ ਆਉਣਗੇ, ਨਿਵੇਸ਼ ਵਧੇਗਾ ਅਤੇ ਰੁਜ਼ਗਾਰ ਮਿਲਣਗੇ। ਪੰਜਾਬ ਵਿਚ ਕੇਂਦਰ ਦੀਆਂ ‘ਸਕਿੱਲ ਇੰਡੀਆ’ ਅਤੇ ‘ਪੀ. ਐੱਮ. ਕੇ. ਵੀ. ਵਾਈ.’ ਵਰਗੀਆਂ ਯੋਜਨਾਵਾਂ ਪਹਿਲਾਂ ਹੀ ਕੰਮ ਕਰ ਰਹੀਆਂ ਹਨ, ਜਿਨ੍ਹਾਂ ਦਾ ਲਾਭ ਪੂਰੀ ਤਰ੍ਹਾਂ ਜਨਤਾ ਤਕ ਪਹੁੰਚਾਇਆ ਜਾਵੇਗਾ। ਕਿਸਾਨਾਂ ਦਾ ਦਰਦ ਸਾਡਾ ਦਰਦ ਹੈ, ਇਹ ਸਿਰਫ਼ ਨਾਅਰਾ ਨਹੀਂ, ਹਕੀਕਤ ਹੈ। ਪਰ ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਕਿਸਾਨਾਂ ਦੇ ਨਾਂ ’ਤੇ ਰਾਜਨੀਤੀ ਕਰਨ ਵਾਲੀਆਂ ‘ਆਪ’ ਅਤੇ ਕਾਂਗਰਸ ਨੇ ਕੀ ਦਿੱਤਾ? ‘ਆਪ’ ਨੇ ਵਾਅਦਾ ਕੀਤਾ ਸੀ ਕਿ ਸਾਰੀਆਂ ਫ਼ਸਲਾਂ ’ਤੇ ਐੱਮ. ਐੱਸ. ਪੀ. ਦੇਵਾਂਗੇ, ਜਿਸ ਨੂੰ ਅੱਜ ਤੱਕ ਪੂਰਾ ਨਹੀਂ ਕੀਤਾ। ਕਾਂਗਰਸ ਨੇ 2013 ਵਿਚ ਡਬਲਯੂ. ਟੀ. ਓ. ਵਿਚ ਉਹ ਸਮਝੌਤਾ ਕੀਤਾ, ਜੋ ਕਿਸਾਨਾਂ ਦੀ ਐੱਮ. ਐੱਸ. ਪੀ. ਹੀ ਖ਼ਤਮ ਕਰ ਦਿੰਦਾ। 2014 ਵਿਚ ਮੋਦੀ ਸਰਕਾਰ ਨੇ ਉਸ ਸਮਝੌਤੇ ਨੂੰ ਰੱਦ ਕੀਤਾ ਅਤੇ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਕੀਤੀ ਸੀ। ਅੱਜ ਮੋਦੀ ਸਰਕਾਰ ਦੇ ਰਾਜ ਵਿਚ ਕਿਸਾਨਾਂ ਲਈ ਖੇਤੀਬਾੜੀ ਬਜਟ 22,000 ਕਰੋੜ ਤੋਂ 700 ਫੀਸੀ ਵਧ ਕੇ 1 ਲੱਖ 40 ਹਜ਼ਾਰ ਕਰੋੜ ਰੁਪਏ ਹੋ ਗਿਆ ਹੈ। ਪੰਜਾਬ ਦੇ ਕਿਸਾਨਾਂ ਦੀ ਕਣਕ ਅਤੇ ਝੋਨੇ ਦੀ ਖ਼ਰੀਦ ਸਭ ਤੋਂ ਵੱਧ ਮੋਦੀ ਸਰਕਾਰ ਦੇ ਸਮੇਂ ਹੋ ਰਹੀ ਹੈ। ਐੱਮ. ਐੱਸ. ਪੀ. ਦਾ ਪੈਸਾ ਹੁਣ ਸਿੱਧਾ ਕਿਸਾਨ ਦੇ ਬੈਂਕ ਖਾਤਿਆਂ ਵਿਚ ਜਾਂਦਾ ਹੈ। ਪੰਜਾਬ ਅੱਜ 4.7 ਲੱਖ ਕਰੋੜ ਦੇ ਕਰਜ਼ੇ ਵਿਚ ਡੁੱਬਿਆ ਹੋਇਆ ਹੈ ਅਤੇ ‘ਆਪ’ ਸਰਕਾਰ ਉਸ ਕਰਜ਼ੇ ਤੋਂ ਨਾ ਤਾਂ ਘਬਰਾ ਰਹੀ ਹੈ ਅਤੇ ਨਾ ਹੀ ਉਸ ਨੂੰ ਚੁਕਾਉਣ ਦੀ ਕੋਈ ਯੋਜਨਾ ਹੈ। ਉਲਟਾ, ਜੋ ਪੈਸਾ ਵਿਕਾਸ ਵਿਚ ਲੱਗਣਾ ਚਾਹੀਦਾ ਸੀ, ਉਹ 785 ਕਰੋੜ ਰੁਪਏ ਦੇ ਇਸ਼ਤਿਹਾਰਾਂ ਵਿਚ ਫੂਕ ਦਿੱਤਾ ਗਿਆ। ਇਹ ਪੰਜਾਬ ਦੇ ਨਾਲ ਅਪਰਾਧ ਹੈ। ਆਰਥਿਕ ਮੁੜ-ਸੁਰਜੀਤੀ ਲਈ ਸਾਡੀ ਸੋਚ ਸਾਫ਼ ਹੈ। ਕੇਂਦਰ ਦੀ ਮੋਦੀ ਸਰਕਾਰ ਤੋਂ ਮਿਲ ਰਹੇ ਫੰਡਾਂ ਦੀ ਸਹੀ ਵਰਤੋਂ। ਅੱਜ ‘ਅਮਰੁਤ 2.0’ ਤਹਿਤ ਪੰਜਾਬ ਲਈ 3,600 ਕਰੋੜ ਤੋਂ ਵੱਧ ਦੇ ਪ੍ਰਾਜੈਕਟ ਪ੍ਰਵਾਨਿਤ ਹਨ ਪਰ ‘ਆਪ’ ਸਰਕਾਰ ਉਨ੍ਹਾਂ ਨੂੰ ਠੀਕ ਤਰ੍ਹਾਂ ਲਾਗੂ ਨਹੀਂ ਕਰ ਪਾ ਰਹੀ। ਖੇਤੀਬਾੜੀ, ਉਦਯੋਗ ਅਤੇ ਸੇਵਾ ਖੇਤਰ ਦਾ ਸੰਤੁਲਿਤ ਵਿਕਾਸ। ਪੰਜਾਬ ਵਿਚ ਸਿਰਫ਼ ਖੇਤੀ ’ਤੇ ਨਿਰਭਰਤਾ ਖ਼ਤਮ ਕਰਨੀ ਹੋਵੇਗੀ। ਫੂਡ ਪ੍ਰੋਸੈਸਿੰਗ ਉਦਯੋਗ, ਆਈ. ਟੀ. ਸੈਕਟਰ ਅਤੇ ਸਪੈਸ਼ਲ ਇਕਨਾਮਿਕ ਜ਼ੋਨ ਰਾਹੀਂ ਨੌਜਵਾਨਾਂ ਨੂੰ ਇੱਥੇ ਹੀ ਰੁਜ਼ਗਾਰ ਮਿਲੇਗਾ। ਆਮ ਆਦਮੀ ਪਾਰਟੀ ਨੇ ਪੰਜਾਬ ਨੂੰ ਇਕ ‘ਲੁੱਟ-ਤੰਤਰ’ ਦੀ ਪ੍ਰਯੋਗਸ਼ਾਲਾ ਬਣਾ ਦਿੱਤਾ ਹੈ ਅਤੇ ਉਹ ਪ੍ਰਯੋਗ ਪੂਰੀ ਤਰ੍ਹਾਂ ਅਸਫ਼ਲ ਹੋ ਚੁੱਕਾ ਹੈ। ਜਦੋਂ ‘ਆਪ’ ਸੱਤਾ ਵਿਚ ਆਈ ਸੀ ਤਾਂ ਕਿਹਾ ਸੀ ਕਿ ਨਵੀਂ ਰਾਜਨੀਤੀ ਹੋਵੇਗੀ, ਬਦਲਾਅ ਹੋਵੇਗਾ, ਇਮਾਨਦਾਰੀ ਹੋਵੇਗੀ। ਅੱਜ ਹਕੀਕਤ ਕੀ ਹੈ? ਪੰਜਾਬ ਦੀ ‘ਆਪ’ ਸਰਕਾਰ ਕੇਜਰੀਵਾਲ ਦੀ ਏ. ਟੀ. ਐੱਮ. ਮਸ਼ੀਨ ਬਣ ਚੁੱਕੀ ਹੈ।

## ਜਾਨ ਜਾਏ ਪਰ ਫ਼ੋਨ ਨਾ ਜਾਏ..! ਨਦੀ ’ਚ ਡੁੱਬਦੇ ਨੌਜਵਾਨ ਨੇ ਨਹੀਂ ਛੱਡਿਆ ਆਪਣਾ ਮੋਬਾਇਲ, ਹੋਈ ਮੌਤ

ਮੱਧ ਪ੍ਰਦੇਸ਼ 24 ਅਪ੍ਰੈਲ। ਅੱਜ ਦੇ ਸਮੇਂ ਵਿਚ ਹਰੇਕ ਇਨਸਾਨ ਲਈ ਉਸ ਦਾ ਮੋਬਾਈਲ ਫੋਨ ਇਕ ਸ਼ੌਕ ਨਹੀਂ, ਸਗੋਂ ਉਸ ਦੀ ਜ਼ਿੰਦਗੀ ਬਣ ਗਿਆ ਹੈ। ਪਰ ਜਬਲਪੁਰ ਵਿਚ ਇਕ 25 ਸਾਲਾ ਨੌਜਵਾਨ ਲਈ ਆਪਣਾ ਮੋਬਾਈਲ ਫੋਨ ਪਾਣੀ ਤੋਂ ਬਚਾਉਣ ਦੀ ਕੋਸ਼ਿਸ਼ ਉਸ ਦੀ ਜਾਨ ’ਤੇ ਭਾਰੀ ਪੈ ਗਈ। ਇਸ ਘਟਨਾ ਦੌਰਾਨ ਨਰਮਦਾ ਨਦੀ ਵਿਚ ਛਾਲ ਮਾਰਨ ਵਾਲੇ ਨੌਜਵਾਨ ਦੀ ਡੁੱਬਣ ਨਾਲ ਮੌਤ ਹੋ ਗਈ, ਜਿਸ ਦੀ ਪਛਾਣ ਮਾਣਕ ਵਰਮਾ ਵਜੋਂ ਹੋਈ ਹੈ। ਜਾਣਕਾਰੀ ਮੁਤਾਬਕ ਇਸ ਘਟਨਾ ਦੀ ਇਕ ਵੀਡੀਓ ਵੀ ਸੋਸ਼ਲ ਮੀਡੀਆ ’ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਵੀਡੀਓ ਵਿੱਚ ਸਾਫ਼ ਦਿਖਾਈ ਦੇ ਰਿਹਾ ਹੈ ਕਿ ਨੌਜਵਾਨ, ਜੋ ਪਾਣੀ ਵਿਚ ਤੈਰ ਰਿਹਾ ਹੈ, ਉਹ ਆਪਣੇ ਦੂਜੇ ਹੱਥ ਨਾਲ ਆਪਣੀ ਸਭ ਤੋਂ ਕੀਮਤੀ ਚੀਜ਼ ਯਾਨੀ ਮੋਬਾਈਲ ਫੋਨ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਮਿਹਨਤ ਮਜ਼ਦੂਰੀ ਕਰਕੇ ਕਿਸ਼ਤਾਂ ’ਤੇ ਫ਼ੋਨ ਲੈਣ ਵਾਲੇ ਉਕਤ ਨੌਜਵਾਨ ਨੂੰ ਪੁਲਸ ਦੀ ਦਬਿਸ਼ ਕਾਰਨ ਆਪਣੀ ਜਾਨ ਗਵਾਉਣੀ ਪਈ। ਪੁਲਸ ਦੇ ਡਰ ਅਤੇ ਵਿੱਤੀ ਸੰਕਟ ਵਿਚਕਾਰ ਫਸੇ ਇਸ ਨੌਜਵਾਨ ਨੇ ਪਾਣੀ ਵਿੱਚ ਡੁੱਬਦੇ ਸਮੇਂ ਵੀ ਆਪਣੇ ਹੱਥ ਉੱਪਰ ਰੱਖੇ ਤਾਂ ਜੋ ਉਸਦਾ ਕੀਮਤੀ ਫ਼ੋਨ ਗਿੱਲਾ ਨਾ ਹੋ ਜਾਵੇ। ਦੱਸ ਦੇਈਏ ਕਿ ਪੁਲਸ ਜਾਂਚ ਦੌਰਾਨ ਪਤਾ ਲੱਗਾ ਹੈ ਕਿ ਸੋਮਵਾਰ ਦੁਪਹਿਰ ਨੂੰ ਜਾਮਤਾਰਾ ਘਾਟ ’ਤੇ ਪੁਲਸ ਛਾਪੇਮਾਰੀ ਦੌਰਾਨ ਖਿਰੈਣੀ ਦੇ ਰਹਿਣ ਵਾਲੇ ਮਾਣਕ ਵਰਮਾ ਨੇ ਆਪਣੇ ਆਪ ਨੂੰ ਬਚਾਉਣ ਲਈ ਨਰਮਦਾ ਨਦੀ ਵਿੱਚ ਛਾਲ ਮਾਰ ਦਿੱਤੀ ਸੀ। ਇਸ ਘਟਨਾ ਦੌਰਾਨ ਨਦੀ ਦੇ ਕਿਨਾਰੇ ’ਤੇ ਖੜ੍ਹੇ ਪੁਲਸ ਮੁਲਾਜ਼ਮਾਂ ਨੇ ਉਸਨੂੰ ਕਈ ਵਾਰ ਬਾਹਰ ਆਉਣ ਲਈ ਕਿਹਾ, ਪਰ ਮਾਣਕ ਪੁਲਸ ਦੇ ਡਰ ਵਿਚ ਡੂੰਘੇ ਪਾਣੀ ਵੱਲ ਵਧਦਾ ਰਿਹਾ। ਹੈਰਾਨੀ ਦੀ ਗੱਲ ਹੈ ਕਿ ਮਾਣਕ ਆਪਣੇ ਮੋਬਾਈਲ ਫੋਨ ਨੂੰ ਗਿੱਲਾ ਹੋਣ ਤੋਂ ਬਚਾਉਣ ਲਈ ਇੱਕ ਹੱਥ ਨਾਲ ਪਾਣੀ ’ਚ ਤੈਰ ਰਿਹਾ ਸੀ। ਮਾਣਕ ਨੇ ਕੁਝ ਮਹੀਨੇ ਪਹਿਲਾਂ ਕਿਸ਼ਤਾਂ ’ਤੇ ਮੋਬਾਈਲ ਫ਼ੋਨ ਲਿਆ ਸੀ, ਜਿਸ ਦੀ 2,000 ਰੁਪਏ ਮਹੀਨਾਵਾਰ ਕਿਸ਼ਤ ਦੇ ਰਿਹਾ ਸੀ। ਪਤਾ ਲੱਗਾ ਹੈ ਕਿ ਮਾਣਕ ਆਪਣੇ ਬਜ਼ੁਰਗ ਮਾਪਿਆਂ ਦਾ ਇਕਲੌਤਾ ਸਹਾਰਾ ਸੀ। ਉਸਦਾ ਡੇਢ ਸਾਲ ਦਾ ਬੱਚਾ ਹੈ। ਉਸ ਦੀ ਪਤਨੀ ਗਰਭਵਤੀ ਹੈ। ਪਰਿਵਾਰ ਨੂੰ ਜਦੋਂ ਨੌਜਵਾਨ ਦੀ ਮੌਤ ਹੋ ਜਾਣ ਦੀ ਸੂਚਨਾ ਮਿਲੀ ਤਾਂ ਘਰ ਵਿਚ ਚੀਕ-ਚਿਹਾੜਾ ਮਚ ਗਿਆ।

## ਭਿਆਨਕ ਸੜਕ ਹਾਦਸਾ! ਟਰੱਕ ਤੇ ਕਾਰ ਦੀ ਟੱਕਰ ’ਚ 5 ਨੌਜਵਾਨਾਂ ਦੀ ਮੌਤ, 2 ਗੰਭੀਰ ਜ਼ਖਮੀ

ਬੜਵਾਨੀ, 24 ਅਪ੍ਰੈਲ। ਮੱਧ ਪ੍ਰਦੇਸ਼ ਦੇ ਬੜਵਾਨੀ ਜ਼ਿਲ੍ਹੇ ਵਿੱਚ ਸਥਿਤ ਜੁਲਵਾਨੀਆ ਸ਼ਹਿਰ ਦੇ ਕੋਲ ਮੰਗਲਵਾਰ ਨੂੰ ਇੱਕ ਦਰਦਨਾਕ ਸੜਕ ਹਾਦਸਾ ਵਾਪਰਿਆ, ਜਿਸ ਵਿੱਚ ਇੱਕ ਟਰੱਕ ਅਤੇ ਕਾਰ ਦੀ ਜ਼ਬਰਦਸਤ ਟੱਕਰ ਦੌਰਾਨ 5 ਲੋਕਾਂ ਦੀ ਮੌਤ ਹੋ ਗਈ। ਇਸ ਹਾਦਸੇ ਵਿੱਚ 2 ਹੋਰ ਲੋਕ ਗੰਭੀਰ ਰੂਪ ਵਿੱਚ ਜ਼ਖਮੀ ਹੋਏ ਹਨ, ਜਿਨ੍ਹਾਂ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਜੁਲਵਾਨੀਆ ਪੁਲਸ ਥਾਣੇ ਦੇ ਇੰਚਾਰਜ ਰਾਮਕੁਮਾਰ ਪਾਟਿਲ ਨੇ ਦੱਸਿਆ ਕਿ ਕਾਰ ਵਿੱਚ ਸਵਾਰ ਸਾਰੇ ਲੋਕ ਜਲਗਾਓਂ ਤੋਂ ਰੂਈ ਇੱਕ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਲਈ ਆਏ ਸਨ। ਰਸਤੇ ਵਿੱਚ ਕਾਰ ਦਾ ਤੇਲ ਖ਼ਤਮ ਹੋ ਰਿਹਾ ਸੀ, ਜਿਸ ਕਾਰਨ ਉਹ ਤੇਲ ਪੁਆਉਣ ਲਈ ਜੁਲਵਾਨੀਆ ਚਲੇ ਗਏ। ਤੇਲ ਪੁਆਉਣ ਤੋਂ ਬਾਅਦ ਜਦੋਂ ਉਹ ਵਾਪਸ ਪਰਤ ਰਹੇ ਸਨ, ਤਾਂ ਟੋਲ ਟੈਕਸ ਨਾਕੇ ਦੇ ਨੇੜੇ ਉਨ੍ਹਾਂ ਦੀ ਕਾਰ ਇੱਕ ਟਰੱਕ ਨਾਲ ਟਕਰਾ ਗਈ। ਇਹ ਹਾਦਸਾ ਇੰਨਾ ਭਿਆਨਕ ਸੀ ਕਿ 3 ਨੌਜਵਾਨਾਂ ਦੀ ਮੌਕੇ ’ਤੇ ਹੀ ਮੌਤ ਹੋ ਗਈ। 2 ਹੋਰ ਜ਼ਖਮੀਆਂ ਨੂੰ ਬੜਵਾਨੀ ਸ਼ਹਿਰ ਦੇ ਇੱਕ ਨਿੱਜੀ ਹਸਪਤਾਲ ਲਿਜਾਇਆ ਗਿਆ ਪਰ ਉੱਥੇ ਉਨ੍ਹਾਂ ਨੇ ਦਮ ਤੋੜ ਦਿੱਤਾ। ਮ੍ਰਿਤਕਾਂ ਦੀ ਪਛਾਣ ਸਚਿਨ ਵਾਸਕਲੇ (25), ਪ੍ਰਦਿਊਮ ਸਾਹਤੇ (25), ਪੱਪੂ ਹੀਰਾ ਲਾਲ (29), ਆਕਾਸ਼ ਦਯਾਰਾਮ (25) ਅਤੇ ਯਸ਼ਵੰਤ ਸੁਦਾਪੀਆ (30) ਵਜੋਂ ਹੋਈ ਹੈ। ਪੁਲਸ ਅਧਿਕਾਰੀਆਂ ਅਨੁਸਾਰ ਦੋ ਹੋਰ ਜ਼ਖਮੀਆਂ ਦਾ ਬੜਵਾਨੀ ਵਿੱਚ ਇਲਾਜ ਕੀਤਾ ਜਾ ਰਿਹਾ ਹੈ। ਪੁਲਸ ਨੇ ਘਟਨਾ ਵਾਲੀ ਥਾਂ ਦਾ ਜਾਇਜ਼ਾ ਲੈਣ ਤੋਂ ਬਾਅਦ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਤਾਂ ਜੋ ਹਾਦਸੇ ਦੇ ਅਸਲ ਕਾਰਨਾਂ ਦਾ ਪਤਾ ਲਗਾਇਆ ਜਾ ਸਕੇ।

## ਖ਼ਰੀਦ, ਲਿਫਟਿੰਗ ਅਤੇ ਭੁਗਤਾਨ ’ਚ ਦੇਰੀ ਕਾਰਨ ਕਿਸਾਨ ਹੋ ਰਹੇ ਪਰੇਸ਼ਾਨ

**ਕੌਮੀ ਪਤ੍ਰਿਕਾ**

ਬਰੇਟਾ 24 ਅਪ੍ਰੈਲ। ਮਜ਼ਦੂਰਾਂ ਨੂੰ ਆ ਰਹੀਆਂ ਮੁਸ਼ਕਲਾਂ ਨੇ ਇੱਕ ਵਾਰ ਫਿਰ ਸਰਕਾਰੀ ਪ੍ਰਬੰਧਾਂ ‘ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਜ਼ਿਲ੍ਹਾ ਕਾਂਗਰਸ ਕਮੇਟੀ ਮਾਨਸਾ ਦੇ ਪ੍ਰਧਾਨ ਕੁਲਵੰਤ ਰਾਏ ਸਿੰਗਲਾ ਵੱਲੋਂ ਅੱਜ ਬਖ਼ਸ਼ੀਵਾਲਾ, ਕਾਹਨਗੜ੍ਹ, ਕੁਲਰੀਆਂ ਅਤੇ ਬਰੇਟਾ ਦੀ ਅਨਾਜ ਮੰਡੀ ਦਾ ਵਿਸਥਾਰ ਨਾਲ ਦੌਰਾ ਕਰਦੇ ਹੋਏ ਮੌਕੇ ‘ਤੇ ਹਾਲਾਤਾਂ ਦਾ ਜਾਇਜ਼ਾ ਲਿਆ ਗਿਆ ਅਤੇ ਕਿਸਾਨਾਂ ਨਾਲ ਸਿੱਧੀ ਗੱਲਬਾਤ ਕੀਤੀ ਗਈ। ਦੌਰੇ ਦੌਰਾਨ ਸਾਹਮਣੇ ਆਈਆਂ ਸਮੱਸਿਆਵਾਂ ਨੇ ਸਪੱਸ਼ਟ ਕੀਤਾ ਕਿ ਮੰਡੀਆਂ ’ਚ ਖ਼ਰੀਦ ਪ੍ਰਕਿਰਿਆ ਅਤੇ ਲਿਫਟਿੰਗ ਪ੍ਰਬੰਧ ਬਹੁਤ ਹੀ ਸੁਸਤ ਗਤੀ ਨਾਲ ਚੱਲ ਰਹੇ ਹਨ, ਜਿਸ ਕਾਰਨ ਕਿਸਾਨ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ। ਦੌਰੇ ਦੌਰਾਨ ਕਿਸਾਨਾਂ ਨੇ ਖੁੱਲ੍ਹ ਕੇ ਦੱਸਿਆ ਕਿ ਕਈ ਮੰਡੀਆਂ ’ਚ ਅਜੇ ਤੱਕ ਖ਼ਰੀਦ ਪ੍ਰਕਿਰਿਆ ਢੰਗ ਨਾਲ ਸ਼ੁਰੂ ਨਹੀਂ ਹੋਈ, ਜਿਸ ਕਾਰਨ ਉਹ ਆਪਣੀ ਫ਼ਸਲ ਲੈ ਕੇ ਕਈ ਦਿਨਾਂ ਤੋਂ ਮੰਡੀਆਂ ’ਚ ਬੈਠਣ ਲਈ ਮਜਬੂਰ ਹਨ। ਇੱਕ ਕਿਸਾਨ ਸਵਰਨ ਸਿੰਘ ਗੁਰਜੰਟ ਸਿੰਘ ਨੇ ਕਿਹਾ ਕਿ ਸਾਡੀ ਫ਼ਸਲ ਤਿਆਰ ਹੈ ਪਰ ਮੰਡੀਆਂ ’ਚ ਕੋਈ ਪੁੱਛਣ ਵਾਲਾ ਨਹੀਂ। ਉਨ੍ਹਾਂ ਨੇ ਕਿਹਾ ਕਿ ਕਿਸਾਨ ਦੇਸ਼ ਦੀ ਰੀੜ੍ਹ ਦੀ ਹੱਡੀ ਹਨ ਅਤੇ ਜੇਕਰ ਉਨ੍ਹਾਂ ਨੂੰ ਆਪਣੀ ਉਪਜ ਵੇਚਣ ’ਚ ਹੀ ਇੰਨੀਆਂ ਮੁਸ਼ਕਲਾਂ ਆ ਰਹੀਆਂ ਹਨ ਤਾਂ ਇਹ ਸਰਕਾਰ ਦੀ ਵੱਡੀ ਨਾਕਾਮੀ ਨੂੰ ਦਰਸਾਉਂਦਾ ਹੈ। ਉਨ੍ਹਾਂ ਨੇ ਕਿਹਾ ਕਿ ਮੰਡੀਆਂ ’ਚ ਮਜ਼ਦੂਰਾਂ ਅਤੇ



ਵਾਹਨਾਂ ਦੀ ਘਾਟ ਵੀ ਇੱਕ ਵੱਡਾ ਕਾਰਨ ਹੈ, ਜਿਸ ਕਰਕੇ ਲਿਫਟਿੰਗ ਪ੍ਰਕਿਰਿਆ ਪ੍ਰਭਾਵਿਤ ਹੋ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਜੇਕਰ ਸਮੇਂ ਸਿਰ ਮਜ਼ਦੂਰਾਂ ਅਤੇ ਟਰਾਂਸਪੋਰਟ ਦੀ ਵਿਵਸਥਾ ਕੀਤੀ ਜਾਵੇ ਤਾਂ ਮੰਡੀਆਂ ’ਚ ਆ ਰਹੀ ਭੀੜ ਨੂੰ ਕਾਬੂ ਕੀਤਾ ਜਾ ਸਕਦਾ ਹੈ। ਕੁਲਵੰਤ ਰਾਏ ਸਿੰਗਲਾ ਨੇ ਕਿਹਾ ਕਿ ਇਹ ਸਥਿਤੀ ਬਹੁਤ ਹੀ ਦੁਖਦਾਈ ਹੈ ਅਤੇ ਸਰਕਾਰ ਨੂੰ ਇਸ ਵੱਲ ਤੁਰੰਤ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਮੰਗ ਕੀਤੀ ਕਿ ਖ਼ਰੀਦ ਦੀ ਗਤੀ ਨੂੰ ਤੇਜ਼ ਕੀਤਾ ਜਾਵੇ, ਲਿਫਟਿੰਗ ਪ੍ਰਕਿਰਿਆ ਨੂੰ ਸੁਧਾਰਿਆ ਜਾਵੇ ਅਤੇ ਕਿਸਾਨਾਂ ਨੂੰ ਸਮੇਂ ਸਿਰ ਭੁਗਤਾਨ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਕਈ ਕਿਸਾਨਾਂ ਨੂੰ ਪਿਛਲੇ ਸੀਜ਼ਨ ਦੇ ਭੁਗਤਾਨ ਵੀ ਸਮੇਂ ‘ਤੇ ਨਹੀਂ ਮਿਲੇ, ਜਿਸ ਕਾਰਨ ਉਹ ਆਰਥਿਕ ਤੌਰ ‘ਤੇ ਦਬਾਅ ਹੇਠ ਹਨ। ਕਿਸਾਨਾਂ ਦੀ ਮੰਗ ਹੈ ਕਿ ਸਰਕਾਰ ਜ਼ਮੀਨੀ ਪੱਧਰ ‘ਤੇ ਪੱਕੇ ਅਤੇ ਪ੍ਰਭਾਵਸ਼ਾਲੀ ਕਦਮ ਚੁੱਕੇ ਤਾਂ ਜੋ ਉਨ੍ਹਾਂ ਨੂੰ ਆਪਣੀ ਮਿਹਨਤ ਦਾ ਪੂਰਾ ਫਲ ਮਿਲ ਸਕੇ।

## ਬਰਨਾਲਾ ’ਚ ਜਲ ਸੰਕਟ : ਅਧਿਕਾਰੀਆਂ ਦੀ ਮਨਮਰਜ਼ੀ ਕਾਰਨ 25 ਘੰਟੇ ਠੱਪ ਰਹੀ ਪਾਣੀ ਦੀ ਸਪਲਾਈ

**ਕੌਮੀ ਪਤ੍ਰਿਕਾ**

ਬਰਨਾਲਾ 24 ਅਪ੍ਰੈਲ। ਇਕ ਪਾਸੇ ਜਿੱਥੇ ਅਪ੍ਰੈਲ ਮਹੀਨੇ ਦੀ ਕੜਕਦੀ ਗਰਮੀ ਨੇ ਲੋਕਾਂ ਦਾ ਜਿਊਣਾ ਮੁਹਾਲ ਕੀਤਾ ਹੋਇਆ ਹੈ, ਉੱਥੇ ਹੀ ਦੂਜੇ ਪਾਸੇ ਸਥਾਨਕ ਸੀਵਰੇਜ ਬੋਰਡ ਦੀ ਕਥਿਤ ਲਾਪਰਵਾਹੀ ਕਾਰਨ ਸ਼ਹਿਰ ਦੇ ਵੱਡੇ ਹਿੱਸੇ ਨੂੰ ਪੀਣ ਵਾਲੇ ਪਾਣੀ ਦੀ ਇਕ-ਇਕ ਬੂੰਦ ਲਈ ਤਰਸਣਾ ਪਿਆ। ਸੀਵਰੇਜ ਬੋਰਡ ਵੱਲੋਂ ਬਿਨਾਂ ਕਿਸੇ ਅਗਾਊਂ ਸੂਚਨਾ ਦੇ ਪੀਣ ਵਾਲੇ ਪਾਣੀ ਦੇ ਟਿਊਬਵੈੱਲ ਲਗਾਤਾਰ 25 ਘੰਟੇ ਬੰਦ ਰੱਖੇ ਗਏ, ਜਿਸ ਕਾਰਨ ਹਜ਼ਾਰਾਂ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਨਗਰ ਕੌਂਸਲਰ ਨਰਿੰਦਰ ਗਰਗ ਨੀਟਾ ਅਤੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਮੱਖਣ ਸ਼ਰਮਾ ਨੇ ਦੱਸਿਆ ਕਿ ਪਿਛਲੇ 25 ਘੰਟਿਆਂ ਤੋਂ ਟਿਊਬਵੈੱਲ ਬੰਦ ਰਹਿਣ ਕਾਰਨ ਅਨਾਜ ਮੰਡੀ ਰੋਡ, ਕੱਚਾ ਕਾਲਜ ਰੋਡ, ਪਟੇਲ ਨਗਰ, 16 ਏਕੜ, ਵਾਰਡ ਨੰਬਰ 8 ਅਤੇ ਵਾਰਡ ਨੰਬਰ 9 ਦਾ ਸਮੁੱਚਾ ਖੇਤਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਇਨ੍ਹਾਂ ਖੇਤਰਾਂ ਦੇ ਘਰਾਂ ਵਿਚ ਪਾਣੀ ਦੀ ਸਪਲਾਈ ਪੂਰੀ ਤਰ੍ਹਾਂ ਠੱਪ ਰਹੀ, ਜਿਸ ਕਾਰਨ ਲੋਕਾਂ ਦੇ ਰੋਜ਼ਾਨਾ ਦੇ ਕੰਮਕਾਜ ਵੀ ਰੁਕ ਗਏ। ਕੌਂਸਲਰ ਨਰਿੰਦਰ ਗਰਗ ਨੀਟਾ ਨੇ ਦੱਸਿਆ ਕਿ ਉਨ੍ਹਾਂ ਦੇ ਵਾਰਡ ਦੇ ਨਿਵਾਸੀਆਂ ਨੇ ਸ਼ਿਕਾਇਤ ਕੀਤੀ ਕਿ ਕੱਲ੍ਹ ਤੋਂ ਘਰਾਂ ਵਿਚ ਪਾਣੀ ਦੀ ਇਕ ਬੂੰਦ ਵੀ ਨਹੀਂ



ਆਈ। ਜਦੋਂ ਉਨ੍ਹਾਂ ਨੇ ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਸਬੰਧਿਤ ਵਿਭਾਗ ਦੇ ਅਧਿਕਾਰੀਆਂ ਨਾਲ ਸੰਪਰਕ ਕੀਤਾ ਤਾਂ ਪਤਾ ਲੱਗਿਆ ਕਿ ਇਹ ਟਿਊਬਵੈੱਲ 15 ਅਪ੍ਰੈਲ ਨੂੰ ਸਵੇਰੇ 9 ਵਜੇ ਤੋਂ ਹੀ ਬੰਦ ਕਰਵਾਏ ਹੋਏ ਸਨ। ਉਨ੍ਹਾਂ ਰੋਸ ਜ਼ਾਹਰ ਕਰਦਿਆਂ ਕਿਹਾ ਕਿ ਇੰਨੀ ਭਿਆਨਕ ਗਰਮੀ ਵਿਚ ਪਾਣੀ ਦੀ ਸਪਲਾਈ ਬੰਦ ਕਰਨਾ ਲੋਕਾਂ ਨਾਲ ਸਰਾਸਰ ਬੇਇਨਸਾਫ਼ੀ ਹੈ। ਨਰਿੰਦਰ ਨੀਟਾ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੇ ਐਸ.ਡੀ.ਓ. ਸੀਵਰੇਜ ਬੋਰਡ ਨੂੰ ਸਖ਼ਤ ਲਹਿਜ਼ੇ ਵਿਚ ਵਾਰਡ ਨਿਵਾਸੀਆਂ ਸਮੇਤ ਦਫ਼ਤਰ ਅੱਗੇ ਧਰਨੇ ’ਤੇ ਬੈਠਣ ਦੀ ਚਿਤਾਵਨੀ ਦਿੱਤੀ ਤਾਂ ਵਿਭਾਗ ਹਰਕਤ ਵਿਚ ਆਇਆ। ਇਸ ਚਿਤਾਵਨੀ ਤੋਂ ਬਾਅਦ ਅੱਜ ਟਿਊਬਵੈੱਲ ਚਾਲੂ ਕੀਤੇ ਗਏ ਅਤੇ ਪਾਣੀ ਦੀ ਸਪਲਾਈ ਮੁੜ ਸ਼ੁਰੂ ਹੋ ਸਕੀ। ਨਗਰ ਕੌਂਸਲਰ ਨੀਟਾ ਗਰਗ ਅਤੇ ਮੱਖਣ ਸ਼ਰਮਾ ਨੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਕੀਤੀ ਜਾਵੇ। ਉਨ੍ਹਾਂ ਸਵਾਲ ਉਠਾਇਆ ਕਿ ਕਿਸ ਅਧਿਕਾਰੀ ਦੇ ਆਦੇਸ਼ਾਂ ’ਤੇ 25 ਘੰਟੇ ਪਾਣੀ ਦੀ ਸਪਲਾਈ ਬੰਦ ਰੱਖੀ ਗਈ? ਉਨ੍ਹਾਂ ਮੰਗ ਕੀਤੀ ਕਿ ਜ਼ਿੰਮੇਵਾਰ ਅਧਿਕਾਰੀ ਦੀ ਸ਼ਨਾਖਤ ਕਰਕੇ ਉਸ ਵਿਰੁੱਧ ਬਣਦੀ ਵਿਭਾਗੀ ਕਾਰਵਾਈ ਕੀਤੀ ਜਾਵੇ ਤਾਂ ਜੋ ਭਵਿੱਖ ਵਿਚ ਅਜਿਹੀ ਲਾਪਰਵਾਹੀ ਦੁਬਾਰਾ ਨਾ ਹੋਵੇ।

## ਪਤਨੀ ਨੇ ਸਾੜ੍ਹੀ ਦੀ ਬਜਾਏ ਪਹਿਨੀ ’ਨਾਈਟ ਡਰੈੱਸ’

ਬੇਲਗਾਵੀ 24 ਅਪ੍ਰੈਲ। ਕਰਨਾਟਕ ਦੇ ਬੇਲਗਾਵੀ ਜ਼ਿਲ੍ਹੇ ’ਚ ਇਕ ਵਿਅਕਤੀ ਨੇ ਆਪਣੀ ਪਤਨੀ ਦੇ ਸਾੜ੍ਹੀ ਦੀ ਬਜਾਏ ’ਨਾਈਟ ਡਰੈੱਸ’ ਪਹਿਨਣ ’ਤੇ ਇਤਰਾਜ਼ ਜਤਾਉਂਦੇ ਹੋਏ ਉਸ ਨੂੰ ਅੱਗ ਦੇ ਹਵਾਲੇ ਕਰ ਦਿੱਤਾ। ਪੁਲਸ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਇਹ ਘਟਨਾ ਮੰਗਲਵਾਰ ਰਾਤ ਖਾਨਾਪੁਰ ਤਾਲੁਕਾ ਦੇ ਨੰਦਗੜ੍ਹ ਪਿੰਡ ’ਚ ਹੋਈ। ਪੁਲਸ ਅਨੁਸਾਰ, ਦੋਸ਼ੀ ਕ੍ਰਿਸ਼ਨਾ ਪਾਟਿਲ (34) ਨੂੰ ਆਪਣੀ 32 ਸਾਲਾ ਪਤਨੀ ਮੰਜੁਲਾ ਪਾਟਿਲ ਦੇ ਘਰ ’ਚ ’ਨਾਈਟ ਡਰੈੱਸ’ ਪਹਿਨਣ ’ਤੇ ਇਤਰਾਜ਼ ਸੀ ਅਤੇ ਉਹ ਹਮੇਸ਼ਾ ਇਸ ਮੁੱਦੇ ’ਤੇ ਬਹਿਸ ਕਰਦਾ ਸੀ। ਪੁਲਸ ਨੇ ਦੱਸਿਆ ਕਿ ਇਸੇ ਗੱਲ ਨੂੰ ਲੈ ਕੇ ਜੋੜੇ ਵਿਚਾਲੇ ਬਹਿਸ ਹੋਈ, ਜਿਸ ਤੋਂ ਬਾਅਦ ਦੋਸ਼ੀ ਨੇ ਆਪਣੀ ਪਤਨੀ ’ਤੇ ਮਿੱਟੀ ਦਾ ਤੇਲ ਛਿੜਕ ਕੇ ਉਸ ਨੂੰ ਅੱਗ ਲਗਾ ਦਿੱਤੀ। ਪੁਲਸ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਔਰਤ ਕਰੀਬ 80 ਫੀਸਦੀ ਝੁਲਸ ਗਈ ਹੈ। ਪਹਿਲਾਂ ਉਸ ਨੂੰ ਬੇਲਗਾਵੀ ਆਯੁਰਵਿਗਿਆਨ ਸੰਸਥਾ ’ਚ ਦਾਖ਼ਲ ਕਰਵਾਇਆ ਗਿਆ ਸੀ ਪਰ ਹਾਲਤ ਗੰਭੀਰ ਹੋਣ ਤੋਂ ਬਾਅਦ ਉਸ ਨੂੰ ਬਿਹਤਰ ਇਲਾਜ ਲਈ ਗੋਆ ਦੇ ਇਕ ਹਸਪਤਾਲ ’ਚ ਰੈਫਰ ਕਰ ਦਿੱਤਾ ਗਿਆ। ਪੁਲਸ ਨੇ ਕਿਹਾ ਕਿ ਇਸ ਸੰਬੰਧ ’ਚ ਨੰਦਗੜ੍ਹ ਥਾਣੇ ’ਚ ਮਾਮਲਾ ਦਰਜ ਕਰ ਕੇ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪੁਲਸ ਅਨੁਸਾਰ, ਮਾਮਲੇ ਦੀ ਜਾਂਚ ਜਾਰੀ ਹੈ।

## ਨੌਜਵਾਨ ’ਤੇ ਦਿਨ ਦਿਹਾੜੇ ਹਮਲਾ, ਜ਼ਬਰਦਸਤੀ ਕਾਰ ‘ਚ ਲੈ ਗਏ, ਜਖਮੀ ਹਾਲਤ ‘ਚ ਸੁੱਟਿਆ

ਭਵਾਨੀਗੜ੍ਹ, 24 ਅਪ੍ਰੈਲ। ਨੇੜਲੇ ਪਿੰਡ ਨਰਾਇਣਗੜ੍ਹ ਵਿਚ ਐਤਵਾਰ ਸ਼ਾਮ ਇਕ ਸੰਸਨੀਖੇਜ਼ ਵਾਰਦਾਤ ਸਾਹਮਣੇ ਆਈ, ਜਿੱਥੇ ਮੋਟਰਸਾਈਕਲ ਸਵਾਰ ਇੱਕ ਨੌਜਵਾਨ ਨੂੰ ਤਿੰਨ ਕਾਰਾਂ ’ਚ ਸਵਾਰ ਹੋ ਕੇ ਆਏ ਡੇਢ ਦਰਜਨ ਦੇ ਕਰੀਬ ਬਦਮਾਸ਼ਾਂ ਨੇ ਘੇਰ ਕੇ ਬੇਰਹਿਮੀ ਨਾਲ ਕੁੱਟਮਾਰ ਕੀਤੀ ਤੇ ਕੁੱਟਮਾਰ ਪਿੱਛੋਂ ਨੌਜਵਾਨ ਨੂੰ ਆਪਣੇ ਨਾਲ ਕਾਰ ਵਿਚ ਡੱਕ ਕੇ ਲੈ ਗਏ। ਪਿੰਡ ਦੇ ਸਰਪੰਚ ਨੇ ਘਟਨਾ ਦੀ ਪੁਸ਼ਟੀ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪਿੰਡ ਦੀ ਸਰਪੰਚ ਮਨਜਿੰਦਰ ਕੌਰ ਦੇ ਪਤੀ ਹਮੀਰ ਸਿੰਘ ਨੇ ਦੱਸਿਆ ਕਿ ਉਕਤ ਘਟਨਾ ਅੱਜ ਸ਼ਾਮ ਕਰੀਬ 4 ਵਜੇ ਦੀ ਹੈ ਜਦੋਂ ਪਿੰਡ ਦਾ ਨੌਜਵਾਨ ਗੁਰਸੇਵਕ ਸਿੰਘ ਉਰਫ ਸੈਬੀ ਪੁੱਤਰ ਜਗਸੀਰ ਸਿੰਘ ਆਪਣੇ ਮੋਟਰਸਾਈਕਲ ’ਤੇ ਪਿੰਡ ਦੀ ਧਰਮਸ਼ਾਲਾ ਕੋਲ ਜਾ ਰਿਹਾ ਸੀ ਤਾਂ ਇਸ ਦੌਰਾਨ ਤਿੰਨ ਕਾਰਾਂ ਵਿਚ ਸਵਾਰ ਮਾਰੂ ਹਥਿਆਰਾਂ ਨਾਲ ਲੈਸ ਹੋ ਕੇ ਆਏ 17-18 ਬਦਮਾਸ਼ਾਂ ਨੇ ਪਹਿਲਾਂ ਨੌਜਵਾਨ ਦਾ ਰਸਤਾ ਰੋਕਿਆ ਤੇ ਫਿਰ ਉਸ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ। ਬਦਮਾਸ਼ਾਂ ਨੇ ਨੌਜਵਾਨ ਨੂੰ ਬੁਰੀ ਤਰ੍ਹਾਂ ਜਖਮੀ ਕਰਨ ਤੋਂ ਬਾਅਦ ਉਸ ਨੂੰ ਜ਼ਬਰਦਸਤੀ ਆਪਣੀ ਗੱਡੀ ਵਿਚ ਬਿਠਾ ਲਿਆ ਤੇ ਮੌਕੇ ਤੋਂ ਫਰਾਰ ਹੋ ਗਏ। ਬਾਅਦ ਵਿਚ ਪਤਾ ਲੱਗਾ ਕਿ ਹਮਲਾਵਰ ਨੌਜਵਾਨ ਨੂੰ ਗੁਜਰਾਂ ਨੇੜੇ ਜਖਮੀ ਹਾਲਤ ਵਿਚ ਸੁੱਟ ਕੇ ਭੱਜ ਗਏ। ਘਟਨਾ ਦੀ ਜਾਣਕਾਰੀ ਮਿਲਣ ’ਤੇ ਇਲਾਕੇ ਵਿਚ ਦਹਿਸ਼ਤ ਦਾ ਮਾਹੌਲ ਬਣ ਗਿਆ। ਉਧਰ ਸੂਚਨਾ ਮਿਲਦੇ ਹੀ ਘਟਨਾ ਸਥਾਨ ’ਤੇ ਪਹੁੰਚ ਕੇ ਪੁਲਸ ਨੇ ਮਾਮਲੇ ਦੀ ਗੰਭੀਰ ਨਾਲ ਜਾਂਚ ਸ਼ੁਰੂ ਕਰ ਦਿੱਤੀ। ਇਸ ਸਬੰਧੀ ਸਬ ਡਵੀਜ਼ਨ ਭਵਾਨੀਗੜ੍ਹ ਦੇ ਡੀ.ਐੱਸ.ਪੀ. ਰਾਹੁਲ ਕੌਸ਼ਲ ਨੇ ਕਿਹਾ ਕਿ ਜ਼ਖਮੀ ਨੌਜਵਾਨ ਨੂੰ ਇਲਾਜ ਲਈ ਸੰਗਰੂਰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਪੁਲਸ ਵੱਲੋਂ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ ਤੇ ਹਮਲਾਵਰਾਂ ਦੀ ਸਰਗਰਮੀ ਨਾਲ ਭਾਲ ਕੀਤੀ ਜਾ ਰਹੀ ਹੈ। ਡੀ.ਐੱਸ.ਪੀ. ਕੌਸ਼ਲ ਨੇ ਦਾਅਵਾ ਕੀਤਾ ਕਿ ਦੋਸ਼ੀਆਂ ਨੂੰ ਜਲਦੀ ਕਾਬੂ ਕਰ ਲਿਆ ਜਾਵੇਗਾ। ਘਟਨਾ ਦੇ ਪਿੱਛੇ ਦੇ ਕਾਰਨਾਂ ਦੀ ਵੀ ਗਹਿਰਾਈ ਨਾਲ ਜਾਂਚ ਕੀਤੀ ਜਾਵੇਗੀ।

## ਬਿਆਸ ਪਿੰਡ ’ਚ ਅੱਗ ਲੱਗਣ ਕਾਰਨ ਕਿਸਾਨ ਦੀ ਕਰੀਬ ਡੇਢ ਏਕੜ ਕਣਕ ਸੜ ਕੇ ਸੁਆਹ

**ਏਜੰਸੀਆਂ**

ਕਿਸ਼ਨਗੜ੍ਹ, ਅਲਾਵਲਪੁਰ 24 ਅਪ੍ਰੈਲ। ਬਿਆਸ



ਪਿੰਡ ’ਚ ਇਕ ਕਿਸਾਨ ਦੀ ਕਰੀਬ ਡੇਢ ਏਕੜ ਕਣਕ ਦੀ ਤਿਆਰ ਖੜ੍ਹੀ ਫ਼ਸਲ ਟਰਾਂਸਫਾਰਮਰ ਵਿਚੋਂ ਨਿਕਲੀ ਚੰਗਿਆੜੀ ਕਾਰਨ ਸੜ ਕੇ ਸੁਆਹ ਹੋ ਗਈ। ਇਸ ਸਬੰਧੀ ਪੀੜਤ ਕਿਸਾਨ ਜਰਨੈਲ ਸਿੰਘ ਪੁੱਤਰ ਅਜੀਤ ਸਿੰਘ ਨਿਵਾਸੀ ਬਿਆਸ ਪਿੰਡ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਹੀ ਪਿੰਡ ਦੇ ਇਕ ਕਿਸਾਨ ਪਰਸ਼ੋਤਮ ਸਿੰਘ ਪੁੱਤਰ ਚਰਨ ਸਿੰਘ ਪਾਸੋਂ ਕਰੀਬ ਢਾਈ ਏਕੜ ਜ਼ਮੀਨ ਠੇਕੇ ’ਤੇ ਲਈ ਹੋਈ ਸੀ, ਜਿਸ ’ਚ ਉਸ ਨੇ ਕਣਕ ਬੀਜੀ ਹੋਈ ਹੈ। ਬੀਤੇ ਦਿਨ ਕਰੀਬ 12 ਕੁ ਵਜੇ ਖੇਤਾਂ ਦੇ ਨਜ਼ਦੀਕ ਲੱਗਿਆ ਟਰਾਂਸਫਾਰਮਰ, ਜਿਸ ਦੀ ਸਪਲਾਈ ਇਕ ਹਾਈਵੇਅ ’ਤੇ ਬਣੀ ਗੱਡੀਆਂ ਦੀ ਏਜੰਸੀ ਨੂੰ ਜਾਂਦੀ ਹੈ, ਵਿਚੋਂ ਸਪਾਰਕਿੰਗ ਹੋਣ ਕਾਰਨ ਕਣਕ ਦੀ ਖੜ੍ਹੀ ਫ਼ਸਲ ਨੂੰ ਅੱਗ ਲੱਗ ਗਈ। ਕਣਕ ਦੀ ਫ਼ਸਲ ਨੂੰ ਅੱਗ ਲੱਗੀ ਵੇਖ ਨਜ਼ਦੀਕੀ ਏਜੰਸੀ ਵਾਲਿਆਂ ਅਤੇ ਪਿੰਡ ਵਾਸੀਆਂ ਵੱਲੋਂ ਬਹਾਦਰੀ ਵਿਖਾਉਂਦੇ ਹੋਏ ਕਾਫ਼ੀ ਜਦੋ-ਜ਼ਹਿਦ ਉਪਰੰਤ ਅੱਗ ’ਤੇ ਕਾਬੂ ਪਾਇਆ ਗਿਆ। ਪੀੜਤ ਕਿਸਾਨ ਜਰਨੈਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਕਰੀਬ ਡੇਢ ਏਕੜ ਕਣਕ ਦੀ ਬਿਲਕੁਲ ਪੱਕੀ ਹੋਈ ਖੜ੍ਹੀ ਫ਼ਸਲ ਸੜ ਕੇ ਸੁਆਹ ਹੋ ਗਈ। ਪੀੜਤ ਕਿਸਾਨ ਜਰਨੈਲ ਸਿੰਘ ਨੇ ਮਹਿਕਮਾ ਪਾਵਰਕਾਮ ਪਾਸੋਂ ਪਰ ਜ਼ੋਰ ਮੰਗ ਕੀਤੀ ਹੈ ਕਿ ਉਸ ਦੇ ਖੇਤਾਂ ’ਚੋਂ ਬਾਹਰ ਕੱਢਿਆ ਜਾਵੇ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋ ਉਸ ਨੂੰ ਸਰਕਾਰੀ ਰਾਹਤ ਫੰਡਾਂ ’ਚੋਂ ਆਰਥਿਕ ਸਹਾਇਤਾ ਕੀਤੀ ਜਾਵੇ ਤਾਂ ਜੋ ਆਪਣੇ ਪਰਿਵਾਰ ਲਈ ਸਾਲ ਭਰ ਦੀ ਰੋਜ਼ੀ-ਰੋਟੀ ਦਾ ਪ੍ਰਬੰਧ ਕਰ ਸਕਾ।

## ਪੰਜਾਬ ਦੇ ਲੱਖਾਂ ਰਾਸ਼ਨ ਕਾਰਡ ਧਾਰਕਾਂ ਲਈ ਵੱਡੀ ਖ਼ੁਸ਼ਖ਼ਬਰੀ, ਮੁਫ਼ਤ ਕਣਕ ਨੂੰ ਲੈ ਕੇ ਵਿਭਾਗ ਨੇ ਲਿਆ ਨਵਾਂ ਫ਼ੈਸਲਾ

**ਕੌਮੀ ਪਤ੍ਰਿਕਾ**

ਲੁਧਿਆਣਾ 24 ਅਪ੍ਰੈਲ। ਪੰਜਾਬ ਸਰਕਾਰ ਦੇ ਖ਼ੁਰਾਕ ਅਤੇ ਸਿਵਲ ਸਪਲਾਈ ਵਿਭਾਗ ਨੇ ਰਾਸ਼ਨ ਕਾਰਡ ਧਾਰਕਾਂ ਦੇ ਹਿੱਸੇ ਦੀ ਕਣਕ ’ਚ ਹੋ ਰਹੀ ਕਾਲਾਬਾਜ਼ਾਰੀ ਤੇ ਗੋਲਮਾਲ ਨੂੰ ਜੜ੍ਹੋਂ ਖ਼ਤਮ ਕਰਨ ਲਈ ਇੱਕ ਬਹੁਤ ਹੀ ਮਹੱਤਵਪੂਰਨ ਅਤੇ ਨਵੀਨਤਮ ਕਦਮ ਚੁੱਕਿਆ ਹੈ। ਵਿਭਾਗ ਵੱਲੋਂ ਚਲਾਈ ਗਈ ‘ਸੁਧਾਰ-2’ ਯੋਜਨਾ ਤਹਿਤ ਹੁਣ ਸਾਰੇ ਲਾਭਪਾਤਰ ਪਰਿਵਾਰਾਂ ਦੇ ਆਧਾਰ ਕਾਰਡਾਂ ਨੂੰ ਉਨ੍ਹਾਂ ਦੇ ਰਜਿਸਟਰਡ ਮੋਬਾਇਲ ਨੰਬਰਾਂ ਨਾਲ ਲਿੰਕ ਕੀਤਾ ਜਾ ਰਿਹਾ ਹੈ। ਇਸ ਪ੍ਰਕਿਰਿਆ ਦਾ ਮੁੱਖ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਸਰਕਾਰ ਵੱਲੋਂ ਭੇਜਿਆ ਰਾਸ਼ਨ ਸਹੀ ਹੱਥਾਂ ਤੱਕ ਪਹੁੰਚ ਸਕੇ। ਜਾਣਕਾਰੀ ਅਨੁਸਾਰ ਨਵੇਂ ਸਮਾਰਟ ਰਾਸ਼ਨ ਕਾਰਡਾਂ ਨੂੰ ਕਿਊ. ਆਰ. ਕੋਡ ਨਾਲ ਲੈਸ ਕੀਤਾ ਜਾਵੇਗਾ। ਹੁਣ ਜਦੋਂ ਵੀ ਕੋਈ ਲਾਭਪਾਤਰ ਰਾਸ਼ਨ ਡਿਪੂ ’ਤੇ ਕਣਕ ਲੈਣ ਜਾਵੇਗਾ ਤਾਂ ਪੁਰਾਣੀ ਫਿੰਗਰਪ੍ਰਿੰਟ ਪ੍ਰਣਾਲੀ ਦੀ ਬਜਾਏ ਉਸ ਦੇ ਕਾਰਡ ਦਾ ਕਿਊ. ਆਰ. ਕੋਡ ਸਕੈਨ ਕੀਤਾ ਜਾਵੇਗਾ। ਜਿਵੇਂ ਹੀ ਡਾਟਾ ਸਕੈਨ ਹੋਵੇਗਾ, ਲਾਭਪਾਤਰ ਦੇ ਰਜਿਸਟਰਡ ਮੋਬਾਇਲ ਨੰਬਰ ’ਤੇ ਤੁਰੰਤ ਇੱਕ ਮੈਸੇਜ ਪ੍ਰਾਪਤ ਹੋਵੇਗਾ। ਇਸ ਮੈਸੇਜ ’ਚ ਸਪੱਸ਼ਟ ਰੂਪ ’ਚ ਦੱਸਿਆ ਜਾਵੇਗਾ ਕਿ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਤਹਿਤ ਉਸ ਦੇ ਪਰਿਵਾਰ ਦੇ ਕਿੰਨੇ ਮੈਂਬਰਾਂ ਦੇ ਹਿੱਸੇ ਦੀ ਕਿੰਨੀ ਕਣਕ ਜਾਰੀ ਕੀਤੀ ਗਈ ਹੈ। ਵਿਭਾਗ ਦੇ ਧਿਆਨ ’ਚ ਆਇਆ ਸੀ ਕਿ ਕਈ ਰਾਸ਼ਨ ਡਿਪੂ ਹੋਲਡਰ ਕਾਰਡਧਾਰੀਆਂ ਨੂੰ ਇਹ ਕਹਿ ਕੇ ਗੁੰਮਰਾਹ ਕਰਦੇ ਸਨ ਕਿ ਵਿਭਾਗ ਵੱਲੋਂ ਸਾਰੇ ਮੈਂਬਰਾਂ ਦਾ ਰਾਸ਼ਨ ਨਹੀਂ ਭੇਜਿਆ ਗਿਆ ਜਾਂ ਈ-ਕੇ. ਵਾਈ. ਸੀ. ਨਾ ਹੋਣ ਕਾਰਨ ਕੁੱਝ ਮੈਂਬਰਾਂ ਦੇ



ਨਾਮ ਕੱਟ ਦਿੱਤੇ ਗਏ ਹਨ। ਇਸ ਬਹਾਨੇ ਨਾਲ ਡਿਪੂ ਹੋਲਡਰ ਕਣਕ ਦੀ ਕਾਲਾਬਜ਼ਾਰੀ ਕਰਦੇ ਸਨ ਪਰ ਹੁਣ ਮੋਬਾਇਲ ’ਤੇ ਮੈਸੇਜ ਆਉਣ ਕਾਰਨ ਲਾਭਪਾਤਰ ਨੂੰ ਆਪਣੇ ਹੱਕਾਂ ਦੀ ਪੂਰੀ ਜਾਣਕਾਰੀ ਹੋਵੇਗੀ, ਜਿਸ ਨਾਲ ਮੁਨਾਫਾਖੋਰੀ ਦੀ ਖੇਡ ’ਤੇ ਸਖ਼ਤ ਲਗਾਮ ਲੱਗੇਗੀ। ਖ਼ੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਕੰਟਰੋਲਰ ਲਖਬੀਰ ਸਿੰਘ ਸੰਧੂ ਤੇ ਸਰਤਾਜ ਸਿੰਘ ਚੀਮਾ ਨੇ ਦੱਸਿਆ ਕਿ ਪੰਜਾਬ ਭਰ ’ਚ ਕਰੀਬ 95 ਫ਼ੀਸਦੀ ਈ- ਕੇ. ਵਾਈ. ਸੀ. ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਉਨ੍ਹਾਂ ਸਖ਼ਤ ਸ਼ਬਦਾਂ ’ਚ ਚਿਤਾਵਨੀ ਦਿੱਤੀ ਕਿ ਗਰੀਬਾਂ ਦੇ ਹਿੱਸੇ ਦੀ ਕਣਕ ਦਾ ਇੱਕ-ਇੱਕ ਦਾਣਾ ਉਨ੍ਹਾਂ ਦੀ ਅਮਾਨਤ ਹੈ ਅਤੇ ਜੋ ਕੋਈ ਵੀ ਇਸ ਵਿੱਚ ਹੇਰਾ-ਫੇਰੀ ਕਰਨ ਦੀ ਕੋਸ਼ਿਸ਼ ਕਰੇਗਾ, ਉਸ ਖ਼?ਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

### ਪਾਣੀ ਨੂੰ ਰਣਨੀਤਕ ਹਥਿਆਰ ਵਜੋਂ ਵਰਤਣ ਦਾ ਫੈਸਲਾ

ਨਵੀਂ ਦਿੱਲੀ 24 ਅਪ੍ਰੈਲ। ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਨੇ ਸਿੰਧ ਜਲ ਸੰਧੀ ਨੂੰ ਮੁਲਤਵੀ ਰੱਖ ਕੇ ਆਪਣੀ ਰਣਨੀਤੀ ਵਿੱਚ ਇਤਿਹਾਸਕ ਬਦਲਾਅ ਕੀਤਾ ਹੈ। ਹੁਣ ਪਾਣੀ ਨੂੰ ਪਾਕਿਸਤਾਨ ਲਈ ਇੱਕ ਗਾਰੰਟੀਸ਼ੁਦਾ ਹੱਕ ਦੀ ਬਜਾਏ ਸਰਹੱਦ ਪਾਰਲੇ ਅੱਤਵਾਦੀ ਹਮਲਿਆਂ ਨੂੰ ਰੋਕਣ ਲਈ ਇੱਕ ਸ਼ਰਤਬੱਧ ਰਣਨੀਤਕ ਹਥਿਆਰ ਵਜੋਂ ਵਰਤਿਆ ਜਾਵੇਗਾ। ਭਾਰਤ ਨੇ ਪਾਣੀ ਨੂੰ ਸੁਰੱਖਿਆ ਅਤੇ ਆਰਥਿਕਤਾ ਨਾਲ ਜੋੜ ਕੇ ਪਾਕਿਸਤਾਨ ਦੀ ਖੇਤੀਬਾੜੀ ਅਤੇ ਊਰਜਾ ਸਥਿਰਤਾ ’ਤੇ ਸਿੱਧਾ ਦਬਾਅ ਵਧਾ ਦਿੱਤਾ ਹੈ। ਇਸ ਫੈਸਲੇ ਨਾਲ ਭਾਰਤ ਨੂੰ ਆਪਣੀਆਂ ਵਧਦੀਆਂ ਲੋੜਾਂ ਅਤੇ ਜਲਵਾਯੂ ਚੁਣੌਤੀਆਂ ਨਾਲ ਨਜਿੱਠਣ ਲਈ ਵਧੇਰੇ ਲਚਕਤਾ ਮਿਲੇਗੀ। ਅੰਤਰਰਾਸ਼ਟਰੀ ਕਾਨੂੰਨਾਂ ਤਹਿਤ ਇਸ ਕਦਮ ਨੂੰ ਜਾਇਜ਼ ਠਹਿਰਾਉਂਦਿਆਂ ਭਾਰਤ ਨੇ ਸਪੱਸ਼ਟ ਕੀਤਾ ਹੈ ਕਿ ਪੁਰਾਣੀ ਵਿਵਸਥਾ ਵਿੱਚ ਬਿਨਾਂ ਕਿਸੇ ਬਦਲਾਅ ਦੇ ਵਾਪਸੀ ਹੁਣ ਸੰਭਵ ਨਹੀਂ ਹੈ।